@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Qaumi Patrika NO.1**

**Punjabi National Daily**

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 7 July 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 7 ਜੁਲਾਈ 2024, 23 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 231, qpatrika@gmail.com ਫੋਨ : 9971359517 www.qaumipatrika.org

## ਲਾਲੂ ਪ੍ਰਸਾਦ ਦਾ ਦਾਅਵਾ- ਅਗਸਤ ਮਹੀਨੇ 'ਚ ਡਿੱਗ ਸਕਦੀ ਹੈ ਮੋਦੀ ਸਰਕਾਰ

ਪਟਨਾ 6 ਜੁਲਾਈ। ਰਾਸ਼ਟਰੀ ਜਨਤਾ ਦਲ (ਰਾਜਦ) ਮੁਖੀ ਲਾਲੂ ਪ੍ਰਸਾਦ ਨੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਕਮਜ਼ੋਰ' ਹੈ ਅਤੇ ਅਗਲੇ ਮਹੀਨੇ ਦੀ ਸ਼ੁਰੂਆਤ 'ਚ ਡਿੱਗ ਸਕਦੀ ਹੈ। ਲਾਲੂ ਨੇ ਰਾਜਦ ਦੇ ਸਥਾਪਨਾ ਦਿਵਸ ਮੌਕੇ ਆਯੋਜਿਤ ਇਕ ਪ੍ਰੋਗਰਾਮ 'ਚ ਇਹ ਦਾਅਵਾ ਕੀਤਾ। ਪਾਰਟੀ ਦੇ 28 ਸਾਲ ਪੂਰੇ ਹੋਣ ਮੌਕੇ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਲਾਲੂ ਪ੍ਰਸਾਦ ਨੇ ਕਿਹਾ,"ਮੋਦੀ ਸਰਕਾਰ ਕਮਜ਼ੋਰ ਹੈ। ਇਹ ਕਦੇ ਵੀ ਡਿੱਗ ਸਕਦੀ ਹੈ। ਇਹ ਅਗਸਤ 'ਚ ਡਿੱਗ ਸਕਦੀ ਹੈ।" ਇਸ ਦੌਰਾਨ ਲਾਲੂ ਦੇ ਛੋਟੇ ਬੇਟੇ ਅਤੇ ਸਾਬਕਾ ਉੱਪ ਮੁੱਖ ਮੰਤਰੀ ਤੇਜਸਵੀ ਯਾਦਵ ਵੀ ਮੌਜੂਦ ਸਨ। ਲਾਲੂ ਨੇ ਪਾਰਟੀ



ਵਰਕਰਾਂ ਤੋਂ ਅਜਿਹੀ ਕਿਸੇ ਵੀ ਸਥਿਤੀ ਲਈ ਤਿਆਰ ਰਹਿਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਹਾਲ ਦੀਆਂ ਲੋਕ ਸਭਾ ਚੋਣਾਂ 'ਚ ਰਾਜਦ ਨੇ 5 ਸਾਲ ਪਹਿਲੇ ਦੀ ਤੁਲਨਾ 'ਚ ਆਪਣੀਆਂ ਸੀਟਾਂ ਦੀ ਗਿਣਤੀ ਅਤੇ ਵੋਟ ਫੀਸਦੀ 'ਚ ਸੁਧਾਰ ਕੀਤਾ ਹੈ। ਲਾਲੂ ਨੇ ਕਿਹਾ,"ਅਸੀਂ ਕਾਫੀ ਸਮੇਂ ਤੋਂ ਬਿਹਾਰ ਵਿਧਾਨ ਸਭਾ 'ਚ ਸਭ ਤੋਂ ਵੱਡੀ ਪਾਰਟੀ ਰਹੇ ਹਾਂ। ਕਈ ਹੋਰ ਪਾਰਟੀਆਂ ਦੇ ਉਲਟ ਅਸੀਂ ਕਦੇ ਵਿਚਾਰਧਾਰਾ ਨਾਲ ਸਮਝੌਤਾ ਨਹੀਂ ਕੀਤਾ।" ਉਨ੍ਹਾਂ ਨੇ ਇਹ ਟਿੱਪਣੀ ਅਜਿਹੇ ਸਮੇਂ ਕੀਤੀ, ਜਦੋਂ ਰਾਸ਼ਟਰੀ ਜਨਤਾਂਤਰਿਕ ਗਠਜੋੜ (ਰਾਜਗ) ਦੇ ਜ਼ਿਆਦਾਤਰ ਨੇਤਾ ਭਾਜਪਾ ਦੇ ਇਕ ਪ੍ਰੋਗਰਾਮ 'ਚ ਸਨ, ਜਿੱਥੇ ਬਿਹਾਰ ਤੋਂ ਨਵੇਂ ਚੁਣੇ ਕੇਂਦਰੀ ਮੰਤਰੀਆਂ ਨੂੰ ਸਨਮਾਨਤ ਕੀਤਾ ਜਾ ਰਿਹਾ ਸੀ।

## 23 ਜੁਲਾਈ ਨੂੰ ਆਵੇਗਾ ਦੇਸ਼ ਦਾ ਬਜਟ, ਲੋਕਾਂ ਨੂੰ ਮਿਲ ਸਕਦਾ ਹੈ ਵੱਡਾ ਤੋਹਫ਼ਾ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 6 ਜੁਲਾਈ। ਆਗਾਮੀ ਬਜਟ ਸੈਸਨ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸੰਸਦ ਦਾ ਬਜਟ ਸੈਸਨ 22 ਜੁਲਾਈ ਤੋਂ ਸੁਰੂ ਹੋ ਰਿਹਾ ਹੈ, ਜੋ 12 ਅਗਸਤ ਤੱਕ ਚੱਲੇਗਾ। ਸੰਸਦ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਇਸ ਦੀ ਜਾਣਕਾਰੀ ਸੋਸਲ ਮੀਡੀਆ ਪਲੇਟਫਾਰਮ 'ਤੇ ਇਕ ਪੋਸਟ ਰਾਹੀਂ ਦਿੱਤੀ ਹੈ। ਰਾਸਟਰਪਤੀ ਦ੍ਰੋਪਦੀ ਮੁਰਮੂ ਨੇ ਕੇਂਦਰ ਸਰਕਾਰ ਦੀ ਸਿਫਾਰਿਸ ਨੂੰ ਮਨਜੂਰੀ ਦੇ ਦਿੱਤੀ ਹੈ। 22 ਜੁਲਾਈ ਤੋਂ ਸ਼ੁਰੂ ਹੋ ਰਿਹਾ ਬਜਟ ਸੈਸ਼ਨ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਪੇਸ਼ ਕੀਤਾ ਜਾਵੇਗਾ। ਇਹ ਉਹਨਾਂ ਦਾ 7ਵਾਂ ਬਜਟ ਹੋਵੇਗਾ। ਦੱਸ ਦੇਈਏ ਕਿ ਕੇਂਦਰੀ ਸੰਸਦੀ ਮਾਮਲਿਆਂ ਦੇ ਮੰਤਰੀ ਨੇ ਐਕਸ 'ਤੇ ਇਕ ਪੋਸਟ ਸਾਂਝੀ ਕਰਦੇ ਜਾਣਕਾਰੀ ਦਿੱਤੀ ਕਿ, "ਭਾਰਤ ਦੇ ਮਾਣਯੋਗ ਰਾਸ਼ਟਰਪਤੀ ਨੇ ਭਾਰਤ ਸਰਕਾਰ ਦੀ ਸਿਫਾਰਸ 'ਤੇ ਬਜਟ ਸੈਸ਼ਨ 2024 ਲਈ 22 ਜੁਲਾਈ 2024 ਤੋਂ 12 ਅਗਸਤ 2024 ਤੱਕ ਸੰਸਦ ਦੇ ਦੋਵੇਂ ਸਦਨਾਂ ਦੀ ਬੈਠਕ ਬੁਲਾਉਣ ਦੇ ਪ੍ਰਸਤਾਵ ਨੂੰ ਮਨਜੂਰੀ ਦੇ ਦਿੱਤੀ ਹੈ। ਕੇਂਦਰੀ ਬਜਟ 2024-25 ਤਾਰੀਖ 23 ਜੁਲਾਈ 2024 ਨੂੰ ਲੋਕ ਸਭਾ ਵਿੱਚ ਪੇਸ ਕੀਤਾ ਜਾਵੇਗਾ।" ਇਸ ਸਾਲ ਅਪ੍ਰੈਲ ਅਤੇ ਮਈ 'ਚ ਲੋਕ ਸਭਾ ਚੋਣਾਂ ਹੋਣੀਆਂ ਸਨ। ਇਸ ਲਈ ਸਰਕਾਰ ਨੇ 1 ਫਰਵਰੀ ਨੂੰ ਅੰਤਰਿਮ ਬਜਟ ਪੇਸ ਕੀਤਾ ਸੀ। ਸਰਕਾਰ ਨੇ ਬਜਟ ਗਰੀਬਾਂ, ਔਰਤਾਂ, ਨੌਜਵਾਨਾਂ ਅਤੇ ਕਿਸਾਨਾਂ 'ਤੇ ਕੇਂਦਰਿਤ ਕੀਤਾ ਸੀ। ਇਸ ਵਾਰ ਦੇ ਬਜਟ 'ਚ ਉਮੀਦ ਜਤਾਈ ਜਾ ਰਹੀ ਹੈ ਕਿ ਮੋਦੀ ਸਰਕਾਰ 3.0 ਸਰਕਾਰ ਦੇ ਵਿਕਸਿਤ ਭਾਰਤ ਦੇ ਮਿਸਨ 'ਤੇ ਜੋਰ ਦਿੱਤਾ ਜਾਵੇਗਾ। ਕੇਂਦਰ ਵਿਚ ਤੀਸਰੀ ਵਾਰ ਮੋਦੀ ਦੀ ਸਰਕਾਰ ਬਣ ਗਈ ਹੈ। ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦਾ ਇਹ ਪਹਿਲਾ ਬਜਟ ਹੋਵੇਗਾ। ਇਸ ਤੋਂ ਪਹਿਲਾਂ ਸੰਸਦ ਦੇ ਦੋਵੇਂ ਸੈਸਨਾਂ ਨੂੰ ਸੰਬੋਧਨ ਕਰਦੇ ਹੋਏ ਰਾਸਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਸੀ ਕਿ ਆਉਣ ਵਾਲੇ ਬਜਟ 2024-25 'ਚ ਕਈ ਇਤਿਹਾਸਕ ਕਦਮ ਚੁੱਕੇ ਜਾਣਗੇ। ਰਾਸ਼ਟਰਪਤੀ ਦੇ ਇਸ ਬਿਆਨ ਤੋਂ ਬਾਅਦ ਬਜਟ ਤੋਂ ਲੋਕਾਂ ਦੀਆਂ ਉਮੀਦਾਂ ਕਾਫੀ ਵਧ ਗਈਆਂ ਹਨ। ਲੋਕਾਂ ਨੂੰ ਲੱਗ ਰਿਹਾ ਹੈ ਕਿ ਇਸ ਵਾਰ ਮੋਦੀ 3.0 ਸਰਕਾਰ ਵਲੋਂ ਬਜਟ ਵਿਚ ਕਈ ਇਤਿਹਾਸਕ ਫੈਸਲਿਆਂ ਦੇ ਨਾਲ-ਨਾਲ ਲੋਕਾਂ ਨੂੰ ਤੋਹਫ਼ੇ ਦਿੱਤੇ ਜਾ ਸਕਦੇ ਹਨ। ਜਿਸ ਨਾਲ ਆਮ ਵਰਗ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ।



## ਭਾਰਤ ਵੀ ਸਭ ਤੋਂ ਵੱਧ ਸੋਨਾ ਰੱਖਣ ਵਾਲੇ ਚੋਟੀ ਦੇ 10 ਦੇਸ਼ਾਂ ਦੀ ਸੂਚੀ 'ਚ ਹੈ ਸ਼ਾਮਲ

ਇੰਟਰਨੈਸਨਲ ਡੈਸਕ 6 ਜੁਲਾਈ। ਸੋਨੇ ਦਾ ਭੰਡਾਰ ਕਿਸੇ ਵੀ ਦੇਸ ਲਈ ਮਹੱਤਵਪੂਰਨ ਜਾਇਦਾਦ ਹੁੰਦਾ ਹੈ ਕਿਉਂਕਿ ਇਹ ਆਰਥਿਕ ਸੰਕਟ ਦੌਰਾਨ ਆਰਥਿਕ ਸਥਿਤੀ ਬਚਾਉਣ ਵਿੱਚ ਮਦਦ ਕਰਦਾ ਹੈ। ਹਾਲ ਹੀ ਵਿੱਚ, ਭਾਰਤੀ ਰਿਜਰਵ ਬੈਂਕ (ਆਰਬੀਆਈ) ਬ੍ਰਿਟੇਨ ਤੋਂ 100 ਟਨ ਤੋਂ ਵੱਧ ਸੋਨਾ ਵਾਪਸ ਦੇਸ ਲਿਆਂਦਾ ਹੈ। ਇਸ ਕਾਰਵਾਈ ਤੋਂ ਬਾਅਦ ਸੋਨਾ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਹੈ ਕਿਉਂਕਿ ਸੋਨੇ ਦਾ ਭੰਡਾਰ ਕਿਸੇ ਵੀ ਦੇਸ ਦੀ ਆਰਥਿਕ ਸਥਿਰਤਾ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਵਰਲਡ ਆਫ ਸਟੈਟਿਸਟਿਕਸ () ਨੇ ਸੋਸਲ ਮੀਡੀਆ ਪਲੇਟਫਾਰਮ 'ਤੇ ਦੁਨੀਆ ਦੇ ਉਨ੍ਹਾਂ ਦੇਸਾਂ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਕੋਲ ਸਭ ਤੋਂ ਵੱਧ ਸੋਨੇ ਦਾ ਭੰਡਾਰ ਹੈ। ਇਸ ਸੂਚੀ ਵਿੱਚ ਟਾਪ-10 ਦੇਸਾਂ ਵਿੱਚ ਅਮਰੀਕਾ, ਜਰਮਨੀ, ਇਟਲੀ, ਫਰਾਂਸ, ਰੂਸ, ਚੀਨ, ਸਵਿਟਜਰਲੈਂਡ, ਜਾਪਾਨ, ਭਾਰਤ ਅਤੇ ਨੀਦਰਲੈਂਡ ਸਾਮਲ ਹਨ। ਅੰਕੜਿਆਂ ਦੀ ਵਿਸਵ ਸੂਚੀ ਵਿੱਚ, ਅਮਰੀਕਾ 8,133 ਟਨ ਦੇ ਸੋਨੇ ਦੇ ਭੰਡਾਰ ਨਾਲ ਪਹਿਲੇ ਸਥਾਨ 'ਤੇ ਹੈ ਜਦੋਂ ਕਿ ਜਰਮਨੀ ਕੋਲ 3,353 ਟਨ ਸੋਨਾ ਭੰਡਾਰ ਹੈ। ਇਸ ਤਰ੍ਹਾਂ ਜਰਮਨੀ ਸੋਨੇ ਦੇ ਭੰਡਾਰ ਦੇ ਮਾਮਲੇ ਵਿਚ ਦੂਜੇ ਸਥਾਨ 'ਤੇ ਹੈ। ਇਸ ਸੂਚੀ ਵਿਚ ਇਟਲੀ 2,452 ਟਨ ਸੋਨੇ ਦੇ ਭੰਡਾਰ ਨਾਲ ਤੀਜੇ ਸਥਾਨ 'ਤੇ ਹੈ ਅਤੇ ਫਰਾਂਸ 2,437 ਟਨ ਸੋਨੇ ਦੇ ਭੰਡਾਰ ਨਾਲ ਚੌਥੇ ਸਥਾਨ 'ਤੇ ਹੈ। ਵਰਤਮਾਨ ਵਿੱਚ, ਰੂਸ ਸੋਨੇ ਦੇ ਭੰਡਾਰ ਦੇ ਮਾਮਲੇ ਵਿੱਚ ਪੰਜਵੇਂ ਸਥਾਨ 'ਤੇ ਹੈ ਅਤੇ ਉਸ ਕੋਲ 2,333 ਟਨ ਸੋਨਾ ਭੰਡਾਰ ਹੈ, ਇਸ ਸੂਚੀ ਵਿੱਚ ਭਾਰਤ ਦਾ ਨਾਮ 9ਵੇਂ ਸਥਾਨ 'ਤੇ ਹੈ, ਜਦਕਿ ਨੀਦਰਲੈਂਡ 10ਵੇਂ ਸਥਾਨ 'ਤੇ ਹੈ।

## ਕੁਲਗਾਮ 'ਚ ਮੁਕਾਬਲੇ ਦੌਰਾਨ ਫੌਜ ਨੇ ਚਾਰ ਅੱਤਵਾਦੀ ਕੀਤੇ ਢੇਰ, ਇਕ ਜਵਾਨ ਸ਼ਹੀਦ

ਕੁਲਗਾਮ 6 ਜੁਲਾਈ। ਜੰਮੂ-ਕਸ਼ਮੀਰ ਦੇ ਕੁਲਗਾਮ 'ਚ ਅੱਤਵਾਦੀਆਂ ਦੇ ਨਾਲ ਹੋਏ ਮੁਕਾਬਲੇ 'ਚ ਫੌਜ ਨੇ ਚਾਰ ਅੱਤਵਾਦੀਆਂ ਨੂੰ ਢੇਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਅੱਤਵਾਦੀਆਂ ਦੇ ਨਾਲ ਮੁਕਾਬਲੇ 'ਚ ਫੌਜ ਦਾ ਇਕ ਜਵਾਨ ਸ਼ਹੀਦ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਦੋਵੇਂ ਮੁਕਾਬਲੇ ਅਜਿਹੇ ਸਮੇਂ 'ਚ ਹੋਏ ਹਨ ਜਦੋਂ ਪਿਛਲੇ ਸ਼ਨੀਵਾਰ ਨੂੰ ਅਨੰਤਨਾਗ ਜਿਲ੍ਹੇ ਦੇ ਨੁਨਵਾਨ-ਪਹਿਲਗਾਮ ਮਾਰਗ ਅਤੇ ਗੰਦੇਰਬਲ ਜ਼ਿਲ੍ਹੇ ਦੇ ਬਾਲਟਾਲ ਮਾਰਗ ਤੋਂ ਸ਼ੁਰੂ ਹੋਈ ਅਮਰਨਾਥ ਯਾਤਰਾ ਕਾਰਨ ਜੰਮੂ-ਕਸ਼ਮੀਰ 'ਚ ਸੁਰੱਖਿਆ ਵਿਵਸਥਾ ਸਖਤ ਕੀਤੀ ਗਈ ਹੈ। ਦੋਵਾਂ ਮਾਰਗਾਂ ਤੋਂ ਤੀਰਥ ਯਾਤਰੀਆਂ ਨੂੰ ਕੁਲਗਾਮ ਜਿਲ੍ਹੇ ਤੋਂ ਹੋ ਕੇ ਗੁਜਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮੁਕਾਬਲਾ ਕੁਲਗਾਮ ਦੇ ਮੋਦਰਗਾਮ ਪਿੰਡ 'ਚ ਉਸ ਸਮੇਂ ਸ਼ੁਰੂ ਹੋਇਆ ਜਦੋਂ ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਤੋਂ ਬਾਅਦ ਸੁਰੱਖਿਆ ਫੋਰਸਾਂ ਦੀਆਂ ਸਾਂਝੀਆਂ ਟੀਮਾਂ ਇਲਾਕੇ 'ਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਕਾਸੋ) ਚਲਾ ਰਹੀਆਂ ਸਨ। ਇਕ ਸੁਰੱਖਿਆ ਅਧਿਕਾਰੀ ਨੇ ਕਿਹਾ ਕਿ ਸੁਰੱਖਿਆ ਫੋਰਸਾਂ ਦੀਆਂ ਸਾਝੀਆਂ ਟੀਮਾਂ 'ਤੇ ਗੋਲੀਬਾਰੀ ਹੁੰਦੇ ਹੀ ਜਵਾਬੀ ਕਾਰਵਾਈ ਕੀਤੀ ਗਈ ਅਤੇ ਮੁਕਾਬਲਾ ਸ਼ੁਰੂ ਹੋ ਗਿਆ। ਮੁਕਾਬਲਾ ਸ਼ੁਰੂ ਹੁੰਦੇ ਹੀ ਅੱਤਵਾਦੀਆਂ ਦੀ ਗੋਲੀਬਾਰੀ 'ਚ ਇਕ ਜਵਾਨ ਗੰਭੀਰ ਰੂਮ ਨਾਲ ਜਖਮੀ ਹੋ ਗਿਆ। ਜਖਮੀ ਜਵਾਨ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੇ ਦਮ ਤੋੜ ਦਿੱਤਾ।

## ਦਿੱਲੀ, ਹਰਿਆਣਾ 'ਚ ਕਾਂਗਰਸ-ਆਪ ਵਿਚਾਲੇ ਗੱਠਜੋੜ ਦੀ ਆਸ ਟੁੱਟੀ: ਜੈਰਾਮ ਰਮੇਸ਼

ਨਵੀਂ ਦਿੱਲੀ, 6 ਜੁਲਾਈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ ਨੇ ਵੀਰਵਾਰ ਨੂੰ ਕਿਹਾ ਕਿ ਦਿੱਲੀ ਅਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਨਾਲ ਗੱਠਜੋੜ ਦੀ ਕੋਈ ਗੁੰਜਾਇਸ ਨਹੀਂ ਜਾਪਦੀ। ਹਾਲਾਂਕਿ ਮਹਾਰਾਸਟਰ ਅਤੇ ਝਾਰਖੰਡ ਦੀਆਂ ਵਿਧਾਨ ਸਭਾ ਚੋਣਾਂ 'ਚ 'ਇੰਡੀਅਨ ਨੈਸਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਬਰਕਰਾਰ ਰਹੇਗਾ। ਦਿੱਲੀ ਵਿਚ ਅਗਲੇ ਸਾਲ ਦੀ ਸੁਰੂਆਤ ਵਿਚ ਵਿਧਾਨ ਸਭਾ ਚੋਣਾਂ ਦਾ ਪ੍ਰਸਤਾਵ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਵੀ 'ਇੰਡੀਆ' ਗੱਠਜੋੜ ਬਰਕਰਾਰ ਰਹੇਗਾ, ਰਮੇਸ ਨੇ ਕਿਹਾ ਕਿ ਇਹ ਝਾਰਖੰਡ ਅਤੇ ਮਹਾਰਾਸਟਰ ਦੀਆਂ ਵਿਧਾਨ ਸਭਾ ਚੋਣਾਂ ਲਈ ਬਰਕਰਾਰ ਰਹੇਗਾ। ਪੰਜਾਬ 'ਚ 'ਗੱਠਜੋੜ' ਨਹੀਂ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਦਿੱਲੀ ਵਿਚ ਤਾਂ ਆਮ ਆਦਮੀ ਪਾਰਟੀ ਵਲੋਂ ਬਿਆਨ ਆ ਗਿਆ ਹੈ ਕਿ ਵਿਧਾਨ ਸਭਾ ਚੋਣਾਂ ਲਈ 'ਇੰਡੀਆ ਗੱਠਜੋੜ' ਨਹੀਂ ਹੋਵੇਗਾ। ਰਮੇਸ਼ ਨੇ ਕਿਹਾ ਕਿ ਮੈਂ ਪੱਛਮੀ ਬੰਗਾਲ ਦੇ ਸੰਦਰਭ ਵਿਚ ਕਿਹਾ ਸੀ ਕਿ 'ਇੰਡੀਆ ਗੱਠਜੋੜ' ਲੋਕ ਸਭਾ ਚੋਣਾਂ ਲਈ ਹੈ। ਜਿਨ੍ਹਾਂ-ਜਿਨ੍ਹਾਂ ਸੂਬਿਆਂ ਵਿਚ ਸਾਡੇ ਨੇਤਾ ਅਤੇ ਦੂਜੀਆਂ ਪਾਰਟੀਆਂ ਦੇ ਨੇਤਾ ਚਾਹੁੰਦੇ ਹਨ ਕਿ ਗੱਠਜੋੜ ਹੋਵੇ, ਉਥੇ ਗੱਠਜੋੜ ਰਹੇਗਾ।

## ਸਮੱਸਿਆਵਾਂ ਤੋਂ ਰਾਹਤ ਪਾਉਣ ਲਈ ਹਾਥਰਸ 'ਭੋਲੇ ਬਾਬਾ' ਵਰਗੇ ਲੋਕਾਂ ਦੇ ਪਾਖੰਡਾਂ 'ਚ ਨਾ ਫਸੋ: ਮਾਇਆਵਤੀ

ਲਖਨਊ 6 ਜੁਲਾਈ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਗਰੀਬਾਂ, ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਸਨੀਵਾਰ ਨੂੰ ਸਲਾਹ ਦਿੱਤੀ ਕਿ ਗਰੀਬੀ ਅਤੇ ਹੋਰ ਸਾਰੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਹਾਥਰਸ ਦੇ 'ਭੋਲੇ ਬਾਬਾ' ਵਰਗੇ ਵਿਅਕਤੀਆਂ ਦੇ ਪਾਖੰਡ ਤੋਂ ਗੁੰਮਰਾਹ ਨਾ ਹੋਵੋ। ਮਾਇਆਵਤੀ ਨੇ ਕਿਹਾ ਕਿ 'ਭੋਲੇ ਬਾਬਾ' ਸਮੇਤ ਹਾਥਰਸ ਕਾਂਡ 'ਚ ਜੋ ਵੀ ਦੋਸੀ ਹਨ, ਉਨ੍ਹਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਅਜਿਹੇ ਹੋਰ ਸਵੈ-ਘੋਸ਼ਿਤ ਬਾਬਿਆਂ ਖ਼ਿਲਾਫ



ਵੀ ਕਾਰਵਾਈ ਜਰੂਰੀ ਹੈ। ਬਸਪਾ ਮੁਖੀ ਨੇ ਸਨੀਵਾਰ ਨੂੰ 'ਐਕਸ' 'ਤੇ ਪੋਸਟਾਂ ਦੀ ਲੜੀ ਵਿੱਚ ਕਿਹਾ, "ਦੇਸ ਵਿੱਚ ਗਰੀਬਾਂ, ਦਲਿਤਾਂ ਅਤੇ ਪੀੜਤਾਂ ਆਦਿ ਨੂੰ ਆਪਣੀ ਗਰੀਬੀ ਦੂਰ ਕਰਨ ਲਈ ਹਾਥਰਸ ਦੇ 'ਭੋਲੇ ਬਾਬਾ' ਵਰਗੇ ਬਾਬਿਆਂ ਦੇ ਅੰਧਵਿਸਵਾਸ ਅਤੇ ਪਾਖੰਡ ਦੁਆਰਾ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਹੋਰ ਸਾਰੇ ਦੁੱਖ ਸਾਨੂੰ ਇੱਥੇ ਆ ਕੇ ਨਹੀਂ ਵਧਾਉਣੇ ਚਾਹੀਦੇ।" ਉਨ੍ਹਾਂ ਕਿਹਾ, "ਇਨ੍ਹਾਂ ਲੋਕਾਂ ਨੂੰ ਡਾ: ਭੀਮ ਰਾਓ ਅੰਬੇਡਕਰ ਦੇ ਦਰਸਾਏ ਮਾਰਗ 'ਤੇ ਚੱਲ ਕੇ ਸੱਤਾ ਆਪਣੇ ਹੱਥਾਂ 'ਚ ਲੈ ਕੇ ਆਪਣੀ ਕਿਸਮਤ ਆਪ ਹੀ ਬਦਲਨੀ ਪਵੇਗੀ। ਭਾਵ ਉਨ੍ਹਾਂ ਨੂੰ ਆਪਣੀ ਪਾਰਟੀ ਬਸਪਾ 'ਚ ਸਾਮਲ ਹੋਣਾ ਪਵੇਗਾ, ਤਾਂ ਹੀ ਉਹ ਹੱਥਠੋਕੇ ਵਰਗੀਆਂ ਘਟਨਾਵਾਂ ਤੋਂ ਬਚ ਸਕਦੇ ਹਨ। ਇਸ ਘਟਨਾ 'ਚ 121 ਲੋਕਾਂ ਦੀ ਮੌਤ ਹੋ ਗਈ ਹੈ, ਜੋ ਬੇਹੱਦ ਚਿੰਤਾਜਨਕ ਹੈ।" ਮੰਗਲਵਾਰ ਨੂੰ ਹਾਥਰਸ 'ਚ 'ਭੋਲੇ ਬਾਬਾ' ਦੇ ਸਤਿਸੰਗ ਦੌਰਾਨ ਮਚੀ ਭਗਦੜ 'ਚ ਕੁੱਲ 121 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ 'ਚ ਜ਼ਿਆਦਾਤਰ ਔਰਤਾਂ ਸਨ।

## ਭਲਕੇ ਹਾਥਰਸ ਜਾਣਗੇ ਰਾਹੁਲ ਗਾਂਧੀ, ਹਾਦਸੇ ਦੇ ਪੀੜਤਾਂ ਨਾਲ ਕਰਨਗੇ ਮੁਲਾਕਾਤ

ਨੈਸ਼ਨਲ ਡੈਸਕ 6 ਜੁਲਾਈ। ਕਾਂਗਰਸ ਸਾਂਸਦ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਭਲਕੇ ਯਾਨੀ ਸੁੱਕਰਵਾਰ ਸਵੇਰੇ ਹਾਥਰਸ ਜਾਣਗੇ। ਉਹ ਹਾਥਰਸ ਵਿੱਚ ਪੀੜਤਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕਰਨਗੇ। ਸੂਤਰਾਂ ਅਨੁਸਾਰ ਕਾਂਗਰਸੀ ਆਗੂ ਸੜਕ ਰਾਹੀਂ ਰਵਾਨਾ ਹੋਣਗੇ। ਇਸ ਹਫਤੇ ਦੇ ਸੁਰੂ ਵਿਚ ਹਾਥਰਸ ਵਿਚ ਇਕ ਧਾਰਮਿਕ ਸਮਾਗਮ ਵਿਚ ਮਚੀ ਭਗਦੜ ਵਿਚ 121 ਲੋਕਾਂ ਦੀ ਜਾਨ ਚਲੀ ਗਈ ਸੀ। ਮਰਨ ਵਾਲਿਆਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਾਮਲ ਹਨ। ਇਸ ਘਟਨਾ ਵਿੱਚ 'ਭੋਲੇ ਬਾਬਾ' ਉਰਫ ਨਰਾਇਣ ਸਾਕਾਰ ਹਰੀ ਵੱਲੋਂ ਇੱਕ ਪ੍ਰੋਗਰਾਮ



ਕਰਵਾਇਆ ਗਿਆ ਸੀ। ਉੱਤਰ ਪ੍ਰਦੇਸ ਪੁਲਸ ਨੇ ਵੀਰਵਾਰ ਨੂੰ ਸਮਾਗਮ ਦੀ ਪ੍ਰਬੰਧਕੀ ਕਮੇਟੀ ਨਾਲ ਜੁੜੇ ਛੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਦੀ ਅੰਦਰੂਨੀ ਜਾਂਚ ਰਿਪੋਰਟ ਵਿੱਚ ਪ੍ਰਬੰਧਨ ਅਤੇ ਸੁਰੱਖਿਆ ਪ੍ਰੋਟੋਕੋਲ ਵਿੱਚ ਗੰਭੀਰ ਖਾਮੀਆਂ ਸਾਹਮਣੇ ਆਈਆਂ ਹਨ। ਹਾਥਰਸ ਹਾਦਸੇ 'ਤੇ ਪ੍ਰੈੱਸ ਕਾਨਫਰੰਸ 'ਚ ਆਈਜੀ ਸਲਭ ਮਾਥੁਰ ਨੇ ਕਿਹਾ ਕਿ ਮੁੱਖ ਦੋਸੀ ਦੇਵ ਪ੍ਰਕਾਸ ਮਧੂਕਰ 'ਤੇ 1 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਪੁਲਸ ਨੂੰ ਜਲਦੀ ਹੀ ਅਦਾਲਤ ਤੋਂ ਉਸਦੇ ਖਿਲਾਫ ਗੈਰ ਜਮਾਨਤੀ ਵਾਰੰਟ ਜਾਰੀ ਕੀਤਾ ਜਾਵੇਗਾ। ਆਈਜੀ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਭੋਲੇ ਬਾਬਾ ਤੋਂ ਪੁੱਛਗਿੱਛ ਕੀਤੀ ਜਾਵੇਗੀ। ਜੇਕਰ ਬਾਬੇ ਦੀ ਭੂਮਿਕਾ ਸਾਹਮਣੇ ਆਈ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਭਾਜਪਾ ਨੂੰ ਅਜਿਹਾ ਵਿਵਹਾਰ ਨਹੀਂ ਕਰਨਾ ਚਾਹੀਦਾ ਜਿਵੇਂ ਉਸ ਨੇ ਲੋਕ ਸਭਾ ਚੋਣਾਂ 'ਚ 400 ਸੀਟਾਂ ਜਿੱਤੀਆਂ ਹਨ: ਉਮਰ

**ਤੇਜਿੰਦਰ ਕੌਰ ਬੱਬਰ**

ਸ੍ਰੀਨਗਰ 6 ਜੁਲਾਈ। ਨੈਸਨਲ ਕਾਨਫਰੰਸ (ਐਨ. ਸੀ.) ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਵੀਰਵਾਰ ਨੂੰ ਕਿਹਾ ਕਿ ਭਾਜਪਾ ਨੂੰ ਆਪਣਾ ਰਵੱਈਆ ਬਦਲਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦਾ ਵਿਵਹਾਰ ਕਰਨਾ ਬੰਦ ਕਰਨਾ ਚਾਹੀਦਾ ਹੈ ਜਿਵੇਂ ਉਸ ਨੇ ਲੋਕ ਸਭਾ ਚੋਣਾਂ 'ਚ 400 ਸੀਟਾਂ ਜਿੱਤੀਆਂ ਹਨ। ਉਮਰ ਨੇ ਨੈਸਨਲ ਕਾਨਫਰੰਸ ਵਰਕਿੰਗ ਕਮੇਟੀ ਦੀ ਦੋ ਦਿਨਾਂ ਮੀਟਿੰਗ ਦੀ ਸਮਾਪਤੀ ਤੋਂ ਬਾਅਦ ਪੱਤਰਕਾਰਾਂ ਨੂੰ ਇਹ ਗੱਲ ਕਹੀ। ਜਦੋਂ ਸੰਸਦ ਵਿੱਚ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨਾਲ ਵਿਵਹਾਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਹਰ ਕਿਸੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੈ। ਜੰਮੂ-ਕਸਮੀਰ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਲੋਕ ਸਭਾ 'ਚ ਵਿਰੋਧੀ ਨੇਤਾਵਾਂ ਦੇ ਭਾਸਣਾਂ ਦੇ ਕੁਝ ਹਿੱਸਿਆਂ ਨੂੰ ਹਟਾਉਣਾ ਠੀਕ ਨਹੀਂ ਹੈ। ਉਮਰ ਨੇ ਕਿਹਾ, "ਜਿੱਥੋਂ ਤੱਕ ਸੰਸਦ ਦਾ ਸਵਾਲ ਹੈ, (ਸ੍ਰੀਨਗਰ ਤੋਂ ਨੈਸਨਲ ਕਾਨਫਰੰਸ ਦੇ ਸੰਸਦ ਆਗਾ ਸਈਦ) ਰੂਹੁੱਲਾ ਮੇਹਦੀ ਖੁਦ ਲੋਕ ਸਭਾ ਸਪੀਕਰ ਦੀਆਂ ਕਾਰਵਾਈਆਂ ਦਾ ਸ਼ਿਕਾਰ ਹੋ ਗਏ ਹਨ। ਲੋਕ ਸਭਾ ਸਪੀਕਰ ਦੀ ਚੋਣ ਤੋਂ ਬਾਅਦ ਉਨ੍ਹਾਂ ਦੇ ਭਾਸਣ ਦਾ ਕੁਝ ਹਿੱਸਾ ਹਟਾ ਦਿੱਤਾ ਗਿਆ ਕਿਉਂਕਿ ਸਪੀਕਰ ਉਨ੍ਹਾਂ ਤੋਂ ਖੁਸ ਨਹੀਂ ਸਨ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਬੇਨਤੀ 'ਤੇ ਵਿਰੋਧੀ ਧਿਰ ਦੇ ਨੇਤਾ ਦੇ ਭਾਸਣ ਦੇ ਕੁਝ ਹਿੱਸੇ ਨੂੰ ਹਟਾ ਦਿੱਤਾ ਗਿਆ ਸੀ। ਇਹ ਸਹੀ ਨਹੀਂ ਹੈ। ਲੋਕਤੰਤਰ ਵਿੱਚ ਹਰ ਕਿਸੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਹੱਕ ਹੈ। "ਐਨਸੀ ਦੇ ਉਪ ਪ੍ਰਧਾਨ ਨੇ ਕਿਹਾ ਕਿ ਜੇਕਰ ਕਿਸੇ ਮੈਂਬਰ ਦੇ ਭਾਸਣ ਵਿੱਚ ਕੋਈ ਗਾਲੀ-ਗਲੋਚ ਜਾਂ ਅਣਉਚਿਤ ਸਬਦ ਨਹੀਂ ਸਨ, ਤਾਂ ਇਨ੍ਹਾਂ ਗੱਲਾਂ ਨੂੰ ਰਿਕਾਰਡ ਤੋਂ ਹਟਾਇਆ ਨਹੀਂ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ, 'ਪਰ ਭਾਜਪਾ ਨੂੰ ਕੌਣ ਯਾਦ ਕਰਵਾਏਗਾ ਕਿ ਉਹ 400 ਸੀਟਾਂ ਦੀ ਗੱਲ ਕਰਦੇ ਸਨ, ਪਰ 240 ਦਾ ਅੰਕੜਾ ਵੀ ਪਾਰ ਨਹੀਂ ਕਰ ਸਕੇ। ਭਾਜਪਾ ਨੂੰ ਕੁਝ ਹੱਦ ਤੱਕ ਆਪਣਾ ਰਵੱਈਆ ਬਦਲਣਾ ਚਾਹੀਦਾ ਹੈ। ਉਹ ਇਸ ਤਰ੍ਹਾਂ ਗੱਲ ਕਰਦੇ ਹਨ ਜਿਵੇਂ ਲੋਕ ਸਭਾ ਵਿੱਚ ਉਨ੍ਹਾਂ ਦੇ 400 ਮੈਂਬਰ ਹਨ। ਉਸ ਕੋਲ ਸਿਰਫ 240 ਹਨ। ਅਸੀਂ ਉਮੀਦ ਕਰਦੇ ਹਾਂ ਕਿ ਵਿਰੋਧੀ ਧਿਰ ਅਤੇ ਇਸ ਦੇ ਮੈਂਬਰਾਂ ਨਾਲ ਅਜਿਹਾ ਵਿਵਹਾਰ ਨਹੀਂ ਕੀਤਾ ਜਾਵੇਗਾ।" ਉਮਰ ਅਬਦੁੱਲਾ ਨੇ ਕੁਝ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਦੀ ਗੱਲ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜ਼ਿਕਰ ਨਾ ਕਰਨ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਇਸ 'ਚ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਹੈ ਕੇਂਦਰ ਸਾਸਤ ਪ੍ਰਦੇਸ ਵਿੱਚ ਵਿਧਾਨ ਸਭਾ ਚੋਣਾਂ ਸਮੇਂ ਸਿਰ ਨਹੀਂ ਹੋਣਗੀਆਂ। ਉਨ੍ਹਾਂ ਕਿਹਾ, "ਅਸੀਂ ਹਮੇਸਾ ਇਹ ਉਮੀਦ ਕਿਉਂ ਰੱਖੀਏ ਕਿ ਪ੍ਰਧਾਨ ਮੰਤਰੀ ਜੰਮੂ-ਕਸਮੀਰ ਬਾਰੇ ਗੱਲ ਕਰਨਗੇ? ਕੁਝ ਦਿਨ ਪਹਿਲਾਂ ਹੀ ਪ੍ਰਧਾਨ ਮੰਤਰੀ ਨੇ ਇੱਥੇ ਆ ਕੇ ਯੋਗਾ ਕੀਤਾ ਅਤੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਚੋਣਾਂ ਹੋਣਗੀਆਂ ਅਤੇ ਲੋਕ ਉਨ੍ਹਾਂ ਦੀ ਸਰਕਾਰ ਚੁਣਨਗੇ। ਉਸ ਤੋਂ ਬਾਅਦ ਸ਼ੱਕ ਦੀ ਗੁੰਜਾਇਸ ਕਿੱਥੇ ਰਹਿ ਜਾਂਦੀ ਹੈ?





## ਹੜ੍ਹ ਕਾਰਨ ਤਬਾਹ ਹੋ ਗਈ ਸੀ ਫਸਲ, ਆਰਥਿਕ ਤੰਗੀ ਦੇ ਬੋਝ ਥੱਲੇ ਦੱਬੇ ਇਕ ਹੋਰ ਕਿਸਾਨ ਨੇ ਗਲ ਲਾਈ ਮੌਤ

ਡਕਾਲਾ/ਸਮਾਣਾ 6 ਜੁਲਾਈ। ਸਰਕਲ ਰਾਮਨਗਰ ਨੇੜਲੇ ਪਿੰਡ ਧਰਮਹੇੜੀ ਦੇ ਕਿਸਾਨ ਬਲਬੀਰ ਸਿੰਘ (60) ਨੇ ਆਰਥਿਕ ਤੰਗੀ ਕਾਰਨ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਇਸ ਮੌਕੇ ਪਰਿਵਾਰਕ ਮੈਂਬਰਾਂ ਅਤੇ ਹੋਰਨਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਿੰਡ ਧਰਮਹੇੜੀ ਦਾ ਕਿਸਾਨ ਬਲਬੀਰ ਸਿੰਘ 2 ਏਕੜ ਪੰਚਾਇਤੀ ਜਮੀਨ 'ਤੇ



ਵਾਹੀ ਕਰਕੇ ਆਪਣੇ ਪਰਿਵਾਰ ਦਾ ਗੁਜਾਰਾ ਚਲਾ ਰਿਹਾ ਸੀ। ਇਸ ਸਾਲ ਆਏ ਭਾਰੀ ਹੜ੍ਹ ਦੌਰਾਨ ਬਲਬੀਰ ਸਿੰਘ ਦੀਆਂ ਮੱਝਾਂ ਰੁੜ੍ਹ ਗਈਆਂ ਅਤੇ ਝੋਨੇ ਦੀ ਫਸਲ ਵੀ ਹੜ੍ਹ ਕਾਰਨ ਤਬਾਹ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਦੁਬਾਰਾ ਲਗਾਈ ਫਸਲ ਦਾ ਝਾੜ ਵੀ ਨਹੀਂ ਮਿਲਿਆ ਅਤੇ ਕਣਕ ਦੀ ਬਿਜਾਈ ਵੀ ਹੁਣ ਤੱਕ ਨਹੀਂ ਹੋ ਸਕੀ, ਜਿਸ ਕਾਰ ਕਿਸਾਨ ਬਲਬੀਰ ਸਿੰਘ ਕਾਫੀ ਪ੍ਰੇਸ਼ਾਨ ਰਹਿੰਦਾ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਕਿਸਾਨ ਬਲਬੀਰ ਸਿੰਘ ਨੇ ਵੀਰਵਾਰ ਸਵੇਰੇ 11 ਕੁ ਵਜੇ ਦੇ ਕਰੀਬ ਖੇਤਾਂ 'ਚ ਬਣੇ ਕਮਰੇ ਅੰਦਰ ਜਾ ਕੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਪਰਿਵਾਰਕ ਮੈਂਬਰਾਂ ਨੇ ਘਟਨਾ ਦੀ ਜਾਣਕਾਰੀ ਪੁਲਸ ਚੌਕੀ ਰਾਮਨਗਰ ਨੂੰ ਦਿੱਤੀ। ਪੁਲਸ ਚੌਕੀ ਇੰਚਾਰਜ ਅੰਗਰੇਜ ਸਿੰਘ ਨੇ ਦੱਸਿਆ ਕਿ ਇਸ ਘਟਨਾ 'ਤੇ ਏ. ਐੱਸ. ਆਈ. ਲਖਵਿੰਦਰ ਸਿੰਘ ਵੱਲੋਂ 174 ਦੀ ਕਾਰਵਾਈ ਕਰਕੇ ਮ੍ਰਿਤਕ ਦੀ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਗਈ ਸੀ।

## ਪੁਲਸ ਚੌਂਕੀ ਸਿੰਬਲ ਨੇੜੇ ਦੁਕਾਨ 'ਚੋਂ ਡੇਢ ਲੱਖ ਰੁਪਏ ਦੇ ਮੋਬਾਇਲ ਅਤੇ 20 ਹਜਾਰ ਦੀ ਨਕਦੀ ਚੋਰੀ

ਬਟਾਲਾ 6 ਜੁਲਾਈ। ਬਟਾਲਾ ਸ਼ਹਿਰ ਅੰਦਰ ਚੋਰੀ ਦੀਆਂ ਵਾਰਦਾਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਅਤੇ ਚੋਰਾਂ ਵੱਲੋਂ ਬਿਨਾਂ ਕਿਸੇ ਡਰ ਦੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਬੀਤੀ ਰਾਤ ਪੁਲਸ ਚੌਂਕੀ ਸਿੰਬਲ ਤੋਂ 10 ਕਦਮ ਦੀ ਦੂਰੀ 'ਤੇ ਸਥਿਤ ਇਕ ਮੋਬਾਇਲ ਸ਼ਾਪ ਨੂੰ ਇਕ ਚੋਰ ਵਲੋਂ ਨਿਸ਼ਾਨਾ ਬਣਾਉਂਦੇ ਹੋਏ ਡੇਢ ਲੱਖ ਰੁਪਏ ਦੇ ਮੋਬਾਇਲ ਅਤੇ 20 ਹਜਾਰ ਰੁਪਏ ਨਕਦੀ ਚੋਰੀ ਕਰ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਮਹਣੇ ਆਇਆ ਹੈ। ਇਸ ਚੋਰੀ ਦੀ ਵਾਰਦਾਤ ਨੂੰ ਲੈ ਕੇ ਕਾਹਨੂੰਵਾਨ ਰੋਡ ਦੇ ਦੁਕਾਨਦਾਰਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਭਾਟੀਆ ਮੋਬਾਇਲ ਰਿਪੇਅਰ ਸ਼ਾਪ ਦੇ ਮਾਲਕ ਰਾਜੇਸ਼ ਕੁਮਾਰ ਭਾਟੀਆ ਪੁੱਤਰ ਵਿਨੋਦ ਕੁਮਾਰ ਭਾਟੀਆ ਵਾਸੀ ਤੇਲੀਆਵਾਲ ਅਲੀਵਾਲ ਰੋਡ ਬਟਾਲਾ ਨੇ ਦੱਸਿਆ ਕਿ ਉਸ ਦੀ ਦੁਕਾਨ ਕਾਹਨੂੰਵਾਨ ਰੋਡ ਪੁਲਸ ਚੌਂਕੀ ਸਿੰਬਲ ਨੇੜੇ ਸਥਿਤ ਹੈ। ਬੀਤੀ ਰਾਤ ਉਹ ਆਪਣੀ ਦੁਕਾਨ ਬੰਦ ਕਰ ਕੇ ਘਰ ਚਲਾ ਗਿਆ ਸੀ। ਨੇੜੇ ਦੇ ਦੁਕਾਨਦਾਰਾਂ ਭਾਟੀਆ ਮੋਬਾਇਲ ਰਿਪੇਅਰ ਸ਼ਾਪ ਦੇ ਮਾਲਕ ਰਾਜੇਸ਼ ਕੁਮਾਰ ਭਾਟੀਆ ਪੁੱਤਰ ਵਿਨੋਦ ਕੁਮਾਰ ਭਾਟੀਆ ਵਾਸੀ ਤੇਲੀਆਵਾਲ ਅਲੀਵਾਲ ਰੋਡ ਬਟਾਲਾ ਨੇ ਦੱਸਿਆ ਕਿ ਉਸ ਦੀ ਦੁਕਾਨ ਕਾਹਨੂੰਵਾਨ ਨੇ ਉਸ ਨੂੰ ਸੂਚਿਤ ਕੀਤਾ ਕਿ ਉਸ ਦੀ ਦੁਕਾਨ ਦੇ ਸ਼ਟਰ ਦੇ ਤਾਲੇ ਟੁੱਟੇ ਹੋਏ ਹਨ, ਜਿਸ ਤੋਂ ਬਾਅਦ ਜਦੋਂ ਉਸ ਨੇ ਆ ਕੇ ਦੇਖਿਆ ਤਾਂ ਦੁਕਾਨ 'ਚ ਪਿਆ ਸਾਰਾ ਸਾਮਾਨ ਖਿੱਲਰਿਆ ਪਿਆ ਸੀ ਅਤੇ ਅੰਦਰੋਂ ਡੇਢ ਲੱਖ ਰੁਪਏ ਦੇ ਮੋਬਾਇਲ, ਮੋਬਾਇਲਾਂ ਦੀ ਅਸੈੱਸਰੀ ਤੇ 20 ਹਜਾਰ ਰੁਪਏ ਨਕਦੀ ਚੋਰੀ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਚੋਰੀ ਦੀ ਘਟਨਾ ਸੀ.ਸੀ.ਟੀ.ਵੀ ਕੈਮਰੇ ਵਿੱਚ ਕੈਦ ਹੋ ਗਈ ਹੈ, ਜਿਸ ਵਿੱਚ ਚੋਰ ਦੁਕਾਨ ਵਿੱਚੋਂ ਸਾਮਾਨ ਚੋਰੀ ਕਰਦਾ ਨਜਰ ਆ ਰਿਹਾ ਹੈ।

# ਵਿਸ਼ਵ ਦੇ ਦੋ ਵੱਡੇ ਯੁੱਧਾਂ ਕਾਰਨ ਭਾਰਤ ਦਾ ਹੈਂਡਟੂਲ ਉਦਯੋਗ 40 ਫੀਸਦੀ ਡਿੱਗਿਆ, ਸਸਤੇ ਹੋਏ ਚੀਨੀ ਉਤਪਾਦ

ਲੁਧਿਆਣਾ 6 ਜੁਲਾਈ। ਦੁਨੀਆ 'ਚ ਚੱਲ ਰਹੀਆਂ ਦੋ ਵੱਡੀਆਂ ਜੰਗਾਂ ਯੂਕਰੇਨ, ਰੂਸ ਅਤੇ ਇਜਰਾਈਲ-ਹਮਾਸ ਨੇ ਭਾਰਤ ਦੀ ਹੈਂਡਲ ਇੰਡਸਟਰੀ ਨੂੰ 40 ਫੀਸਦੀ ਤੱਕ ਹੇਠਾਂ ਡਿੱਗਾ ਦਿੱਤਾ ਹੈ। ਇਸ ਦੀ ਵਿਕਰੀ 'ਚ ਗਿਰਾਵਟ ਆਉਣ ਕਾਰਨ 2300 ਕਰੋੜ ਰੁਪਏ ਦੇ ਨਿਰਯਾਤ ਦਾ ਅੰਕੜਾ ਡਿੱਗ ਕੇ 1400 ਕਰੋੜ ਰੁਪਏ 'ਤੇ ਆ ਗਿਆ ਹੈ। ਹੁਣ ਇਸ ਦਾ ਅਸਰ ਘਰੇਲੂ ਬਾਜਾਰ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਦੱਸ ਦੇਈਏ ਕਿ ਮੱਧ-ਪੂਰਬ ਉਹ ਥਾਂ ਹੈ, ਜਿੱਥੇ ਭਾਰਤੀ ਹੈਂਡਟੂਲ ਸਭ ਤੋਂ ਵੱਧ ਪਸੰਦ ਕੀਤੇ ਜਾਂਦੇ ਹਨ। ਹੁਣ ਉਥੋਂ ਦਾ ਗਾਹਕ ਉਸ ਦੀ ਓਨੀ ਹੀ ਖਰੀਦਦਾਰੀ ਕਰ ਰਿਹਾ ਹੈ, ਜਿੰਨੀ ਉਸ ਦੀ ਲੋੜ ਹੈ। ਇਸ ਤੋਂ ਇਲਾਵਾ ਦੁਕਾਨਦਾਰ ਵੀ ਓਨਾ ਮਾਲ ਸਟਾਕ ਕਰ ਰਹੇ ਹਨ, ਜਿੰਨਾ ਸਾਮਾਨ ਉਹਨਾਂ ਦਾ ਆਸਾਨੀ ਨਾਲ ਵਿਕਿਆ ਜਾ ਸਕੇ। ਦੋਵਾਂ ਯੁੱਧਾਂ ਕਾਰਨ ਦੁਨੀਆ ਭਰ ਦੇ ਬਾਜਾਰਾਂ ਵਿਚ ਅਸਥਿਰਤਾ ਪੈਦਾ ਹੋ ਗਈ ਹੈ, ਜਿਸ ਨਾਲ ਭਾਰਤ, ਚੀਨ ਅਤੇ ਅਮਰੀਕਾ ਵਰਗੇ ਵੱਡੇ ਦੇਸ਼ਾਂ ਦੀ ਅਰਥਵਿਵਸਥਾ ਵੀ ਕਮਜ਼ੋਰ ਹੋ ਗਈ ਹੈ। ਇੰਜਨੀਅਰਿੰਗ ਐਕਸਪੋਰਟ ਪ੍ਰਮੋਸ਼ਨ ਕੌਂਸਲ ਦੇ ਸਾਬਕਾ ਚੇਅਰਮੈਨ ਐੱਸ.ਸੀ. ਰਲਹਨ ਦਾ ਕਹਿਣਾ ਹੈ ਕਿ ਉਮੀਦ ਕੀਤੀ ਜਾ ਰਹੀ ਸੀ ਕਿ ਇਸ ਵਾਰ 2300 ਕਰੋੜ ਰੁਪਏ ਤੋਂ ਬਰਾਮਦ ਸਿੱਧੇ ਤੌਰ 'ਤੇ 2700 ਕਰੋੜ ਰੁਪਏ ਤੱਕ ਪਹੁੰਚ ਜਾਵੇਗੀ ਪਰ ਇਸ ਦੇ ਉਲਟ ਦੋਵੇਂ ਜੰਗਾਂ ਕਾਰਨ ਇਸ 'ਚ 40 ਫੀਸਦੀ ਤੱਕ ਦੀ ਗਿਰਾਵਟ ਆਈ ਹੈ। ਹੁਣ ਇਹ ਨਿਰਯਾਤ ਕਦੋਂ ਤੱਕ ਵੱਧ ਜਾਵੇਗਾ, ਇਸ ਦੇ ਬਾਰੇ ਕਹਿਣਾ ਅਜੇ ਮੁਸ਼ਕਿਲ ਹੈ। ਕੀਮਤ 'ਤੇ ਭਾਰਤੀ ਬਾਜਾਰ 'ਚ ਵਿੱਕ ਰਹੇ ਹਨ, ਉਸ ਕੀਮਤ 'ਤੇ ਇਥੇ ਇਹ ਤਿਆਰ ਵੀ ਨਹੀਂ ਕੀਤੇ ਜਾਂਦੇ।



ਘਰੇਲੂ ਬਾਜਾਰ ਵੀ ਇਸ ਨਾਲ ਕਾਫੀ ਪ੍ਰਭਾਵਿਤ ਹੋਇਆ ਹੈ। ਕਾਰਨ ਇਹ ਹੈ ਕਿ ਚੀਨ ਵਰਗੇ ਦੇਸ਼ਾਂ ਨੇ ਭਾਰਤੀ ਬਾਜਾਰ ਵਿਚ ਹੈਂਡਟੂਲਜ ਨੂੰ ਤੇਜੀ ਨਾਲ ਡੰਪ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੇ ਉਤਪਾਦ ਜਿਸ ਅਜਿਹਾ ਨਹੀਂ ਹੈ ਕਿ ਨਿਰਯਾਤ 'ਚ ਗਿਰਾਵਟ ਆਉਣ ਕਾਰਨ ਬਾਜਾਰ ਠੱਪ ਹੋ ਗਿਆ ਹੈ। ਹੁਣ ਸਿਰਫ ਉਹੀ ਲੋਕ ਬਜਾਰ ਵਿੱਚ ਟਿਕ ਸਕਦੇ ਹਨ, ਜੋ ਸਮੇਂ ਦੇ ਨਾਲ-ਨਾਲ ਆਪਣੇ ਆਪ ਨੂੰ ਅਪਗ੍ਰੇਡ ਕਰ ਚੁੱਕੇ ਹਨ। ਅਪਗ੍ਰੇਡੇਸ਼ਨ ਨਾਲ ਉਤਪਾਦਾਂ ਦੀ ਕੀਮਤ ਵਿੱਚ ਕਾਫੀ ਗਿਰਾਵਟ ਆ ਰਹੀ ਹੈ, ਜਿਸ ਕਾਰਨ ਭਾਰਤੀ ਹੈਂਡਟੂਲਜ ਦਾ ਨਿਰਯਾਤ ਅਜੇ ਵੀ ਕਾਫੀ ਹੱਦ ਤੱਕ ਚੀਨ ਨਾਲੋਂ ਬਿਹਤਰ ਸਥਿਤੀ ਵਿੱਚ ਹੈ। ਯੁੱਧ ਦੇ ਕਾਰਨ ਮੱਧ ਪੂਰਬ ਵਿੱਚ ਇੱਕ ਕੀਮਤ ਯੁੱਧ ਚੱਲ ਰਿਹਾ ਹੈ। ਜਿਹੜੇ ਦੇਸ਼ ਦੇ ਹੈਂਡਟੂਲ ਸਸਤੇ ਅਤੇ ਚੰਗੀ ਗੁਣਵੱਤਾ ਵਾਲੇ ਹਨ, ਉਹਨਾਂ ਨੂੰ ਮੱਧ ਪੂਰਬ ਦੇ ਗਾਹਕ ਜ਼ਿਆਦਾ ਤਰਜੀਹ ਦੇ ਰਹੇ ਹਨ। ਹੈਂਡਟੂਲ ਦਾ ਸੰਗਠਿਤ ਘਰੇਲੂ ਬਾਜਾਰ ਵੀ ਕਰੀਬ 1000 ਕਰੋੜ ਰੁਪਏ ਤੋਂ ਵੱਧ ਦਾ ਹੈ। ਫਿਲਹਾਲ ਇਸ 'ਚ ਕੋਈ ਖਾਸ ਗਿਰਾਵਟ ਨਹੀਂ ਦੇਖੀ ਗਈ, ਕਿਉਂਕਿ ਸਾਡੀ ਗੁਣਵੱਤਾ ਚੀਨ ਤੋਂ ਬਿਹਤਰ ਹੈ। ਬੇਸ਼ੱਕ ਚੀਨ ਸਸਤੇ ਭਾਅ 'ਤੇ ਹੈਂਡਟੂਲ ਭਾਰਤ 'ਚ ਡੰਪ ਕਰ ਰਿਹਾ ਹੈ ਪਰ ਗਾਹਕ ਚੀਨ ਦਾ ਨਾਂ ਸੁਣਦੇ ਹੀ ਇਨ੍ਹਾਂ ਨੂੰ ਖਰੀਦਣ ਤੋਂ ਇਨਕਾਰ ਕਰ ਦਿੰਦੇ ਹਨ। ਇੰਜਨੀਅਰਿੰਗ ਐਕਸਪੋਰਟ ਪ੍ਰਮੋਸ਼ਨ ਕੌਂਸਲ ਦੇ ਸਾਬਕਾ ਚੇਅਰਮੈਨ ਐੱਸ.ਸੀ. ਰਲਹਨ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਟੈਕਨਾਲੋਜੀ ਅਪਗ੍ਰੇਡ ਕਰਨ ਲਈ ਹੈਂਡਟੂਲ ਇੰਡਸਟਰੀ ਨੂੰ ਅਪਗ੍ਰੇਡੇਸ਼ਨ ਫੰਡ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਇਹ ਉਦਯੋਗ ਵੀ ਟੈਕਸਟਾਈਲ ਵਾਂਗ ਤਰੱਕੀ ਕਰ ਸਕੇ। ਅੱਜ ਸਮੇਂ ਅਨੁਸਾਰ ਆਪਣੇ ਆਪ ਨੂੰ ਅਪਗ੍ਰੇਡ ਕਰਨ ਵਾਲੇ ਹੀ ਆਪਣਾ ਮਾਲ ਵਿਸ਼ਵ ਮੰਡੀ ਵਿੱਚ ਵੇਚਣ ਦੇ ਸਮਰੱਥ ਹਨ, ਨਹੀਂ ਤਾਂ ਬਾਕੀ ਸਾਰੀਆਂ ਕੰਪਨੀਆਂ ਵਿਦੇਸ਼ੀ ਕੰਪਨੀਆਂ ਵੱਲੋਂ ਰੱਦ ਕਰ ਦਿੱਤੀਆਂ ਗਈਆਂ ਹਨ।

# ਤਪਦੀ ਗਰਮੀ ਵਿਚਾਲੇ ਮੀਂਹ ਨੂੰ ਲੈ ਕੇ ਵੱਡੀ ਅਪਡੇਟ, ਮੌਸਮ ਵਿਭਾਗ ਨੇ ਕੀਤੀ ਭਵਿੱਖਬਾਣੀ

ਚੰਡੀਗੜ੍ਹ 6 ਜੁਲਾਈ। ਡੇਢ ਮਹੀਨੇ ਦੀ ਅੱਤ ਦੀ ਗਰਮੀ ਤੋਂ ਬਾਅਦ ਸੋਮਵਾਰ ਤੋਂ ਆਉਣ ਵਾਲੇ ਦਿਨਾਂ 'ਚ ਮੀਂਹ ਪੈਣ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਹਨ। ਮਾਨਸੂਨ ਪਿਛਲੇ ਤਿੰਨ ਹਫ਼ਤਿਆਂ ਤੋਂ ਸਿੱਕਮ ਦੇ ਆਸ-ਪਾਸ ਰੁਕ ਗਿਆ ਹੈ। ਜਿੱਥੇ ਇਕ ਪਾਸੇ ਇਹ ਬਿਹਾਰ, ਉੱਤਰ ਪ੍ਰਦੇਸ਼ ਤੋਂ ਦੇਸ਼ ਦੇ ਉੱਤਰੀ ਹਿੱਸੇ ਵੱਲ ਵਧ ਰਿਹਾ ਹੈ, ਉੱਥੇ ਹੀ ਚੰਡੀਗੜ੍ਹ 'ਚ ਹੁੰਮਸ ਵਧਣ ਨਾਲ ਚੰਡੀਗੜ੍ਹ ਹਵਾਈ ਅੱਡੇ, ਪੰਚਕੂਲਾ, ਡੇਰਾਬਸੀ, ਕਾਲਕਾ, ਕਸੌਲੀ ਤੇ ਆਸਪਾਸ ਦੇ ਕਈ ਇਲਾਕਿਆਂ 'ਚ ਸੋਮਵਾਰ ਨੂੰ ਮੀਂਹ ਪਿਆ। ਹਵਾ 'ਚ ਵਧ ਰਹੀ ਹੁੰਮਸ ਤੇ ਮਾਨਸੂਨ ਦੀ ਵਧਦੀ ਰਫ਼ਤਾਰ ਕਾਰਨ ਸ਼ਹਿਰ 'ਚ 28 ਜੂਨ ਦੇ ਆਸਪਾਸ ਮੀਂਹ ਪੈਣ ਦੀ ਸੰਭਾਵਨਾ ਹੈ। ਸੋਮਵਾਰ ਸਵੇਰ ਤੋਂ ਹੀ ਭਾਰੀ ਨਮੀ ਤੇ ਹਲਕੇ ਬੱਦਲਾਂ ਕਾਰਨ ਵੱਧ ਤੋਂ ਵੱਧ ਤਾਪਮਾਨ 39.9 ਡਿਗਰੀ ਤੋਂ ਉੱਪਰ ਨਹੀਂ ਜਾ ਸਕਿਆ ਪਰ ਹਵਾ 'ਚ ਹੁੰਮਸ 42 ਤੋਂ 60 ਫੀਸਦੀ ਤੱਕ ਬਣੀ ਰਹੀ, ਜਿਸ ਕਾਰਨ ਲੋਕਾਂ ਨੂੰ ਦਿਨ ਭਰ ਪਸੀਨਾ ਵਹਾਉਣਾ ਪਿਆ। ਐਤਵਾਰ ਰਾਤ ਨੂੰ ਵੀ ਘੱਟੋ-ਘੱਟ ਤਾਪਮਾਨ 30.6 ਡਿਗਰੀ ਦੇ ਆਸਪਾਸ ਰਿਹਾ। ਜੇ ਮਾਨਸੂਨ ਦੇ ਆਉਣ ਤੋਂ ਪਹਿਲਾਂ ਹਵਾ 'ਚ ਹੁੰਮਸ ਦੀ ਮਾਤਰਾ ਵਧ ਜਾਂਦੀ ਹੈ ਤਾਂ ਸਥਾਨਕ ਬੱਦਲ ਬਣ ਜਾਂਦੇ ਹਨ ਤੇ ਮੀਂਹ ਪੈਂਦਾ ਹੈ। ਸੋਮਵਾਰ ਨੂੰ ਵੀ ਅਜਿਹਾ ਹੀ ਕੁਝ ਹੋਇਆ ਅਤੇ ਹਵਾ 'ਚ ਹੁੰਮਸ ਦੀ ਮਾਤਰਾ ਅਚਾਨਕ ਵਧ ਗਈ। ਹੁੰਮਸ ਦੀ ਮਾਤਰਾ ਇੰਨੀ ਵਧ ਗਈ ਕਿ ਇਹ 42 ਫੀਸਦੀ ਤੋਂ ਹੇਠਾਂ ਨਹੀਂ ਗਈ। ਜਦੋਂ ਇਹ ਹੁੰਮਸ 35 ਡਿਗਰੀ ਤੋਂ ਉੱਪਰ ਤਾਪਮਾਨ ਦੇ ਸੰਪਰਕ 'ਚ ਆਈ ਤਾਂ 11 ਵਜੇ ਤੋਂ ਬਾਅਦ ਸਥਾਨਕ ਬੱਦਲ ਬਣਨੇ ਸ਼ੁਰੂ ਹੋ ਗਏ। ਇਹ ਬੱਦਲ ਸ਼ਹਿਰ ਉੱਤੇ ਵੀ ਆ ਗਏ ਪਰ ਸੰਘਣੇ ਕਾਲੇ ਬੱਦਲ ਕਸੌਲੀ ਅਤੇ ਬੱਦੀ ਉੱਤੇ ਬਣਨੇ ਸ਼ੁਰੂ ਹੋ ਗਏ। ਸਥਾਨਕ ਬੱਦਲਾਂ ਕਾਰਨ ਹੋਈ ਬਰਸਾਤ ਤੋਂ ਬਾਅਦ ਮਾਨਸੂਨ ਦੇ ਆਉਣ ਤੱਕ ਸ਼ਹਿਰ ਤੇ ਆਸਪਾਸ ਦੇ ਇਲਾਕਿਆਂ ਦੀ ਹਵਾ 'ਚ ਨਮੀ ਦੀ ਮਾਤਰਾ ਲਗਾਤਾਰ ਬਣੀ ਰਹੇਗੀ। ਇਹ ਨਮੀ ਮਾਨਸੂਨ ਦੇ ਆਉਣ ਤੋਂ ਪਹਿਲਾਂ ਮੀਂਹ ਲਿਆ ਸਕਦੀ ਹੈ। ਜੇ ਪੂਰਬੀ ਹਵਾਵਾਂ ਵੀ ਇਸ ਮੀਂਹ ਨਾਲ ਰਲਦੀਆਂ ਹਨ ਤਾਂ ਇਹ ਮੀਂਹ ਪ੍ਰੀ-ਮਾਨਸੂਨ ਮੀਂਹ ਬਣ ਜਾਵੇਗਾ ਕਿਉਂਕਿ ਮਾਨਸੂਨ ਦੇ ਪੂਰਬ ਤੋਂ ਉੱਤਰ ਵੱਲ ਜਾਣ ਤੋਂ ਪਹਿਲਾਂ ਪੂਰਬੀ ਹਵਾਵਾਂ ਚੰਡੀਗੜ੍ਹ ਸਮੇਤ ਉੱਤਰੀ ਭਾਰਤ 'ਚ ਪਹੁੰਚ ਜਾਂਦੀਆਂ ਹਨ। ਇਸ ਸਮੇਂ ਦੱਖਣ-ਪੱਛਮੀ ਹਵਾਵਾਂ ਨਾਲ ਅਰਬ ਸਾਗਰ ਤੋਂ ਆਉਣ ਵਾਲੀ ਨਮੀ ਤੋਂ ਬਣੇ ਸਥਾਨਕ ਬੱਦਲਾਂ ਕਾਰਨ ਮੀਂਹ ਪੈ ਰਿਹਾ ਹੈ। ਮੌਸਮ ਵਿਭਾਗ ਦਾ ਮੰਨਣਾ ਹੈ ਕਿ ਸ਼ੁੱਕਰਵਾਰ ਤੋਂ ਸ਼ਹਿਰ 'ਚ ਲਗਾਤਾਰ ਮੀਂਹ ਸ਼ੁਰੂ ਹੋ ਜਾਵੇਗਾ। ਮਾਨਸੂਨ ਨੇ ਵੀ ਰਫ਼ਤਾਰ ਫੜ ਲਈ ਹੈ ਤੇ ਪੂਰਬੀ ਉੱਤਰ ਪ੍ਰਦੇਸ਼ ਤੇ ਬਿਹਾਰ 'ਚ ਸਰਗਰਮ ਹੋ ਗਿਆ ਹੈ। ਇਸ ਹਿੱਸੇ ਤੋਂ ਮਾਨਸੂਨ ਉੱਤਰੀ ਭਾਰਤ 'ਚ ਮਾਨਸੂਨ ਪਹੁੰਚਾਉਂਦਾ ਹੈ। ਵਿਭਾਗ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ 'ਚ ਮਾਨਸੂਨ ਦੇ ਅੱਗੇ ਵਧਣ ਲਈ ਅਨੁਕੂਲ ਹਾਲਾਤ ਹਨ ਤੇ ਇਸ ਮਹੀਨੇ ਦੇ ਅੰਤ ਤੱਕ ਮਾਨਸੂਨ ਸਮੇਂ ਸਿਰ ਚੰਡੀਗੜ੍ਹ 'ਚ ਮੀਂਹ ਪਾਉਣਾ ਸ਼ੁਰੂ ਕਰ ਦੇਵੇਗਾ।

## ਭਿਆਨਕ ਸੜਕ ਹਾਦਸੇ ਨੇ ਉਜਾੜਿਆ ਪਰਿਵਾਰ, ਗੋਲ ਗੱਪੀਆਂ ਦੀ ਰੇਹੜੀ ਕੋਲ ਖੜ੍ਹੇ ਵਿਅਕਤੀ ਦੀ ਮੌਤ

ਦੀਨਾਨਗਰ 6 ਜੁਲਾਈ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਕਸਬਾ ਬਹਿਰਾਮਪੁਰ ਵਿਖੇ ਇੱਕ ਵਿਅਕਤੀ ਦੀ ਤੇਜ ਰਫਤਾਰ ਟਰੱਕ ਹੇਠਾਂ ਆਉਣ ਨਾਲ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਜਾਂਚ ਅਧਿਕਾਰੀ ਗੁਰਮੁੱਖ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਅਖਿਲ ਮਹਾਜਨ ਪੁੱਤਰ ਅਸ਼ੋਕ ਮਹਾਜਨ ਵਾਸੀ ਗੁਰਦੁਆਰਾ ਵਾਲੀ ਗਲੀ, ਛੋਟਾ ਬਾਜਾਰ ਬਹਿਰਾਮਪੁਰ ਨੇ ਦੱਸਿਆ ਕਿ ਮੇਰਾ ਭਰਾ ਸਾਹਿਲ ਮਹਾਜਨ ਆਪਣੇ ਘਰ ਤੋਂ ਆਰੇ ਵਾਲਾ ਚੌਂਕ ਬਹਿਰਾਮਪੁਰ ਦੇ ਦੁਸਹਿਰਾ ਗਰਾਊਂਡ ਨੇੜੇ ਗੋਲ ਗੱਪਿਆਂ ਦੀ ਰੇਹੜੀ ਕੋਲ ਖੜ੍ਹਾ ਸੀ। ਇਸ ਦੌਰਾਨ ਗੁਰਦਾਸਪੁਰ ਸਾਈਡ ਵੱਲੋਂ ਇੱਕ ਤੇਜ ਰਫਤਾਰ ਟਰੱਕ ਪੀਬੀ 08 ਡੀ. ਐੱਸ. 4721 ਆਇਆ ਜਿਸ ਵੱਲੋਂ ਮੇਰੇ ਖੜ੍ਹੇ ਭਰਾ ਸਾਹਿਲ ਮਹਾਜਨ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅਸੀਂ ਤਰੁੰਤ ਉਸ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਪਹੁੰਚਾਇਆ ਜਿਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਸ ਵੱਲੋਂ ਜਾਂਚ ਪੜਤਾਲ ਕਰਨ ਉਪਰੰਤ ਟਰੱਕ ਚਾਲਕ ਸੁਖਦੇਵ ਕੁਮਾਰ ਪੁੱਤਰ ਚਰਨ ਦਾਸ ਵਾਸੀ ਜੋਗਰ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਟਰੱਕ ਚਾਲਕ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ ।

## ਜਲੰਧਰ ਲੋਕ ਸਭਾ ਜਿਮਨੀ ਚੋਣ ਵਿਚ ਨੀਟੂ ਸ਼ਟਰਾਂਵਾਲੇ ਨੇ ਤੋੜੇ ਰਿਕਾਰਡ, ਪਈਆਂ ਰਿਕਾਰਡ ਵੋਟਾਂ

ਜਲੰਧਰ 6 ਜੁਲਾਈ। ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਨੇ ਭਾਵੇਂ ਵੱਡੀ ਜਿੱਤ ਹਾਸਲ ਕੀਤੀ ਹੈ ਪਰ ਆਜਾਦ ਉਮੀਦਵਾਰ ਦੇ ਤੌਰ 'ਤੇ ਮੈਦਾਨ ਵਿਚ ਉਤਰੇ ਨੀਟੂ ਸ਼ਟਰਾਂਵਾਲੇ ਨੂੰ ਵੀ ਇਸ ਵਾਰ ਕਾਫੀ ਵੋਟਾਂ ਹਾਸਲ ਹੋਈਆਂ ਹਨ। ਨੀਟੂ ਸ਼ਰਟਾਂਵਾਲੇ ਨੂੰ 4599 ਲੋਕਾਂ ਨੇ ਵੋਟ ਕੀਤੀ। ਇਹ ਵੋਟਾਂ ਨੀਟੂ ਦੇ ਚੋਣ ਇਤਿਹਾਸ ਦੀਆਂ ਹੁਣ ਤਕ ਦੀਆਂ ਸਭ ਤੋਂ ਵੱਧ ਵੋਟਾਂ ਹਨ। ਉਂਝ ਜਲੰਧਰ ਜ਼ਿਮਨੀ ਚੋਣ ਵਿਚ ਕੁੱਲ 8 ਉਮੀਦਵਾਰ ਆਜਾਦ ਤੌਰ 'ਤੇ ਚੋਣ ਮੈਦਾਨ ਵਿਚ ਉਤਰੇ ਸਨ, ਜਿਨ੍ਹਾਂ ਵਿਚ ਨੀਟੂ ਸ਼ਟਰਾਂਵਾਲੇ ਨੂੰ ਸਭ ਤੋਂ ਵੱਧ 4599 ਵੋਟਾਂ ਮਿਲੀਆਂ ਹਨ। ਇਸ ਤੋਂ ਇਲਾਵਾ 6656 ਵੋਟਰਾਂ ਨੇ ਨੋਟਾ ਵਾਲੇ ਬਟਨ ਦੀ ਵਰਤੋਂ ਕੀਤੀ ਹੈ। ਚੋਣ ਨਤੀਜੇ ਦੇਖ ਕੇ ਨੀਟੂ ਸ਼ਟਰਾਂਵਾਲਾ ਫਿਰ ਰੋ ਪਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨੀਟੂ ਨੇ ਕਿਹਾ ਕਿ ਉਹ ਵੋਟਰਾਂ ਤੋਂ ਬਹੁਤ ਖੁਸ਼ ਹੈ। ਉਸ ਨੇ ਕਿਹਾ ਕਿ ਇਸ ਵਾਰ ਲੋਕਾਂ ਵਲੋਂ ਮਿਲੇ ਹੁੰਗਾਰੇ ਤੋਂ ਬੜੀ ਖੁਸ਼ੀ ਮਿਲੀ ਹੈ, ਚੱਲੋ ਇਸ ਵਾਰ ਬਦਲਾਅ ਤਾਂ ਆਵੇਗਾ। ਇਸ ਵਾਰ ਨਾ ਜਿੱਤਾਂਗੇ ਤਾਂ ਅਗਲੀ ਵਾਰ ਹੀ ਸਹੀ। ਨੀਟੂ ਨੇ ਕਿਹਾ ਕਿ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੀਆਂ 13 ਦੀਆਂ 13 ਸੀਟਾਂ 'ਤੇ ਘਰ ਦੇ ਜਿੰਨੇ ਵੀ ਮੈਂਬਰ ਹਨ, ਆਜਾਦ ਤੌਰ 'ਤੇ ਉਤਾਰੇ ਜਾਣਗੇ। ਪੂਰੇ ਪੰਜਾਬ ਵਿਚ ਸਾਰੇ ਮੈਂਬਰ ਖੜ੍ਹੇ ਕਰਾਂਗੇ।

## ਲੋਕ ਸਭਾ ਚੋਣ ਲੜਣ ਵਾਲੇ ਉਮੀਦਵਾਰ 'ਤੇ ਜਾਨਲੇਵਾ ਹਮਲਾ! ਭੋਗ ਤੋਂ ਪਰਤਦੇ ਨੂੰ ਘੇਰ ਕੇ ਕੁੱਟਿਆ

ਲੁਧਿਆਣਾ 6 ਜੁਲਾਈ। ਪਿਛਲੇ ਦਿਨੀਂ ਲੁਧਿਆਣਾ ਲੋਕ ਸਭਾ ਹਲਕਾ ਤੋਂ ਚੋਣ ਲੜਨ ਵਾਲੇ ਅਤੇ ਪਿੰਡ ਦੇ ਸਾਬਕਾ ਸਰਪੰਚ 'ਤੇ ਜਾਨਲੇਵਾ ਹਮਲਾ ਕਰਨ ਵਾਲਿਆਂ ਖ਼ਿਲਾਫ ਥਾਣਾ ਸਾਹਨੇਵਾਲ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਪੁਰਾਣੀ ਰੰਜ਼ਿਸ ਦੇ ਚਲਦੇ ਪਿੰਡ ਦੇ ਕੁਝ ਵਿਅਕਤੀਆਂ ਨੇ ਪਿੰਡ ਉਮੈਦਪੁਰ ਦੇ ਸਾਬਕਾ ਸਰਪੰਚ ਅਮਨਦੀਪ ਸਿੰਘ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਗੰਭੀਰ ਰੂਪ 'ਚ ਜਖਮੀ ਹੋਏ ਸਾਬਕਾ ਸਰਪੰਚ ਨੂੰ ਲੁਧਿਆਣਾ ਦੇ ਡੀ. ਐੱਮ. ਸੀ. ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਘਟਨਾ ਸਬੰਧੀ ਥਾਣਾ ਸਾਹਨੇਵਾਲ ਪੁਲਸ ਨੂੰ ਅਮਨਦੀਪ ਸਿੰਘ ਨੇ ਦੱਸਿਆ ਕਿ ਪਿੰਡ 'ਚ ਗੁਰਦੁਆਰਾ ਸਾਹਿਬ 'ਚ ਭੋਗ ਅਟੈਂਡ ਕਰਕੇ ਵਾਪਸ ਪੈਦਲ ਆਪਣੇ ਘਰ ਆ ਰਿਹਾ ਸੀ। ਇਸ ਦੌਰਾਨ ਜਦੋਂ ਮੈਂ ਸੰਪੂਰਨ ਦਾਸ ਦੇ ਘਰ ਕੋਲ ਪਹੁੰਚਿਆ ਤਾਂ ਪਿੱਛੋਂ ਅਸ਼ੋਕ ਕੁਮਾਰ, ਰਾਜੇਸ ਕੁਮਾਰ, ਰੁੱਤਵੀਰ ਸਿੰਘ, ਗੁਰਪ੍ਰੀਤ ਸਿੰਘ, ਸੁਭਮ ਉਰਫ ਸੁੱਭ ਕੁਝ ਅਣਪਛਾਤੇ ਨੌਜਵਾਨਾਂ ਨੇ ਉਸ 'ਤੇ ਲੋਹੇ ਦੀ ਰਾਡ, ਡੰਡੇ ਅਤੇ ਗਰਾਰੀਆਂ ਨਾਲ ਜਾਨਲੇਵਾ ਹਮਲਾ ਕਰ ਦਿੱਤਾ। ਉਸ ਨੇ ਦੱਸਿਆ ਕਿ ਉਕਤ ਵਿਅਕਤੀਆਂ ਨੇ ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਲਲਕਾਰੇ ਮਾਰ ਕੇ ਕੁੱਟਿਆ ਅਤੇ ਜਦੋਂ ਉਸ ਨੇ ਰੌਲਾ ਪਾਇਆ ਤਾਂ ਪਿੰਡ ਦੇ ਲੋਕਾਂ ਨੂੰ ਇਕੱਠਾ ਹੁੰਦੇ ਦੇਖ ਮੌਕੇ ਤੋਂ ਫਰਾਰ ਹੋ ਗਏ। ਉਸ ਨੂੰ ਉਸ ਦੇ ਘਰਦਿਆਂ ਨੇ ਚੁੱਕ ਕੇ ਹਸਪਤਾਲ ਭਰਤੀ ਕਰਵਾਇਆ। ਇਸ ਸਬੰਧ ਥਾਣਾ ਸਾਹਨੇਵਾਲ ਦੇ ਤਫਤੀਸੀ ਅਫਸਰ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ। ਪੁਲਸ ਛਾਪੇਮਾਰੀ ਕਰ ਰਹੀ ਹੈ।

## ਨਹਿਰ 'ਚ ਲਾਲ ਚੂੜੇ ਵਾਲੀ ਕੁੜੀ ਦੀ ਲਾਸ਼ ਦੇਖ ਕੰਬ ਗਏ ਲੋਕ

ਅਹਿਮਦਗੜ੍ਹ ਮੰਡੀ 6 ਜੁਲਾਈ। ਅਹਿਮਦਗੜ੍ਹ ਮੰਡੀ ਦੇ ਨਾਲ ਲੱਗਦੇ ਪਿੰਡ ਜਗੇੜਾ ਦੀ ਨਹਿਰ ਵਿਚ ਇਕ ਨੌਜਵਾਨ ਕੁੜੀ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਕੁੜੀ ਦੀ ਉਮਰ 25 ਸਾਲ ਜਾਪ ਰਹੀ ਹੈ, ਜਿਸ ਦੇ ਬਾਹਾਂ ਵਿਚ ਲਾਲ ਚੂੜਾ ਪਾਇਆ ਹੋਇਆ ਹੈ। ਲਾਲ ਚੂੜੇ ਵਾਲੀ ਕੁੜੀ ਦੀ ਲਾਸ਼ ਨਹਿਰ ਵਿਚ ਦੇਖ ਕੇ ਲੋਕਾਂ ਵਿਚ ਸਨਸਨੀ ਫੈਲ ਗਈ। ਜਿਸ ਤੋਂ ਬਾਅਦ ਲੋਕਾਂ ਵੱਲੋਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ ਹੈ। ਲਾਸ਼ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਦੀ ਟੀਮ ਵੀ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਸ ਦੌਰਾਨ ਲੋਕਾਂ ਨੇ ਰੋਸ ਜਾਹਰ ਕਰਦਿਆਂ ਕਿਹਾ ਕਿ ਨਹਿਰੀ ਵਿਭਾਗ ਦੇ ਮੁਲਜਮ ਡੰਡਿਆਂ ਨਾਲ ਜਬਰਦਸਤੀ ਕੱਢ ਰਹੇ ਸਨ। ਦੂਜੇ ਪਾਸੇ ਪੁਲਸ ਮੁਲਾਜਮਾਂ ਦਾ ਕਹਿਣਾ ਹੈ ਕਿ ਲਾਸ਼ ਨੂੰ ਬਾਹਰ ਕਢਵਾ ਕੇ ਪੋਸਟਮਾਰਟਮ ਤੋਂ ਬਾਅਦ ਸ਼ਨਾਖਤ ਲਈ ਮੋਰਚਰੀ ਵਿਚ ਰਖਵਾਇਆ ਜਾ ਰਿਹਾ ਹੈ ਅਤੇ ਜਾਂਚ ਜਾਰੀ ਹੈ।

### PUBLIC NOTICE

It is known to the general public that my clients Smt. Shakuntala Devi, w/o Sh. Hari Singh and Mr. Hari Singh, s/o Late Sh. Chiranji Lal, both resident of RZ-A-1, Gali No. 16, Sitapuri Part-I, Near Police Station Dabri, New Delhi disowned their son Sh. Brijesh Kumar and his wife Smt. Ranjita along with their children from all relations and from movable and immovable properties which belongs in the name of my above-stated clients with immediate effect. If anyone make any relations with my client's son and his family, that would be entirely upto their risk and consequences.

**RANBIR SHARMA**
ADVOCATE
Chamber No. 616,
Opp. Post Office,
Patiala House Courts,
New Delhi

### PUBLIC NOTICE

Notice is hereby given that I, Laxmi Devi aged about 63 years wife of late Shayam Singh resident of House No. 416, Moti Lal Nehru Camp, J.N.U. , JNU New Campus, Delhi, have separated/debarred my disobedient son Mr. SURAJ @ PALLU aged about 50 years & my Daughter-in-law namely SUSHILA DEVI @ KAMMO aged about 48 years and Grand-children namely SAHIL & TANISH and another Daughter-in-law namely "LACHCHO" aged about 43 years W/o late Chandi Ram and Grand-children namely ROHIT & MOHIT & my real daughter namely "USHA DEVI", who are residing separately from my house, I have disowned/disinherited them from my moveable and immoveable properties. If any person's deal with any consideration amount they have sole responsible.

### PUBLIC NOTICE

Information is given to general public at large that our client Sh. Vijay Singh Rawat is the owner of Freehold Residential Plot area measuring 50 sq. yds. Out of Rect no. 54, Killa no. 11 Situated in the area of Village Karawal Nagar Illaqa Shahdara Delhi. Vide General Power of Attorney & Agreement to Sell (Notarized) dated 12.05.1983 Our client is declaring that that any other Person does not have any right over the said property, and same property sold to be Smt. Savita which is to be financed by Piramal Capital & Housing Finance Ltd. Branch: 2E/22, Second Floor Jhandewalan Ext. Delhi -110055 If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਵਿ.ਇੰਜੀ./ਕ. ਵਿ., ਡੀ. ਆਰ. ਐਮ. ਆਫਿਸ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਕੰਮ ਲਈ ਖੁਲੀ ਟੈਂਡਰਾਂ ਦੀ ਮੰਗ ਕਰਦੇ ਹਨ।

| | |
|---|---|
| 1 | **ਕੰਮ ਦਾ ਨਾਮ ਤੇ ਜਗ੍ਹਾਂ :** ਮੌਜੂਦਾ ਵਾਸ਼ਿੰਗ ਲਾਇਨ ਨੰਬਰ 1, 2, 3, 4 ਅਤੇ 5 ਦੇ ਵਿਯੁਤੀਕਰਣ ਦੇ ਸਬੰਧ ਵਿਚ 25 ਕੇਵੀ ਏਸੀ ਓਐਚਈ ਦਾ ਡਿਜਾਇਨ, ਆਪੂਰਤੀ, ਨਿਰਮਾਣ, ਪਰੀਖਸ਼ਣ ਅਤੇ ਕਮੀਸ਼ਨਿੰਗ ਦਿੱਲੀ ਸਰਾਏ ਰੋਹਿਲਾ ਸਟੇਸ਼ਨ ਉਤੇ। |
| 2 | **ਅਨੁਮਾਨਿਤ ਲਾਗਤ :** ਰੁ: 1,19,43,820.64/- |
| 3 | **ਬਿਆਨਾ ਰਾਸ਼ੀ :** ਰੁ: 2,09,700/- |
| 4 | **ਈ-ਟੈਂਡਰ ਆਨਲਾਈਨ ਸ਼ੁਰੂ ਹੋਣ ਦੀ ਮਿਤੀ :** 16.07.2024 (10.30 ਵਜੇ) ਤੋਂ 30.07.2024 (15:00 ਵਜੇ ਤਕ) |
| 5 | **ਈ-ਟੈਂਡਰ ਸਮਾਪਨ ਦੀ ਆਖਰੀ ਮਿਤੀ ਅਤੇ ਈ-ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ :** 30.07.2024 (15.00 ਵਜੇ) |
| 6 | **ਟੈਂਡਰ ਛਪਾਈ ਦੀ ਲਾਗਤ :** Capital (20427103) |
| 7 | **ਵੇਬਸਾਈਟ ਵੇਰਵਾ ਜਿਥੋਂ ਟੈਂਡਰ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾਂ ਸਕਦਾ ਹੈ :** www.ireps.gov.in |

ਨੰ: 14A-ਕ.ਵਿ.-ਨਵੀਂ ਦਿੱਲੀ-2024-25 ਮਿਤੀ : 05.07.2024 2053/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸਾਰਵਜਨਿਕ ਸੂਚਨਾ

आज़ादी का अमृत महोत्सव

**ਮਾਨਸੂਨ ਸਬੰਧੀ ਸਲਾਹ !**




ਮਾਨਸੂਨ ਸਬੰਧੀ ਬਿਜਲੀ ਸੁਰੱਖਿਆ ਸੁਝਾਅ
Electrical Safety Tips for Monsoon

ਕੁਝ ਮਾਮੂਲੀ ਸਾਵਧਾਨੀਆਂ ਅਤੇ ਹਾਈ ਵੋਲਟੇਜ ਬਿਜਲੀ ਉਪਕਰਣਾਂ ਤੋਂ ਦੂਰੀ ਬਨਾਉਣ ਭਰ ਨਾਲ ਸੁਰੱਖਿਅਤ ਰਹਿਣ ਵਿਚ ਮਦਦ ਮਿਲੇਗੀ

- ਬਿਜਲੀ ਦੇ ਖੰਭਿਆਂ, ਤਾਰ, ਸਬ-ਸਟੇਸ਼ਨ, ਟ੍ਰਾਂਸਫਾਰਮਰ ਅਤੇ ਸਟ੍ਰੀਟਲਾਈਟ ਆਦਿ ਤੋਂ ਦੂਰ ਰਹੋ।
- ਬੱਚਿਆਂ ਨੂੰ ਬਿਜਲੀ ਦੇ ਉਪਕਰਣਾਂ ਦੇ ਆਸਪਾਸ ਨਾ ਖੇਡਣ ਦਿਉ ਅਤੇ ਐਸੇ ਪਾਰਕ ਵਿਚ ਨਾ ਖੇਡਣ ਜਿਥੇ ਪਾਣੀ ਭਰਿਆ ਹੋਵੇ ਅਤੇ ਪਾਰਕ ਦੀ ਰੇਲਿੰਗ ਨੂੰ ਛੋਹਣ ਤੋਂ ਬਚੋ।
- ਜੇਕਰ ਤੁਹਾਨੂੰ ਕੋਈ ਡਿੱਗੀ ਹੋਈ ਤਾਰ, ਪੋਲ, ਬਾਹਰ ਦੇ ਵੱਲ ਨਿਕਲੀ ਹੋਈ ਵਾਯਰਿੰਗ ਜਾਂ ਸੜਕ ਉਤੇ ਖੁਦਾਈ ਦਿਸੇ ਤਾਂ ਇਸ ਦੇ ਬਾਰੇ ਵਿਚ ਨੇੜੇ ਦੇ ਰੇਲਵੇ ਕਰਮਚਾਰੀ ਨੂੰ ਦੱਸੋ।
- ਕਿਸੇ ਇਲੈਕਿਟ੍ਰਸਿਟੀ ਸਿਸਟਮ ਵਿਚ ਹੋਈ ਹੁਕਿੰਗ ਕਰਕੇ ਬਿਜਲੀ ਚੋਰੀ ਕਰਨ ਦੀ ਕੋਸ਼ਿਸ਼ ਨਾਲ ਸੁਰੱਖਿਆ ਨੂੰ ਲੈ ਕੇ ਗੰਭੀਰ ਖਤਰਾ ਪੈਦਾ ਹੋ ਸਕਦਾ ਹੈ। ਬਿਜਲੀ ਚੋਰੀ ਦੀਆਂ ਘਟਨਾਵਾਂ ਦੇ ਬਾਰੇ ਵਿਚ ਕਿਰਪਾ ਜਾਣਕਾਰੀ ਦਿਉ।

**"RAILWAY BIJLI SAMADHAAN" (RBS) ਡਾਊਨਲੋਡ ਕਰੋ**

Scan **QR code** to download app

RBS APP ਨੂੰ ਖੋਹਲੋ, ਮੋਬਾਈਲ ਨੰਬਰ ਦੀ ਸਹਾਇਤਾ ਨਾਲ ਖੁਦ ਨੂੰ ਰਜਿਸਟਰਡ ਕਰੋ।

ਬਿਜਲੀ ਸਬੰਧੀ ਆਪਣੀ ਸ਼ਿਕਾਇਤ ਨੂੰ APP ਦੇ ਮਾਧਿਅਮ ਨਾਲ ਦਰਜ਼ ਕਰਾਉ।

- ਬਿਨਾ ਯੋਜਨਾ ਦੇ ਖੁਦਾਈ ਕਰਨ ਜਾਂ ਟ੍ਰੈਂਚਲੇਸ ਮਸ਼ੀਨ ਦਾ ਇਸਤੇਮਾਲ ਕਰਨ ਨਾਲ ਇਲੈਕਿਟ੍ਰਸਿਟੀ ਸਪਲਾਈ ਵਿਚ ਰੁਕਾਵਟ ਹੋ ਸਕਦੀ ਹੈ। ਸਾਰੇ ਸਬੰਧਿਤ ਵਿਭਾਗ ਜਿਵੇਂ ਨਗਰ ਨਿਗਮ ਰਾਜ ਵਿਭਾਗ, ਬਿਜਲੀ ਬੋਰਡ ਵਿਭਾਗ (ਇੰਜੀਨੀਅਰਿੰਗ, ਸਿਗਨਲ ਅਤੇ ਦੂਰਸੰਚਾਰ) ਨੂੰ ਬੇਨਤੀ ਹੈ ਕਿ ਅਜਿਹੇ ਕਿਸੇ ਵੀ ਕੰਮ ਦੀ ਜਾਣਕਾਰੀ ਹੇਠਾਂ ਦਿਤੇ ਮੋਬਾਈਲ ਨੰਬਰ ਤੇ ਦੇਣ।

DANGER ਖਤਰਾ

ਸੰਪਰਕ ਕਰੋ:
011-42627151, 9717632789
9717633727

**ਉੱਤਰ ਰੇਲਵੇ**
www.nr.indianrailways.gov.in
ਸਾਨੂੰ ਫਾਲੋ ਕਰੋ : /RailMinIndia

2042/24

## ਵਿਦੇਸ਼ ਭੇਜਣ ਦੇ ਨਾਂ 'ਤੇ ਕੀਤੀ ਢਾਈ ਲੱਖ ਰੁਪਏ ਦੀ ਠੱਗੀ, ਪੁਲਸ ਵੱਲੋਂ ਮਾਮਲਾ ਦਰਜ

ਨਵਾਂਸ਼ਹਿਰ 6 ਜੁਲਾਈ। ਥਾਣਾ ਸਦਰ ਨਵਾਂਸ਼ਹਿਰ ਪੁਲਸ ਨੇ ਇਕ ਵਿਆਕਤੀ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨੇ ਵਾਲੇ ਵਿਅਕਤੀ ਖਿ਼ਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਕਿੱਤੀ ਸ਼ਿਕਾਇਤ ਵਿੱਚ ਪੀੜਤ ਨਰੇਸ਼ ਕੁਮਾਰ ਨਿਵਾਸੀ ਸਨਾਵਾ ਨੇ ਦੱਸਿਆ ਕਿ ਉਨ੍ਹਾਂ ਨੇ ਮਾਮਲੇ ਵਿੱਚ ਨਾਮਜਦ ਕਥਿਤ ਦੋਸ਼ੀ ਕਸ਼ਮੀਰ ਸਿੰਘ ਨੂੰ ਵਿਦੇਸ਼ ਜਾਣ ਦੇ ਲਈ ਢਾਈ ਲੱਖ ਰੁਪਏ ਦਿੱਤੇ ਸਨ ਪਰ ਕਥਿਤ ਦੋਸ਼ੀ ਨੇ ਨਾ ਉਸ ਨੂੰ ਵਿਦੇਸ਼ ਭੇਜਿਆ ਨਾ ਹੀ ਉਨ੍ਹਾਂ ਦੀ ਪੈਸੇ ਅਤੇ ਕਾਗਜਾਤ ਵਾਪਸ ਕੀਤੇ। ਮਾਮਲੇ ਦੀ ਜਾਂਚ ਆਰਥਿਕ ਅਪਰਾਧ ਸ਼ਾਖਾ ਨੇ ਕਰਨ ਦੇ ਉਪਰੰਤ ਕਥਿਤ ਦੋਸ਼ੀ ਕਸ਼ਮੀਰ ਸਿੰਘ ਖਿ਼ਲਾਫ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

## ਮਾਪਿਆਂ ਦਾ ਸਹਾਰਾ ਬਨਣ ਲਈ ਪਾਰਟ ਟਾਈਮ ਕੰਮ 'ਤੇ ਲੱਗੀ ਕੁੜੀ ! ਅੱਗਿਓਂ ਮਾਲਕ ਨੇ ਰੋਲ ਦਿੱਤੀ ਪੱਤ

ਲੁਧਿਆਣਾ 6 ਜੁਲਾਈ। ਪੜ੍ਹਾਈ ਦੇ ਨਾਲ-ਨਾਲ ਖਰਚਾ ਚਲਾਉਣ ਲਈ ਮੁਨਿਆਰੀ ਦੀ ਦੁਕਾਨ 'ਤੇ ਲੱਗੀ 11ਵੀਂ ਦੀ ਵਿਦਿਆਰਥਣ ਦੀ ਮਜਬੂਰੀ ਦਾ ਫਾਇਦਾ ਚੁੱਕ ਕੇ ਮਾਲਕ ਉਸ ਨੂੰ ਆਪਣੇ ਘਰ ਲੈ ਗਿਆ ਅਤੇ ਨਸ਼ੀਲਾ ਪਦਾਰਥ ਖੁਆ ਕੇ ਬੇਹੋਸ਼ ਕਰ ਕੇ ਜਬਰ-ਜ਼ਨਾਹ ਕੀਤਾ। ਇਸ ਮਾਮਲੇ 'ਚ ਥਾਣਾ ਸਦਰ ਦੀ ਪੁਲਸ ਨੇ 64 ਬੀ. ਐੱਨ. ਐੱਸ. ਅਤੇ ਪੋਕਸੋ ਐਕਟ ਤਹਿਤ ਕੇਸ ਦਰਜ ਕੀਤਾ ਹੈ। ਜਾਂਚ ਅਧਿਕਾਰੀ ਹਰਬੰਸ ਸਿੰਘ ਅਨੁਸਾਰ ਮੁਲਜ਼ਮ ਦੀ ਪਛਾਣ ਵਿਵੇਕ ਮਹਿਤਾ 55 ਵਜੋਂ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਮਾਂ ਨੇ ਦੱਸਿਆ ਕਿ ਉਸ ਦੀ ਨਾਬਾਲਗ ਬੇਟੀ ਆਪਣੇ ਪਿਤਾ ਨਾਲ ਰਹਿੰਦੀ ਹੈ ਅਤੇ 20 ਦਿਨ ਪਹਿਲਾਂ ਹੀ ਕੰਮ 'ਤੇ ਲੱਗੀ ਸੀ। ਬੀਤੀ 14 ਜੂਨ ਨੂੰ ਉਕਤ ਮੁਲਜ਼ਮ ਬਹਾਨੇ ਨਾਲ ਬੇਟੀ ਨੂੰ ਆਪਣੇ ਨਾਲ ਘਰ ਲੈ ਗਿਆ ਅਤੇ ਨਸ਼ੀਲੇ ਪਦਾਰਥ ਦੇ ਕੇ ਜਬਰ-ਜ਼ਿਨਾਹ ਕੀਤਾ। ਬੀਤੀ 27 ਜੂਨ ਨੂੰ ਬੇਟੀ ਨੇ ਉਸ ਨੂੰ ਸਾਰੀ ਦਾਸਤਾਂ ਸੁਣਾਈ, ਜਿਸ ਤੋਂ ਬਾਅਦ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ।

# ਸਾਵਧਾਨ ! ਮੁੰਡੇ ਨੇ ਕੁੜੀ ਦੀ ਫੋਟੋ ਲਗਾ ਕੇ ਸਨੈਪਚੇਟ 'ਤੇ ਭੇਜੀ ਫ੍ਰੈਂਡ ਰਿਕੁਐਸਟ, ਅਕਸੈਪਟ ਕਰਨ ਮਗਰੋਂ ਹੋਇਆ ਉਹ ਜੋ ਸੋਚਿਆ ਨਾ ਸੀ

ਲੁਧਿਆਣਾ 6 ਜੁਲਾਈ। ਸਨੇਪਚੈਟ ਆਈ. ਡੀ. 'ਤੇ ਕੁੜੀ ਦੀ ਫੋਟੋ ਲਾ ਕੇ ਕੁੜੀ ਨੂੰ ਭੇਜੀ ਰਿਕੁਐਸਟ ਅਕਸੈਪਟ ਹੋਣ 'ਤੇ ਨੌਜਵਾਨ ਵੱਲੋਂ ਬਲੈਕਮੇਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਗੱਲ ਪੁਲਸ ਦੇ ਧਿਆਨ 'ਚ ਆਉਣ 'ਤੇ ਮਾਮਲਾ ਦਰਜ ਕਰਕੇ ਲੜਕੇ ਦੀ ਭਾਲ ਸੁਰੂ ਕਰ ਦਿੱਤੀ ਹੈ। ਡਿਵੀਜਨ ਨੰ. 7 ਦੀ ਪੁਲਸ ਨੇ ਕੁੜੀ ਦੀ ਸਿ਼ਕਾਇਤ 'ਤੇ ਮਾਮਲਾ ਦਰਜ ਕਰਦੇ ਦੱਸਿਆ ਕਿ ਨਿਤਿਸ ਸੈਣੀ ਨਾਮ ਦੇ ਲੜਕੇ ਨੇ ਪਹਿਲਾਂ ਤਾਂ ਸਨੇਪਚੈਟ ਆਈ. ਡੀ. 'ਤੇ ਕੁੜੀ ਦੀ ਫੋਟੋ ਲਗਾ ਕੇ ਕੁੜੀ ਨੂੰ ਫ੍ਰੈਂਡ ਰਿਕੁਐਸਟ ਭੇਜੀ। ਜਦੋਂ ਲੜਕੀ ਨੇ ਗਲਤਫਹਿਮੀ 'ਚ ਰਿਕੁਐਸਟ ਅਕਸੈਪਟ ਕਰ ਲਈ ਤਾਂ ਉਸ ਨੂੰ ਗਲਤ ਮੈਸੇਜ ਕਰਨ ਲੱਗਿਆ, ਜਦੋਂ ਕੁੜੀ ਨੇ ਬਲੌਕ ਕਰ ਦਿੱਤਾ ਤਾਂ ਸਨੇਪਚੈਟ ਤੋਂ ਫੋਨ ਕਰਕੇ ਮੁੰਡੇ ਦੀ ਭੈਣ ਨੇ ਕਿਹਾ ਕਿ ਦੀਦੀ ਘਬਰਾਓ ਨਾ ਇਹ ਮੇਰੀ ਆਈ. ਡੀ. ਹੈ। ਮੇਰੇ ਭਰਾ ਨੇ ਫੋਨ ਚੈੱਕ ਕੀਤਾ ਸੀ ਕਿ ਕਿਤੇ ਕਿਸੇ ਮੁੰਡੇ ਨਾਲ ਗੱਲ ਤਾਂ ਨਹੀਂ ਕਰਦੀ, ਮੈਨੂੰ ਅਨਬਲੌਕ ਕਰ ਦਿਓ। ਜਦੋਂ ਮੈਂ ਅਨਬਲੌਕ ਕਰ ਦਿੱਤਾ, ਫਿਰ ਥੋੜ੍ਹੇ ਦਿਨਾਂ ਬਾਅਦ ਮੈਨੂੰ ਮੈਸੇਜ ਆਇਆ ਕਿ ਮੈਂ ਤੁਆਡੀ ਆਈ. ਡੀ. ਪਾਪੂਲਰ ਕਰ ਦੇਣੀ ਹੈ, ਨਹੀਂ ਤਾਂ ਤੁਹਾਡੇ ਨੰਬਰ 'ਤੇ ਇਕ ਓ. ਟੀ. ਪੀ. ਆਇਆ ਹੈ, ਉਹ ਦੇ ਦਿਓ। ਜਦੋਂ ਮੈਂ ਓ. ਟੀ. ਪੀ. ਦੇ ਦਿੱਤਾ ਤਾਂ ਉਨ੍ਹਾਂ ਮੇਰਾ ਸਨੈਪਚੈਟ, ਵਟਸਐਪ ਅਤੇ ਇੰਸਟਾਗ੍ਰਾਮ



ਨੂੰ ਹੈਕ ਕਰਕੇ ਫੋਟੋਆਂ ਐਡਿਟ ਕਰਕੇ ਵਾਇਰਲ ਕਰਨ ਦਾ ਡਰਾਵਾ ਦੇ ਕੇ ਕੁੜੀ ਨੂੰ ਗੱਲ ਕਰਨ ਲਈ ਮਜਬੂਰ ਕਰਨ ਲੱਗਿਆ। ਕੁੜੀ ਨੇ ਦੱਸਿਆ ਕਿ ਜਦੋਂ ਉਹ ਮੰਦਰ ਮੱਥਾ ਟੇਕ ਕੇ ਬਾਹਰ ਆਈ ਤਾਂ ਉਪਰੋਕਤ ਮੁੰਡੇ ਨੇ ਜਬਰਦਸਤੀ ਮੇਰਾ ਹੱਥ ਫੜ ਕੇ ਆਪਣੀ ਸਕੂਟਰੀ 'ਤੇ ਬਿਠਾਉਣ ਦੀ ਕੋਸਿ਼ਸ ਕੀਤੀ ਅਤੇ ਮੇਰਾ ਹੱਥ ਫੜ੍ਹ ਕੇ ਫੋਟੋ ਵੀ ਖਿੱਚ ਲਈ ਅਤੇ ਧਮਕਾਉਣ ਲੱਗਾ। ਕੁੜੀ ਦੇ ਬਿਆਨਾਂ ਮਗਰੋਂ ਪੁਲਸ ਨੇ ਮਾਮਲਾ ਦਰਜ ਕਰਕੇ ਉਪਰੋਕਤ ਲੜਕੇ ਦੀ ਭਾਲ ਸੁਰੂ ਕਰ ਦਿੱਤੀ ਹੈ।

## ਤੁਹਾਡਾ ਲੜਕਾ ਐਕਸੀਡੈਂਟ ਕੇਸ 'ਚ ਫਸ ਗਿਆ ਹੈ, ਵਿਦੇਸ਼ੀ ਨੰਬਰ ਤੋਂ ਆਏ ਫੋਨ ਨੇ ਪਿਤਾ ਦੇ ਉਡਾਏ ਹੋਸ਼

ਭਵਾਨੀਗੜ੍ਹ 6 ਜੁਲਾਈ। ਸ਼ਾਤਰ ਠੱਗ ਅੱਜਕਲ੍ਹ ਭੋਲੇ-ਭਾਲੇ ਲੋਕਾਂ ਨੂੰ ਠੱਗਣ ਦੇ ਨਵੇਂ-ਨਵੇਂ ਤਰੀਕੇ ਅਪਣਾ ਰਹੇ ਹਨ ਅਤੇ ਕਈ ਵਾਰ ਲੋਕ ਇਨ੍ਹਾਂ ਦੀਆਂ ਗੱਲਾਂ 'ਚ ਫਸ ਕੇ ਆਪਣੇ ਆਪ ਨੂੰ ਇਨ੍ਹਾਂ ਦਾ ਸ਼ਿਕਾਰ ਬਣਾ ਬੈਠਦੇ ਹਨ। ਅਜਿਹਾ ਹੀ ਇਕ ਮਾਮਲਾ ਭਵਾਨੀਗੜ੍ਹ ਦੇ ਪਿੰਡ ਬਾਲਦ ਕਲਾਂ ਵਿਚ ਉਸ ਸਮੇਂ ਸਾਹਮਣੇ ਆਇਆ ਜਦੋਂ ਵਿਦੇਸੀ ਨੰਬਰ ਤੋਂ ਫੋਨ ਕਾਲ ਕਰਨ ਵਾਲੇ ਇਕ ਸ਼ਾਤਰ ਠੱਗ ਨੇ ਬੜੀ ਚਲਾਕੀ ਨਾਲ ਵਿਅਕਤੀ ਕੋਲੋਂ 45 ਹਜਾਰ ਰੁਪਏ ਠੱਗ ਲਏ। ਹਾਲਾਂਕਿ ਠੱਗੀ ਦਾ ਸ਼ਿਕਾਰ ਹੋਏ ਵਿਅਕਤੀ ਦੀ ਸਿ਼ਕਾਇਤ 'ਤੇ ਪੁਲਸ ਵੱਲੋਂ ਅਣਪਛਾਤੇ ਵਿਅਕਤੀ ਖਿ਼ਲਾਫ ਕੇਸ ਦਰਜ ਕਰ ਲਿਆ ਗਿਆ ਹੈ। ਦਰਅਸਲ ਲਗਭਗ 3 ਮਹੀਨੇ ਪਹਿਲਾਂ ਨੇੜਲੇ ਪਿੰਡ ਬਾਲਦ ਕਲਾਂ ਦੇ ਰਹਿਣ ਵਾਲੇ ਮਨਜੀਤ ਸਿੰਘ ਨੂੰ ਇਕ ਵਿਦੇਸੀ ਨੰਬਰ ਤੋਂ ਫੋਨ ਆਇਆ ਜਿਸ ਵਿਚ ਬੋਲਣ ਵਾਲੇ ਵਿਅਕਤੀ ਨੇ ਮਨਜੀਤ ਸਿੰਘ ਨੂੰ ਕਿਹਾ ਕਿ ਤੁਹਾਡਾ ਲੜਕਾ ਇਕ ਐਕਸੀਡੈਂਟ ਕੇਸ ਵਿਚ ਫਸ ਗਿਆ ਹੈ ਅਤੇ ਜੇਕਰ ਤੁਸੀਂ ਮਾਮਲੇ ਦਾ ਨਿਪਟਾਰਾ ਕਰਨਾ ਚਾਹੁੰਦੇ ਹੋ ਤਾਂ ਮੈਨੂੰ 2 ਲੱਖ ਰੁਪਏ ਟ੍ਰਾਂਸਫਰ ਕਰ ਦਿਓ। ਫੋਨ ਕਰਨ ਵਾਲੇ ਵਿਅਕਤੀ ਦੇ ਕਹਿਣ 'ਤੇ ਮਨਜੀਤ ਸਿੰਘ ਨੇ ਗੂਗਲ ਪੇਅ ਰਾਹੀਂ ਵਿਅਕਤੀ ਦੇ ਖਾਤੇ 'ਚ 45 ਹਜਾਰ ਰੁਪਏ ਟਰਾਂਸਫਰ ਕਰ ਦਿੱਤੇ। ਇਸ ਮਗਰੋਂ ਮਨਜੀਤ ਸਿੰਘ ਨੂੰ ਵਿਅਕਤੀ 'ਤੇ ਕੁੱਝ ਸੱਕ ਪਿਆ ਤੇ ਇਸੇ ਦੌਰਾਨ ਮਨਜੀਤ ਕੋਲ ਆਏ ਉਸਦੇ ਲੜਕੇ ਦੇ ਫੋਨ ਤੋਂ ਬਾਅਦ ਸਥਿਤੀ ਸਪੱਸ਼ਟ ਹੋ ਗਈ ਕਿ ਅਜਿਹਾ ਕੋਈ ਮਾਮਲਾ ਹੋਇਆ ਹੀ ਨਹੀਂ। ਇਸ ਉਪਰੰਤ ਮਨਜੀਤ ਸਿੰਘ ਨੂੰ ਅਹਿਸਾਸ ਹੋਇਆ ਕਿ ਉਸ ਨਾਲ ਧੋਖਾ ਹੋਇਆ ਹੈ।

# 50 ਲੱਖ ਰੁਪਏ ਦੀ ਫਿਰੌਤੀ ਨਾ ਦੇਣ ਦੇ ਚੱਲਦਿਆਂ ਚਲਾਈਆਂ ਅੰਨ੍ਹੇਵਾਹ ਗੋਲੀਆਂ, 2 ਜ਼ਖਮੀ

ਤਰਨਤਾਰਨ 6 ਜੁਲਾਈ। ਟੈਲੀਕਾਮ ਵਪਾਰੀ ਵੱਲੋਂ ਮੰਗੀ ਗਈ 50 ਲੱਖ ਰੁਪਏ ਦੀ ਫਿਰੌਤੀ ਨਾ ਦੇਣ ਦੇ ਚੱਲਦਿਆਂ ਮੰਗਲਵਾਰ ਸ਼ਾਮ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਸ਼ਰੇਆਮ ਗੋਲੀਆਂ ਮਾਰਦੇ ਹੋਏ ਮਾਲਕ ਨੂੰ ਜ਼ਖਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੌਰਾਨ ਫਰਾਰ ਹੋਣ ਸਮੇਂ ਮੁਲਜ਼ਮਾਂ ਵੱਲੋਂ ਕੀਤੀ ਗਈ ਫਾਇਰਿੰਗ ਦੌਰਾਨ ਦੋ ਹੋਰ ਵਿਅਕਤੀ ਵੀ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿਖੇ ਭਰਤੀ ਕਰਵਾ ਦਿੱਤਾ ਗਿਆ ਹੈ। ਇਸ ਵਾਰਦਾਤ ਤੋਂ ਬਾਅਦ ਕਸਬਾ ਚੋਹਲਾ ਸਾਹਿਬ ਦੇ ਸਮੂਹ ਦੁਕਾਨਦਾਰਾਂ ਵੱਲੋਂ ਪੁਲਸ ਪ੍ਰਸ਼ਾਸਨ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਤੋਂ ਬਾਅਦ ਮੌਕੇ 'ਤੇ ਪੁੱਜੇ ਐੱਸ. ਐੱਸ. ਪੀ. ਅਸ਼ਵਨੀ ਕਪੂਰ ਵੱਲੋਂ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕਰਨ ਦੇ ਦਿੱਤੇ ਵਿਸ਼ਵਾਸ ਤੋਂ ਬਾਅਦ ਮਾਹੌਲ ਸ਼ਾਂਤ ਕੀਤਾ ਗਿਆ। ਇਸ ਸਬੰਧੀ ਥਾਣਾ ਚੋਹਲਾ ਸਾਹਿਬ ਦੀ ਪੁਲਸ ਵੱਲੋਂ ਮਾਮਲਾ ਦਰਜ ਕਰ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਚੋਹਲਾ ਸਾਹਿਬ ਜੋ ਬਾਜ਼ਾਰ ਵਿਚ ਪ੍ਰੀਤ ਟੈਲੀਕਾਮ ਦਾ ਕਾਰੋਬਾਰ ਚਲਾਉਂਦਾ ਹੈ ਨੂੰ ਬੀਤੇ ਕੁਝ ਦਿਨ ਪਹਿਲਾਂ ਅੱਤਵਾਦੀ ਲਖਬੀਰ ਸਿੰਘ ਲੰਡਾ, ਸਤਨਾਮ ਸਿੰਘ ਸੱਤਾ ਨੌਸ਼ਹਿਰਾ ਪੰਨੂਆਂ ਵੱਲੋਂ ਫੋਨ ਕਾਲ ਕਰਦੇ ਹੋਏ 50 ਲੱਖ ਰੁਪਏ ਦੀ ਫਿਰੌਤੀ ਮੰਗੀ ਜਾ ਰਹੀ ਸੀ, ਜਿਸ ਸਬੰਧੀ ਦੁਕਾਨ ਮਾਲਕ ਵੱਲੋਂ ਪੁਲਸ ਨੂੰ ਜਾਣਕਾਰੀ ਵੀ



ਦਿੱਤੀ ਗਈ। ਮੰਗਲਵਾਰ ਸ਼ਾਮ ਜਦੋਂ ਦੁਕਾਨ ਮਾਲਕ ਗੁਰਵਿੰਦਰ ਸਿੰਘ ਆਪਣੀ ਦੁਕਾਨ ਵਿਚ ਮੌਜੂਦ ਸੀ ਤਾਂ ਇਕ ਵਿਅਕਤੀ ਵੱਲੋਂ ਦੁਕਾਨ ਅੰਦਰ ਦਾਖਲ ਹੋ ਕੇ ਕੁਝ ਸਾਮਾਨ ਦੀ ਖਰੀਦ ਕਰਨੀ ਸ਼ੁਰੂ ਕਰ ਦਿੱਤੀ ਗਈ। ਇਸ ਦੌਰਾਨ ਮੌਕਾ ਵੇਖਦੇ ਹੀ ਉਸ ਵੱਲੋਂ ਹੱਥ ਵਿਚ ਫੜ੍ਹੇ ਦੇਸੀ ਪਿਸਤੌਲ ਰਾਹੀਂ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ, ਜਿਸ ਦੌਰਾਨ ਗੁਰਵਿੰਦਰ ਸਿੰਘ ਨੂੰ 3 ਗੋਲੀਆਂ ਲੱਗਣ ਨਾਲ ਉਹ ਜ਼ਖਮੀ ਹੋ ਗਿਆ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਦੁਕਾਨ ਤੋਂ ਬਾਹਰ ਜਾਂਦੇ ਸਮੇਂ ਫਾਇਰਿੰਗ ਕਰਨ ਲੱਗ ਪਿਆ, ਜਿਸ ਦੇ ਚੱਲਦਿਆਂ ਸਤਨਾਮ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਚੋਹਲਾ ਸਾਹਿਬ ਦੀ ਲੱਤ 'ਚ ਇਕ ਗੋਲੀ ਲੱਗ ਗਈ ਜਦਕਿ ਦੁਕਾਨ ਉਪਰ ਕੰਮ ਕਰਨ ਵਾਲੇ ਕਰਮਚਾਰੀ ਸੋਨੂ ਵਰਮਾ ਵੀ ਮਾਮੂਲੀ ਜ਼ਖਮੀ ਹੋ ਗਿਆ। ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਆਪਣੇ ਦੂਸਰੇ ਸਾਥੀ ਨਾਲ ਮੋਟਰਸਾਈਕਲ ਉਪਰ ਬੈਠ ਮੌਕੇ ਤੋਂ ਫਰਾਰ ਹੋ ਗਏ। ਇਸ ਵਾਰਦਾਤ ਤੋਂ ਨਿਰਾਸ਼ ਦੁਕਾਨਦਾਰਾਂ ਵੱਲੋਂ ਪੁਲਸ ਪ੍ਰਸ਼ਾਸਨ ਖਿਲਾਫ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਦੇ ਹੋਏ ਨਾਅਰੇਬਾਜ਼ੀ ਕੀਤੀ ਗਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪੁੱਜੇ ਐੱਸ. ਐੱਸ. ਪੀ. ਅਸ਼ਵਨੀ ਕਪੂਰ, ਡੀ. ਐੱਸ. ਪੀ. ਰਵੀ ਸ਼ੇਰ ਸਿੰਘ, ਥਾਣਾ ਚੋਹਲਾ ਸਾਹਿਬ ਮੁਖੀ ਰਾਜ ਕੁਮਾਰ ਤੋਂ ਇਲਾਵਾ ਹੋਰ ਪੁਲਸ ਕਰਮਚਾਰੀਆਂ ਵੱਲੋਂ ਦੁਕਾਨ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰੇ ਨੂੰ ਕਬਜ਼ੇ 'ਚ ਲੈਂਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਐੱਸ. ਐੱਸ. ਪੀ. ਅਸ਼ਵਨੀ ਕਪੂਰ ਵੱਲੋਂ ਦੁਕਾਨਦਾਰਾਂ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਹਮਲਾਵਰਾਂ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇਗਾ।

## ਕੰਢੀ ਕਨਾਲ ਨਹਿਰ 'ਚ ਡੁੱਬਣ ਕਾਰਨ 24 ਸਾਲਾ ਨੌਜਵਾਨ ਦੀ ਮੌਤ

ਗੜ੍ਹਦੀਵਾਲਾ 6 ਜੁਲਾਈ। ਪਿੰਡ ਪੰਡੋਰੀ ਅਟਵਾਲ ਦੇ ਇਕ 24 ਸਾਲਾ ਨੌਜਵਾਨ ਦੀ ਕੰਢੀ ਕਨਾਲ ਨਹਿਰ ਵਿੱਚ ਡੁੱਬਣ ਕਾਰਨ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਭੁਪਿੰਦਰ ਕੁਮਾਰ ਪੁੱਤਰ ਸਕਤੀ ਕੁਮਾਰ ਵਾਸੀ ਪੰਡੋਰੀ ਅਟਵਾਲ ਵਜੋਂ ਹੋਈ ਹੈ। ਇਸ ਸਬੰਧੀ ਸਕਤੀ ਕੁਮਾਰ ਪੁੱਤਰ ਮਦਨ ਲਾਲ ਵਾਸੀ ਪੰਡੋਰੀ ਅਟਵਾਲ ਨੇ ਪੁਲਸ ਚੌਂਕੀ ਭੂੰਗਾ ਵਿਖੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦਾ ਲੜਕਾ ਭੁਪਿੰਦਰ ਕੁਮਾਰ ਜੋ ਟਰੈਕਟਰ ਮਕੈਨਿਕ ਦਾ ਕਮ ਕਰਦਾ ਸੀ ਅਤੇ ਉਸ ਨੇ ਪਿੰਡ ਵਿਚ ਹੀ ਦੁਕਾਨ ਪਾਈ ਹੋਈ ਸੀ। ਬੀਤੀ ਸਾਮ ਉਸ ਦਾ ਲੜਕਾ ਪਿੰਡ ਟੈਟਪਾਲ ਲਾਗੇ ਨਹਿਰ ਦੇ ਕੰਢੇ-ਕੰਢੇ ਸੈਰ ਕਰਨ ਗਿਆ ਸੀ। ਨਹਿਰ ਦੇ ਕੰਢੇ ਸੈਰ ਕਰਦੇ ਅਚਾਨਕ ਉਸ ਦਾ ਪੈਰ ਫਿਸਲ ਗਿਆ ਅਤੇ ਉਸ ਦਾ ਲੜਕਾ ਨਹਿਰ ਦੇ ਵਿੱਚ ਵਗਦੇ ਪਾਣੀ ਵਿੱਚ ਡਿੱਗ ਪਿਆ। ਜਿਸ ਦੀ ਪਾਣੀ ਵਿਚ ਡੁੱਬਣ ਨਾਲ ਮੌਤ ਹੋ ਗਈ। ਨਹਿਰ ਵਿੱਚ ਪਾਣੀ



ਜ਼ਿਆਦਾ ਹੋਣ ਕਰਕੇ ਰਾਤ ਉਸ ਦੇ ਲੜਕੇ ਦੀ ਲਾਸ਼ ਨਹੀਂ ਮਿਲੀ। ਅੱਜ ਬੁੱਧਵਾਰ ਸਵੇਰੇ ਅਸੀਂ ਨਹਿਰ ਦੇ ਪਾਣੀ ਨੂੰ ਬੰਦ ਕਰਾ ਕੇ ਅਸੀਂ ਭੁਪਿੰਦਰ ਕੁਮਾਰ ਦੀ ਲਾਸ਼ ਨੂੰ ਪਾਣੀ ਵਿਚੋਂ ਬਾਹਰ ਕੱਢ ਕੇ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਰੱਖਵਾ ਦਿਤਾ ਸੀ। ਇਹ ਹਾਦਸਾ ਕੁਦਰਤੀ ਅਤੇ ਅਚਾਨਕ ਪੈਰ ਫਿਸਲਣ ਕਰਕੇ ਵਾਪਰਿਆ ਹੈ। ਇਸ ਮੌਕੇ ਪੁਲਸ ਚੌਂਕੀ ਭੂੰਗਾ ਵੱਲੋਂ ਮ੍ਰਿਤਕ ਦੇ ਪਰਿਵਾਰ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਕੇ ਅਗਲੇਰੀ ਤਫਤੀਸ਼ ਆਰੰਭ ਕਰ ਦਿੱਤੀ ਗਈ।

## 7 ਸਾਲਾ ਬੱਚੇ ਦੀ ਭੇਤਭਰੀ ਹਾਲਤ 'ਚ ਮਿਲੀ ਲਾਸ਼, ਇਲਾਕੇ 'ਚ ਫੈਲੀ ਸਨਸਨੀ

ਨਿਹਾਲ ਸਿੰਘ ਵਾਲਾ 6 ਜੁਲਾਈ। ਥਾਣਾ ਨਿਹਾਲ ਸਿੰਘ ਵਾਲਾ ਦੇ ਪਿੰਡ ਲੁਹਾਰਾ ਵਿਖੇ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਇੱਕ 7



ਸਾਲਾ ਮੁੰਡੇ ਦੀ ਲਾਸ ਪਿੰਡ ਵਿੱਚੋਂ ਭੇਦ ਭਰੀ ਹਾਲਤ ਵਿੱਚ ਮਿਲੀ। ਮ੍ਰਿਤਕ ਸੁਖਮਨ ਸਿੰਘ ਪੁੱਤਰ ਸਵ. ਬਲਦੇਵ ਸਿੰਘ ਵਾਸੀ ਲੁਹਾਰਾ ਪਿੰਡ ਬਖਤਗੜ੍ਹ ਵਿਖੇ ਆਪਣੀ ਮਾਂ ਨਾਲ ਰਹਿੰਦਾ ਸੀ। ਪਰ ਉਸ ਦੀ ਲਾਸ਼ ਪਿੰਡ ਲੁਹਾਰਾ ਤੋਂ ਮਿਲਣ ਨਾਲ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਗਏ ਹਨ। ਹਰਦੀਪ ਸਿੰਘ ਪਿੰਡ ਲੁਹਾਰਾ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਕਿ ਜਦ ਉਹ ਆਪਣੇ ਖੇਤ ਫਸਲ ਨੂੰ ਪਾਣੀ ਲਾਉਣ ਲਈ ਜਾ ਰਿਹਾ ਸੀ ਤਾਂ ਉਸ ਨੇ ਬੱਚੇ ਦੀ ਲਾਸ਼ ਭੇਤਭਰੀ ਹਾਲਤ ਵਿੱਚ ਦੇਖੀ, ਜਿਸ ਦੀ ਜਾਣਕਾਰੀ ਉਸ ਨੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੂੰ ਦਿੱਤੀ। ਘਟਨਾ ਦਾ ਪਤਾ ਲੱਗਦਿਆਂ ਹੀ ਡੀ.ਐੱਸ.ਪੀ. ਨਿਹਾਲ ਸਿੰਘ ਵਾਲਾ ਪਰਮਜੀਤ ਸਿੰਘ, ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਅਫਸਰ ਅਮਰਜੀਤ ਸਿੰਘ ਅਤੇ ਸਹਾਇਕ ਥਾਣੇ ਦਾ ਲਖਵਿੰਦਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਗਏ ਤੇ ਮ੍ਰਿਤਕ 7 ਸਾਲਾ ਸੁਖਮਨ ਸਿੰਘ ਦੀ ਲਾਸ਼ ਨੂੰ ਆਪਣੇ ਕਬਜੇ ਵਿੱਚ ਲੈ ਲਿਆ ਹੈ। ਪਤਾ ਲੱਗਾ ਹੈ ਕਿ ਲੜਕੇ ਦੇ ਪਿਤਾ ਬਲਦੇਵ ਸਿੰਘ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ, ਜਿਸ ਤੋਂ ਬਾਅਦ ਸੁਖਮਨ ਸਿੰਘ ਦੀ ਮਾਤਾ ਆਪਣੇ ਬੱਚੇ ਸਮੇਤ ਲੁਹਾਰੇ ਤੋਂ ਚਲੀ ਗਈ ਸੀ ਅਤੇ ਪਿੰਡ ਬਖਤਗੜ੍ਹ ਵਿਖੇ ਰਹਿਣ ਲੱਗ ਗਈ ਸੀ। ਅਚਾਨਕ ਇਸ ਲੜਕੇ ਦੀ ਪਿੰਡ ਲੁਹਾਰਾ ਤੋਂ ਮ੍ਰਿਤਕ ਦੇਹ ਮਿਲਣ ਕਾਰਨ ਪਿੰਡ ਵਿੱਚ ਸਨਸਨੀ ਫੈਲ ਗਈ ਹੈ। ਪੁਲਸ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ਼ ਦਾ ਪੋਸਟਮਾਸਟਮ ਕਰਵਾ ਕੇ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਚੋਰੀ ਦੇ 9 ਮੋਟਰਸਾਈਕਲਾਂ ਸਮੇਤ 3 ਵਿਅਕਤੀ ਅੜਿੱਕੇ

ਬਟਾਲਾ 6 ਜੁਲਾਈ। ਥਾਣਾ ਸਦਰ ਦੀ ਪੁਲਸ ਨੇ 9 ਚੋਰੀ ਦੇ ਮੋਟਰਸਾਈਕਲਾਂ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਐੱਚ. ਓ. ਸੁਖਜਿੰਦਰ ਸਿੰਘ ਨੇ ਦੱਸਿਆ ਕਿ ਐੱਸ. ਐੱਸ. ਪੀ. ਬਟਾਲਾ ਅਸ਼ਵਿਨੀ ਗੋਟਿਆਲ ਅਤੇ ਡੀ. ਐੱਸ. ਪੀ. ਫਤਿਹਗੜ੍ਹ ਚੂੜੀਆਂ ਖੁਸ਼ਬੀਰ ਕੌਰ ਦੇ ਨਿਰਦੇਸ਼ਾਂ ਤਹਿਤ ਪੁਲਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਖਿ਼ਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸੇ ਲੜੀ ਤਹਿਤ ਏ. ਐੱਸ. ਆਈ. ਰਾਕੇਸ਼ ਕੁਮਾਰ ਨੇ ਪੁਲਸ ਪਾਰਟੀ ਸਮੇਤ ਹਾਈਵੇ ਪੁਲ ਹਰਦੋਝੰਡੇ ਤੋਂ ਨਾਕਾਬੰਦੀ ਦੌਰਾਨ ਦੋ ਵਿਅਕਤੀਆਂ ਦਿਲਪ੍ਰੀਤ ਸਿੰਘ ਅਤੇ ਸਹਿਜਪਾਲ ਸਿੰਘ ਦੋਵੇਂ ਵਾਸੀ ਕੋਟਲੀ ਢੋਲੇ ਸ਼ਾਹ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਉਕਤ ਮੁਲਜਮਾਂ ਦੀ ਨਿਸ਼ਾਨਦੇਹੀ ਤੋਂ ਇਨ੍ਹਾਂ ਦੇ ਇਕ ਸਾਥੀ ਸੁਮਨਦੀਪ ਸਿੰਘ ਵਾਸੀ ਅੱਚਲ ਸਾਹਿਬ ਬਟਾਲਾ ਨੂੰ 8 ਹੋਰ ਚੋਰੀ ਦੇ ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਉਕਤ ਮੁਲਜਮਾਂ ਨੂੰ ਗ੍ਰਿਫਤਾਰ ਕਰ ਕੇ ਕੇਸ ਦਰਜ ਕਰ ਲਿਆ ਹੈ।

## ਜਾਨੋਂ ਮਾਰਨ ਦੀ ਨੀਅਤ ਨਾਲ ਪਰਿਵਾਰ 'ਤੇ ਕੀਤਾ ਹਮਲਾ

ਬਟਾਲਾ 6 ਜੁਲਾਈ। ਘਰ 'ਚ ਦਾਖਲ ਹੋ ਕੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਕੀਤੇ ਹਮਲੇ ਨੂੰ 10 ਤੋਂ ਜਿ਼ਆਦਾ ਦਿਨ ਬੀਤ ਜਾਣ 'ਤੇ ਵੀ ਪੁਲਸ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਸਬੰਧੀ ਪੀੜਤ ਪਰਿਵਾਰ 'ਚ ਪੁਲਸ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੀ ਹੋਈ ਰਾਣੋ ਪਤਨੀ ਮੇਜਰ ਸਿੰਘ ਵਾਸੀ ਮਰੜ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ 16 ਦੇ ਕਰੀਬ ਵਿਅਕਤੀ ਅਤੇ 4 ਦੇ ਕਰੀਬ ਔਰਤਾਂ ਵੱਲੋਂ ਸਾਨੂੰ ਮਾਰਨ ਦੀ ਨੀਅਤ ਨਾਲ ਹਮਲਾ ਕੀਤਾ ਗਿਆ ਸੀ, ਜਿਸ 'ਤੇ ਉਹ, ਉਸ ਦਾ ਪਤੀ ਮੇਜਰ ਸਿੰਘ, ਲੜਕਾ ਬਿਕਰਮਜੀਤ ਸਿੰਘ, ਲੜਕਾ ਸੰਦੀਪ ਸਿੰਘ ਜ਼ਖਮੀ ਹੋ ਗਏ ਸਨ ਅਤੇ ਉਨ੍ਹਾਂ ਦਾ ਇਲਾਜ ਸਰਕਾਰੀ ਹਸਪਤਾਲ ਤੋਂ ਕਰਵਾਇਆ ਗਿਆ ਸੀ। ਜਦਕਿ ਉਸ ਦਾ ਲੜਕਾ ਸੰਦੀਪ ਸਿੰਘ ਅਜੇ ਵੀ ਸਰਕਾਰੀ ਹਸਪਤਾਲ 'ਚ ਜ਼ੇਰੇ ਇਲਾਜ ਹੈ। ਰਾਣੋ ਨੇ ਦੱਸਿਆ ਕਿ ਉਨ੍ਹਾਂ ਦੀ ਮੈਡੀਕਲ ਰਿਪੋਰਟ ਥਾਣਾ ਸਦਰ 'ਚ ਪਹੁੰਚ ਚੁੱਕੀ ਹੈ ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਜਲਦ ਇਨਸਾਫ ਨਾ ਦਿਵਾਇਆ ਤਾਂ ਉਹ ਐੱਸ. ਐੱਸ. ਪੀ. ਦਫਤਰ ਬਟਾਲਾ ਦਾ ਘਿਰਾਓ ਕਰਨਗੇ। ਇਸ ਮੌਕੇ ਜਦੋਂ ਦੂਜੀ ਧਿਰ ਸਰਬਜੀਤ ਸਿੰਘ ਸੱਬਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਰਾਣੋ ਦਾ ਲੜਕਾ ਗਲਤ ਹਰਕਤਾਂ ਕਰਦਾ ਸੀ ਅਤੇ ਅਸੀਂ ਉਸ ਨੂੰ ਰੋਕਦੇ ਸੀ, ਜਿਸ 'ਤੇ ਅਸੀਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਦੱਸਿਆ ਸੀ। ਉਨ੍ਹਾਂ ਦੱਸਿਆ ਕਿ ਰਾਣੋ ਦੇ ਲੜਕੇ ਸੰਦੀਪ ਸਿੰਘ ਨੇ ਆਪਣੇ 14 ਦੇ ਕਰੀਬ ਅਣਪਛਾਤੇ ਸਾਥੀਆਂ ਨਾਲ ਸਾਡੇ ਘਰ 'ਤੇ ਹਮਲਾ ਕਰਦੇ ਹੋਏ ਉਸ ਦੇ ਪਰਿਵਾਰ ਦੇ ਤਿੰਨ ਵਿਅਕਤੀਆਂ ਅਤੇ ਉਸ ਦੀ ਮਾਤਾ ਨੂੰ ਸੱਟਾਂ ਮਾਰ ਕੇ ਜ਼ਖਮੀ ਕਰ ਦਿੱਤਾ ਸੀ ਅਤੇ ਉਨ੍ਹਾਂ ਦੀ ਮੈਡੀਕਲ ਰਿਪੋਰਟ ਵੀ ਥਾਣਾ ਸਦਰ 'ਚ ਪਹੁੰਚ ਚੁੱਕੀ ਹੈ। ਇਸ ਸਬੰਧੀ ਜਦੋਂ ਐੱਸ. ਐੱਚ. ਓ. ਸੁਖਜਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ

## ਪਹਿਲਾਂ ਹਾਕੀ ਖਿਡਾਰੀ ਦਾ ਕੀਤਾ ਸੀ ਕਤਲ, ਹੁਣ ਜਮਾਨਤ 'ਤੇ ਬਾਹਰ ਆ ਕੇ ਪਿਤਾ ਨੂੰ ਵੀ ਦਿੱਤੀ ਜਾਨੋਂ ਮਾਰਨ ਦੀ ਧਮਕੀ

ਬਠਿੰਡਾ 6 ਜੁਲਾਈ। ਪਿੰਡ ਪੂਹਲੀ ਵਿਖੇ 2016 'ਚ ਹਾਕੀ ਖਿਡਾਰੀ ਮਨਜੀਤ ਸਿੰਘ ਦਾ ਪਿੰਡ ਦੇ ਹੀ ਇਕ ਨਸੇੜੀ ਅਤੇ ਉਸਦੇ ਪਿਤਾ ਵੱਲੋਂ ਘਰ ਵਿਚ ਦਾਖਲ ਹੋ ਕੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਜਿਸ ਤੋਂ ਬਾਅਦ



ਮੁਲਜਮਾਂ ਨੂੰ ਮਾਣਯੋਗ ਅਦਾਲਤ ਵੱਲੋਂ ਉਮਰ ਕੈਦ ਦੀ ਸਜਾ ਵੀ ਸੁਣਾਈ ਗਈ ਸੀ। ਕੁਝ ਦਿਨ ਪਹਿਲਾਂ ਮੁਲਜ਼ਮ ਪੱਕੀ ਜਮਾਨਤ 'ਤੇ ਜੇਲ੍ਹ 'ਚੋਂ ਬਾਹਰ ਆ ਗਿਆ ਅਤੇ ਮਨਜੀਤ ਸਿੰਘ ਦੇ ਪਿਤਾ ਸੰਤੋਖ ਸਿੰਘ ਜੋ ਕਿ ਕਿਰਤੀ ਕਿਸਾਨ ਯੂਨੀਅਨ ਦੇ ਇਕਾਈ ਪ੍ਰਧਾਨ ਹਨ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਸਬੰਧੀ ਐੱਸ. ਐੱਚ. ਓ. ਨਥਾਣਾ ਨੂੰ ਦਰਖਾਸਤ ਵੀ ਦਿੱਤੀ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਜਿਸ ਤੋਂ ਬਾਅਦ ਕਿਰਤੀ ਕਿਸਾਨ ਯੂਨੀਅਨ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦਾ ਵਫਦ ਐੱਸ. ਐੱਸ. ਪੀ. ਨੂੰ ਮਿਲਿਆ। ਯੂਨੀਅਨ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਜਿ਼ਲ੍ਹਾ ਕਨਵੀਨਰ ਸਵਰਨ ਸਿੰਘ ਪੂਹਲੀ ਅਤੇ ਰਜਿੰਦਰ ਸਿੰਘ ਢਿੱਲਵਾਂ ਨੇ ਦੱਸਿਆ ਕਿ ਪੂਰੇ ਮਸਲੇ ਵਿਚ ਨਾਥਾਣਾ ਥਾਣੇ ਦੀ ਢਿੱਲੀ ਕਾਰਗੁਜਾਰੀ ਰਹੀ। ਕਿਸਾਨ ਆਗੂ ਦੀ ਜਿ਼ੰਦਗੀ ਖਤਰੇ ਵਿਚ ਹੈ। ਉਨ੍ਹਾਂ ਐੱਸ. ਐੱਸ. ਪੀ. ਨੂੰ ਮੰਗ-ਪੱਤਰ ਸੌਂਪ ਕੇ ਮੁਲਜ਼ਮ ਦੀ ਜਮਾਨਤ ਰੱਦ ਕਰ ਕੇ ਉਸ 'ਤੇ ਕਾਰਵਾਈ ਕਰਨ ਦੀ ਮੰਗ ਕੀਤੀ। ਐੱਸ. ਐੱਸ. ਪੀ. ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਡੀ. ਐੱਸ. ਪੀ. ਭੁੱਚੋ ਦੀ ਜਿ਼ੰਮੇਵਾਰੀ ਲਗਾਈ ਗਈ ਹੈ ਜੋ 10 ਤਕ ਐੱਸ. ਐੱਸ. ਪੀ. ਨੂੰ ਰਿਪੋਰਟ ਕਰਨਗੇ। ਆਗੂਆਂ ਨੇ ਕਿਹਾ ਕਿ ਜੇਕਰ ਮੁਲਜ਼ਮ ਖਿਲਾਫ ਕਾਰਵਾਈ ਨਾ ਕੀਤੀ ਗਈ ਤਾਂ ਜਥੇਬੰਦੀ ਸੰਘਰਸ ਦੇ ਰਾਹ ਪੈਣ ਲਈ ਮਜਬੂਰ ਹੋਵੇਗੀ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੰਤੋਖ ਸਿੰਘ, ਜਸਵੰਤ ਸਿੰਘ, ਸੁਖਪਾਲ ਸਿੰਘ ਆਦਿ ਹਾਜਰ ਸਨ।



# ਹੈਡਫੋਨ ਤੇ ਆਰ. ਅਤੇ ਐਲ. ਕਿਉਂ ਲਿਖਿਆ ਹੁੰਦਾ ਹੈ

ਹੈਡਫੋਨ ਲਗਾ ਕੇ ਬਹੁਤ ਗਾਣੇ ਸੁਣ ਲਏ ਹੋਣਗੇ ਅਤੇ ਫਿਲਮਾਂ ਵੀ ਬਹੁਤ ਦੇਖੀਆਂ ਹੋਣਗੀਆਂ ਪਰ ਉਸੇ ਹੈਡਫੋਨ ਤੇ ਇਕ ਐਲ. ਦਾ ਅਤੇ ਦੂਜਾ ਆਰ. ਦਾ ਨਿਸ਼ਾਨ ਹੁੰਦਾ ਹੈ। ਉਹ ਪਤਾ ਹੈ ਕਿਉਂ ਹੁੰਦਾ ਹੈ, ਨਹੀਂ ਪਤਾ ਤਾਂ ਅਸੀਂ ਦੱਸਦੇ ਹਾਂ। ਸੁਲਝਾਉਣ ਵਿਚ ਅਕਸਰ ਸਾਡਾ ਦਿਮਾਗ ਹਾਰ ਮੰਨ ਲੈਂਦਾ ਹੈ। ਤੁਸੀਂ ਆਪਣੇ ਹੈਡਫੋਨ ਤੇ ਅਕਸਰ ਆਰ. ਅਤੇ ਐਲ. ਦੇਖਿਆ ਹੋਵੇਗਾ। ਉਸੇ ਅਨੁਸਾਰ ਉਹਨਾਂ ਨੂੰ ਕੰਨ ਵਿਚ ਲਗਾਉਂਦੇ ਹੋਵੋਗੇ। ਕੀ ਤੁਸੀਂ ਨੋਟਿਸ ਕੀਤਾ ਕਿ ਈਅਰਫੋਨ ਦੇ ਖੱਬੇ ਪਾਸੇ ਨੂੰ ਆਪਣੇ ਸੱਜੇ ਕੰਨ ਵਿਚ ਲਗਾਉਣ, ਰਾਈਟ ਸਾਈਡ ਨੂੰ ਲੈਫਟ ਕੰਨ ਤੇ ਲਗਾਉਣ ਨਾਲ ਕੋਈ ਫਰਕ ਨਹੀਂ ਪੈਂਦਾ? ਅਤੇ ਜਦੋਂ ਕੋਈ ਫਰਕ ਹੀ ਨਹੀਂ ਪੈਂਦ, ਆਵਾਜ਼ ਵੀ ਦੋਵਾਂ ਵਿਚ ਬਰਾਬਰ ਹੁੰਦੀ ਹੈ ਤਾਂ ਇਹ ਨਿਸ਼ਾਨ ਲਗਾਉਣ ਦਾ ਕੀ ਫਾਇਦਾ?



ਦਰਅਸਲ ਇਹ ਬੇਵਜ੍ਹਾ ਨਹੀਂ ਹੁੰਦੇ। ਇਯਦੇ ਪਿੱਛੇ ਬਹੁਤ ਸਾਰੇ ਵਾਜਬ ਕਾਰਨ ਹਨ। ਸਾਊਂਡ ਇੰਜੀਨੀਅਰਿੰਗ ਤੋਂ ਲੈ ਕੇ ਰਿਕਾਰਡਿੰਗ ਨਾਲ ਜੁੜੀਆਂ ਗੱਲਾਂ ਇਸਦੇ ਕਾਰਨਾਂ ਵਿਚੋਂ ਇਕ ਹਨ। ਸਭ ਤੋਂ ਪਹਿਲੀ ਵਜ੍ਹਾ ਹੈ ਰਿਕਾਰਡਿੰਗ।

ਜੇਕਰ ਸਟੀਰੀਓ ਰਿਕਾਰਡਿੰਗ ਦੇ ਸਮੇਂ ਕੋਈ ਸਾਊਂਡ ਖੱਬੇ ਪਾਸੇ ਤੋਂ ਆ ਰਹੀ ਹੈ, ਤਾਂ ਤੁਹਾਡੇ ਹੈਡਫੋਨ ਦੇ ਖੱਬੇ ਚੈਨਲ ਵਿਚ ਇਹ ਜ਼ਿਆਦਾ ਤੇਜ਼ ਸੁਣਾਈ ਦੇਵੇਗੀ ਅਤੇ ਰਾਈਟ ਚੈਨਲ ਵਿਚ ਥੋੜ੍ਹੀ ਧੀਮੀ। ਈਅਫੋਨ ਵਿਚ ਲੈਫਟ ਅਤੇ ਰਾਈਟ ਚੈਨਲ ਹੋਣ ਦਾ ਦੂਜਾ ਕਾਰਨ ਹੈ ਕਿ ਇਸ ਨਾਲ 2 ਧੁਨੀਆਂ ਨੂੰ ਅਲੱਗ ਅਲੱਗ ਕਰਕੇ ਸੁਣਨਾ ਆਸਾਨ ਹੋ ਜਾਂਦਾ ਹੈ। ਉਹਨਾਂ ਵਿਚਕਾਰ ਅੰਤਰ ਪਛਾਣ ਸਕਣਾ ਆਸਾਨ ਹੁੰਦਾ ਹੈ। ਕਈ ਅਜਿਹੇ ਗੀਤ ਹਨ, ਜਿਹਨਾਂ ਵਿਚ ਲਾਊਡ ਮਿਊਜ਼ੀਕਲ (ਉਦਾਹਰਣ ਢੋਲ) ਇੰਸਟ੍ਰੂਮੈਂਟਸ ਅਤੇ ਸਾਫਟ ਮਿਊਜ਼ੀਕਲ ਇੰਸਟ੍ਰੂਮੈਂਟ (ਉਦਾਹਰਣ ਬੰਸਰੀ) ਦੀ ਆਵਾਜ਼ ਇਕੱਠਿਆਂ ਹੁੰਦੀ ਹੈ। ਇਸ ਕਰਕੇ ਇੰਸਟ੍ਰੂਮੈਂਟ ਦੀ ਆਵਾਜ਼ ਦੂਜੇ ਦੀ ਆਵਾਜ਼ ਦੇ ਅੱਗੇ ਦਬ ਨਾ ਜਾਵੇ, ਇਸ ਕਰਕੇ ਦੋਵਾਂ ਦੀ ਆਵਾਜ਼ ਨੂੰ ਅਲੱਗ ਅਲੱਗ ਚੈਨਲ ਵਿਚ ਸੁਣਾਇਆ ਜਾਂਦਾ ਹੈ।

ਇਸ ਤੋਂ ਇਲਾਵਾ ਫਿਲਮਾਂ ਦੀ ਸਟੀਕ ਸਾਊਂਡ ਰਿਕਾਰਡਿੰਗ ਦੇ ਲਈ ਲੈਫਟ ਅਤੇ ਰਾਈਟ ਚੈਨਲ ਹੋਣਾ ਜ਼ਰੂਰੀ ਹੈ। ਤੁਸੀਂ ਕਦੀ ਕੋਈ ਫਿਲਮ ਆਪਣੇ ਲੈਪਟਾਪ ਜਾਂ ਫੋਨ ਤੇ ਈਅਰ ਫੋਨ ਦੇ ਜ਼ਰੀਏ ਦੇਖੀ ਹੋਵੇ? ਜੇਕਰ ਹਾਂ ਤਾਂ ਸ਼ਾਇਦ ਤੁਸੀਂ ਨੋਟਿਸ ਕੀਤਾ ਹੋਵੇਗਾ ਕਿ ਸਕ੍ਰੀਨ ਦੇ ਖੱਬੇ ਪਾਸੇ ਤੋ ਂਆਉਣ ਵਾਲੀ ਕਿਸੇ ਗੱਡੀ ਦੀ ਆਵਾਜ਼ ਪਹਿਲਾਂ ਲੈਫਟ ਕੰਨ ਵਾਲੀ ਵੱਲ ਹੀ ਆਉਂਦੀ ਹੈ ਅਤੇ ਹੌਲੀ-ਹੌਲੀ ਰਾਈਟ ਸਾਈਡ ਪਹੁੰਚਦੀ ਹੈ। ਅਜਿਹਾ ਇਸ ਕਰਕੇ ਕੀਤਾ ਜਾਂਦਾ ਹੈ ਕਿ ਦੇਖਣ ਵਾਲੇ ਨੂੰ ਉਥੇ ਹੋਣ ਦਾ ਅਹਿਸਾਸ ਹੋਵੇ।

## ਇਹ ਆਦਮੀ ਆਪਣੀ ਉਮਰ ਤੋਂ ਦਿਸਦਾ ਹੈ 10 ਸਾਲ ਛੋਟਾ

ਉਮਰ ਵਧਣ ਦੇ ਨਾਲ-ਨਾਲ ਚਿਹਰੇ ਅਤੇ ਸਰੀਰ ਵਿਚ ਵੀ ਤਬਦੀਲੀ ਆਉਂਦੀ ਹੈ। ਇਹ ਇਕ ਕੁਦਰਤੀ ਪ੍ਰਕਿਰਿਆ ਹੈ, ਇਨਸਾਨ ਦੇ ਪੈਦਾ ਹੋਣ ਦੇ ਨਾਲ ਹੀ ਜਿਵੇਂ-ਜਿਵੇਂ ਸਾਲ ਲੰਘਦੇ ਹਨ, ਉਸਦਾ ਵਿਕਾਸ ਹੁੰਦਾ ਰਹਿੰਦਾ ਹੈ। ਹੁਣ ਜੇਕਰ ਕਹੀਏ ਕਿ ਉਮਰ ਦਾ ਚਿਹਰੇ ਦੀ ਬਨਾਵਟ ਨਾਲ ਕੋਈ ਸਬੰਧ ਨਹੀਂ ਤਾਂ ਤੁਹਾਨੂੰ ਹੈਰਾਨੀ ਜ਼ਰੂਰ ਹੋਵੇਗੀ।



ਦਰਅਸਲ ਅਜਿਹਾ ਕੁਝ ਸਪੈਸ਼ਲ ਕੇਸਾਂ ਵਿਚ ਹੁੰਦਾ ਹੈ। 23 ਸਾਲ ਦੇ ਤੇਮਿਸਲੇਵ ਜਿਊਰੇਕ ਦੀ ਸਥਿਤੀ ਅਜਿਹੀ ਹੀ ਹੈ। ਜਿਊਰੇਕ ਆਪਣੀ ਉਮਰ ਤੋਂ 10 ਸਾਲ ਘੱਟ ਲੱਗਦਾ ਹੈ। ਅਜਿਹਾ ਨਹੀਂ ਹੈ ਕਿ ਉਹਨਾਂ ਨੂੰ ਕੋਈ ਬਿਮਾਰੀ ਹੈ ਬਲਕਿ ਉਹ ਸਿਹਤਮੰਦ ਹੈ ਅਤੇ ਆਪਣੇ ਸਾਰੇ ਕੰਮ ਵੀ ਕਰਦਾ ਹੈ।

ਮੈਡੀਕਲ ਸਾਇੰਸ ਦੀ ਮੰਨੀਏ ਤਾਂ ਸਾਡੇ ਸਰੀਰ ਦੇ ਵਿਕਾਸ ਪੀਯੂਸ਼ ਗ੍ਰੰਥੀ ਜਿਸਨੂੰ ਪਿਟਯੂਟਰੀ ਗਲੈਂਡ ਵੀ ਕਹਿੰਦੇ ਹਨ, ਨਾਲ ਹੁੰਦਾ ਹੈ। ਇਹ ਦਿਮਾਗ ਦੇ ਕੋਲ ਸਥਿਤ ਹੁੰਦੀ ਹੈ ਜੋ ਉਮਰ ਦੇ ਨਾਲ-ਨਾਲ ਵਿਕਸ ਦੇ ਲਈ ਜ਼ਿੰਮੇਵਾਰ ਹੁੰਦੀ ਹੈ। ਇਹ ਗ੍ਰੰਥੀ ਇਕ ਮਟਰ ਦੇ ਦਾਣੇ ਬਰਾਬਰ ਹੁੰਦੀ ਹੈ। ਨੱਕ ਦੇ ਉਪਰ ਅਤੇ ਦਿਮਾਗ ਦੇ ਹੇਠਾਂ ਸਥਿਤ ਹੁੰਦੀ ਹੈ। ਰਿਪੋਰਟ ਮੁਤਾਬਕ ਜਿਊਰੇਕ ਪਿਟਯੂਟਰੀ ਟਿਊਮਰ ਤੋਂ ਪੀੜਤ ਹੈ ਜੋ ਹਰ 1000 ਐਡਲਟ ਵਿਚ ਕਿਸੇ ਇਕ ਨੂੰ ਹੁੰਦੀ ਹੈ। ਇਸ ਕਾਰਨ ਇਨਸਾਨ ਦੀ ਉਮਰ ਰੁਕ ਜਿਹੀ ਜਾਂਦੀ ਹੈ।

ਜਯੂਰੇਕ ਦੇ ਲਈ ਇਹ ਕੋਈ ਬਿਮਾਰੀ ਨਹੀਂ ਹੈ। ਉਹ ਤਾਂ ਆਪਣੇ ਸਰੀਰ ਤੋਂ ਖੁਸ਼ ਹੈ। ਉਹ ਪਾਰਟ-ਟਾਈਮ ਐਕਟਰ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਸਨੇ ਟੀ. ਵੀ. ਸ਼ੋਅ 'ਗੇਮ ਆਫ ਥ੍ਰੋਂਸ' ਵਿਚ ਵੀ ਛੋਟਾ ਜਿਹਾ ਰੋਲ ਕੀਤਾ ਹੈ। ਇਸ ਤੋਂ ਪਹਿਲਾਂ ਇਹ ਬਿਮਾਰੀ ਚੀਨ ਦੀ ਇਕ ਲੜਕੀ ਵਿਚ ਦੇਖੀ ਗਈ ਸੀ, ਜਿਸਦਾ ਸਾਲ 1994 ਤੋਂ ਬਾਅਦ ਵਿਕਾਸ ਹੋਣਾ ਬੰਦ ਹੋ ਗਿਆ ਸੀ।

## 50 ਮਿੰਟ ਵਿਚ ਖਾਓ ਇਹ ਤਿੰਨ ਪਰਾਂਠੇ, ਜ਼ਿੰਦਗੀ ਭਰ ਖਾਣਾ ਮੁਫਤ



ਰੋਹਤਕ ਦਿੱਲੀ ਬਾਈਪਾਸ ਤੇ ਤਪੱਸਿਆ ਪਰਾਂਠਾ ਜੰਕਸ਼ਨ ਨੇ ਤਿੰਨ ਪਰਾਂਠੇ ਖਾਣ ਤੇ ਇਕ ਲੱਖ ਦਾ ਇੰਸ਼ੋਰੈਂਸ, 1 ਲੱਖ ਕੈਸ਼ ਅਤੇ ਜ਼ਿੰਦਗੀ ਭਰ ਮੁਫਤ ਖਾਣਾ ਦੇਣ ਦਾ ਅਨੋਖਾ ਇੰਤਜ਼ਾਮ ਕੀਤਾ ਹੈ। ਹੁਣ ਤੱਕ ਰੋਹਤਕ ਦੇ ਅਸ਼ਵਨੀ ਅਤੇ ਮੱਧ ਪ੍ਰਦੇਸ਼ ਤੋਂ ਮਹਾਰਾਜ ਨੇ ਹੀ ਇਸ ਚੁਣੌਤੀ ਨੂੰ ਪੂਰਾ ਕਰਕੇ ਇਹ ਇਨਾਮ ਹਾਸਲ ਕੀਤਾ ਹੈ। ਤਪੱਸਿਆ ਦੇ ਮਾਲਕ ਮੁਕੇਸ਼ ਗਹਿਲੋਤ ਨੇ ਦੱਸਿਆ ਕਿ ਉਹ 10 ਸਾਲ ਤੋਂ ਇਸ ਕੰਮ ਨਾਲ ਜੁੜੇ ਹੋਏ ਹਨ। ਆਪਣੀ ਬੇਟੀ ਦੇ ਨਾਂ ਤੇ ਉਹਨਾਂ ਨੇ ਤਪੱਸਿਆ ਪਰਾਂਠਾ ਜੰਕਸ਼ਨ ਖੋਲ੍ਹਿਆ ਹੈ। ਉਹਨਾਂ ਨੇ ਦੱਸਿਆ ਕਿ ਉਹਨਾਂ ਦਾ ਪਰਾਂਠਾ ਲੱਗਭੱਗ 2 ਫੁੱਟ ਦਾ ਹੈ। ਇਸਦਾ ਵਜਨ 1200 ਗ੍ਰਾਮ ਹੈ।

ਮੱਧ ਪ੍ਰਦੇਸ਼ ਦੇ ਮਹਾਰਾਜ ਨੇ 50 ਮਿੰਟ ਵਿਚ 4 ਪਰਾਂਠੇ ਖਾਧੇ ਹਨ। ਉਥੇ ਹੀ ਰੋਹਤਕ ਦੇ ਅਸ਼ਵਨੀ ਨੇ 40 ਮਿੰਟ ਵਿਚ 3 ਪਰਾਂਠੇ ਖਾ ਕੇ ਇਨਾਮ ਜਿੱਤਿਆ ਹੈ। ਦੂਰ-ਦੂਰ ਤੋਂ ਉਹਨਾਂ ਦੇ ਪਰਾਂਠਿਆਂ ਦਾ ਸਵਾਦ ਲੈਣ ਲਈ ਲੋਕ ਆਉਂਦੇ ਹਨ। ਤਪੱਸਿਆ ਪਰਾਂਠਾ ਜੰਕਸ਼ਨ ਦੇ ਸੰਚਾਲਕ ਮੁਕੇਸ਼ ਨੇ ਦੱਸਿਆ ਕਿ ਉਹਨਾਂ ਨੇ 2009 ਤੋਂ 2 ਫੁੱਟ ਦੇ ਪਰਾਂਠੇ ਬਣਾਉਣੇ ਆਰੰਭ ਕੀਤੇ ਸਨ। ਉਹਨਾਂ ਕੋਲ ਦੇਸ਼-ਵਿਦੇਸ਼ ਤੋਂ ਲੋਕ ਪਰਾਂਠੇ ਖਾਣ ਲਈ ਆਉਂਦੇ ਹਨ। ਪਿਛਲੇ ਸਾਲ ਭੈਸਰੂ ਦੇ ਅਸ਼ਵਨੀ ਨੇ ਤਿੰਨ ਪਰਾਂਠੇ ਖਾ ਕੇ ਚੁਣੌਤੀ ਨੂੰ ਪੂਰਾ ਕੀਤਾ। ਹੁਣ ਪਰਾਂਠਾ ਜੰਕਸ਼ਨ ਉਹਨਾਂ ਨੂੰ ਇਕ ਸਾਲ ਤੋਂ ਮੁਫਤ ਖਾਣਾ ਖੁਆ ਰਿਹਾ ਹੈ। ਇਸ ਤੋਂ ਬਾਅਦ ਹੁਣ ਤੱਕ ਕਿਸੇ ਨੇ ਵੀ ਇਸ ਚੁਣੌਤੀ ਨੂੰ ਪੂਰਾ ਨਹੀਂ ਕੀਤਾ ਹੈ। ਇਸ ਪਰਾਂਠੇ ਦਾ ਵਿਆਸ 2 ਫੁੱਟ ਹੈ ਅਤੇ ਵਜਨ 1200 ਗ੍ਰਾਮ। ਇਸ ਪਰਾਂਠੇ ਦੀ ਕੀਮਤ 150-350 ਰੁਪਏ ਹੈ। ਇਸ ਦੀਆਂ 40 ਵਰਾਇਟੀਆਂ ਉਪਲਬਧ ਹਨ।

## ਤੁਹਾਡੀ ਜਾਨ ਨੂੰ ਖਤਰਾ, ਪਾਲਤੂ ਕੁੱਤਾ ਕਰੇਗਾ ਪੁਲਿਸ ਨੂੰ ਫੋਨ




ਤੁਹਾਡਾ ਪਾਲਤੂ ਕੁੱਤਾ ਸਿਰਫ ਘਰ ਦੀ ਸੁਰੱਖਿਆ ਦੇ ਲਈ ਨਹੀਂ ਬਲਕਿ ਤੁਹਾਡੀ ਜਾਨ ਵੀ ਬਚਾਵੇਗਾ। ਇਕ ਨਵੀਂ ਤਕਨੀਕ ਵਿਕਸਤ ਕੀਤੀ ਗਈ, ਜਿਸਦੀ ਮਦਦ ਨਾਲ ਜੇਕਰ ਤੁਸੀਂ ਘਰੇ ਇਕੱਲੇ ਹੋ ਅਤੇ ਕਿਸੇ ਮੁਸੀਬਤ ਵਿਚ ਫਸ ਜਾਂਦੇ ਹੋ ਤਾਂ ਇਹ ਕੱਤਾ ਤੁਰੰਤ ਹੀ ਪੁਲਿਸ ਨੂੰ ਫੋਨ ਲਗਾ ਦੇਵੇਗਾ। ਜਾਰਜੀਆ ਦੀ ਇਕ ਤਕਨੀਕੀ ਯੂਨੀਵਰਸਿਟੀ ਨੇ ਇਕ ਅਨੋਖੇ ਟੈਬਲੇਟ ਦੀ ਖੋਜ ਕੀਤੀ ਹੈ, ਜਿਸਨੂੰ ਇਨਸਾਨ ਨਹੀਂ ਕੁੱਤਾ ਇਸਤੇਮਾਲ ਕਰੇਗਾ।

ਜਾਰਜੀਆ ਇੰਸਟੀਚਿਊਟ ਆਫ ਟੈਕਨਾਲੌਜੀ ਨੇ ਫਿਡੋ ਪ੍ਰਾਜੈਕਟ ਦੇ ਤਹਿਤ ਇਸ ਟੈਬਲੇਟ ਦਾ ਨਿਰਮਾਣ ਕੀਤਾ ਹੈ। ਇਹ ਟੈਬਲੇਟ ਕਾਫੀ ਖਾਸ ਹੈ। ਇਸਨੂੰ ਇਨਸਾਨ ਨਹੀਂ ਕੁੱਤਿਆਂ ਲਈ ਬਣਾਇਆ ਗਿਆ ਹੈ। ਜੇਕਰ ਅਚਾਨਕ ਤੁਹਾਨੂੰ ਦਿਲ ਦਾ ਦੌਰਾ ਪੈਂਦਾ ਹੈ ਤਾਂ ਕੁੱਤਾ ਨੱਕ ਰਗੜ ਕੇ ਐਮਰਜੈਂਸੀ ਨੰਬਰ ਤੇ ਕਾਲ ਜਾਂ ਟੈਕਸਟ ਕਰ ਸਕਦਾ ਹੈ। ਹਾਲਾਂਕਿ ਇਹ ਪ੍ਰੈਕਟੀਕਲੀ ਕਿੰਨਾ ਸੰਪਵ ਹੈ, ਇਸ ਬਾਰੇ ਬਹਿਸ ਜਾਰੀ ਹੈ ਪਰ ਖੋਜਕਾਰਾਂ ਦੀ ਟੀਮ ਦਾ ਕਹਿਣਾ ਹੈ ਕਿ ਜੇਕਰ ਕੁੱਤਿਆਂ ਨੂੰ ਟਰੇਂਡ ਕਰ ਦਿੱਤਾ ਜਾਵੇ ਤਾਂ ਉਹ ਇਸਦਾ ਇਸਤੇਮਾਲ ਕਰ ਸਕਦੇ ਹਨ।

ਐਨੀਮਲ ਕੰਪਿਊਟਰ ਇੰਟੈਰੈਕਸ਼ਨ ਦੇ ਡਾਇਰੈਕਟਰ ਮੇਲਾਡੀ ਜੈਕਸਨ ਕਹਿੰਦੇ ਹਨ ਕਿ ਜਿਵੇਂ ਹੀ ਕੋਈ ਕੁੱਤਾ ਇਸ ਟੈਬਲੇਟ ਤੇ ਟੱਚ ਕਰੇਗਾ, ਉਸਦੇ ਸਾਹਮਣੇ ਕਈ ਆਈਕਨ ਖੁੱਲ੍ਹ ਆਉਣਗੇ। ਜਿਸ ਨਾਲ ਐਮਰਜੈਂਸੀ ਨੰਬਰ 911 ਵੀ ਜੁੜਿਆ ਹੈ। ਕੁੱਤਾ ਜਿਵੇਂ ਹੀ ਇਸ ਤੇ ਟੱਚ ਕਰੇਗਾ, ਕਾਲ ਲੱਗ ਜਾਵੇਗੀ।

ਇਸ ਵਿਚ ਜੀ. ਪੀ. ਐਸ. ਵੀ ਲੱਗਿਆ ਹੈ, ਜਿਸ ਨਾਲ ਪੁਲਿਸ ਲੁਕੇਸ਼ਨ ਨੂੰ ਆਸਾਨੀ ਨਾਲ ਟ੍ਰੈਕ ਕਰ ਸਕੇਗੀ।

## ਭਾਰਤ ਤੋਂ ਹੀ ਦੁਨੀਆਂ ਵਿਚ ਪਹੁੰਚੀ ਰਗਬੀ

ਭਾਰਤ ਦੇ ਮਣੀਪੁਰ ਵਿਚ ਖੇਡੀ ਜਾਣ ਵਾਲੀ ਖੇਡ ਯੂਬੀ ਲਕਪੀ ਕਾਫੀ ਹੱਦ ਤੱਕ ਆਧੁਨਿਕ ਰਗਬੀ ਦੀ ਖੇਡ ਨਾਲ ਮਿਲਦੀ-ਜੁਲਦੀ ਹੈ। ਹਾਲਾਂਕਿ ਇਸਦੇ ਨਾਂ ਦੀ ਰਗਬੀ ਨਾਲ ਬਿਲਕੁਲ ਕੋਈ ਸਮਾਨਤਾ ਨਹੀਂ ਹੈ ਪਰ ਨਾਰੀਅਲ ਨਾਲ ਖੇਡੀ ਜਾਣ ਵਾਲੀ ਇਸ ਖੇਡ ਦਾ ਅੰਦਾਜ਼ ਕਈ ਗੱਲਾਂ ਵਿਚ ਰਗਬੀ ਨਾਲ ਸਮਾਨਤਾ ਰੱਖਦਾ ਹੈ। ਇਸ ਕਰਕੇ ਖੇਡ ਨਾਲ ਜੁੜੇ ਕੁਝ ਲੋਕਾਂ ਨੇ ਦਾਅਵਾ ਕੀਤਾ ਹੈ ਕਿ ਇੰਗਲੈਂਡ ਦੇ ਰਗਬੀ ਸਕੂਲ ਨੇ ਉਹਨਾਂ ਦੇ ਖੇਡ ਤੋਂ ਪ੍ਰਭਾਵਿਤ ਹੋ ਕੇ ਆਪਣੀ ਖੇਡ ਨੂੰ ਡਿਜਾਇਨ ਕੀਤਾ ਹੈ। ਮਾਇਤੀ ਮੂਲ ਨਾ ਜਿਸਦਾ ਮਤਲਬ ਹੁੰਦਾ ਹੈ ਨਾਰੀਅਲ ਖੋਹਣ ਨਾਲ ਉਪਜੇ ਮਣੀਪੁਰ ਦੇ ਰਵਾਇਤੀ ਖੇਡ ਯੂਬੀ ਲਕਪੀ ਨੂੰ ਦੇਖ ਕੇ ਤੁਹਾਨੂੰ ਇਹ ਅਹਿਸਾਸ ਹੋਵੇਗਾ ਕਿ ਤੁਸੀਂ ਕੋਈ ਰਗਬੀ ਦਾ ਮੈਚ ਦੇਖ ਰਹੇ ਹੋ। ਅਸਲ ਵਿਚ ਇਸ ਖੇਡ ਅਤੇ ਆਧੁਨਿਕ ਰਗਬੀ ਵਿਚ ਬਹੁਤ ਜ਼ਿਆਦਾ ਸਮਾਨਤਾ ਹੈ। ਇਸ ਕਰਕੇ ਇਸ ਖੇਡ ਨਾਲ ਜੁੜੇ ਕੁਝ ਮਣੀਪੁਰੀ ਲੋਕਾਂ ਦਾ ਦਾਅਵਾ ਹੈ ਕਿ ਆਧੁਨਿਕ ਰਗਬੀ ਨੂੰ ਬਣਾਉਣ ਵਾਲਿਆਂ ਨੇ ਉਹਨਾਂ ਦੀ ਖੇਡ ਦਾ ਵਿਚਾਰ ਚੋਰੀ ਕਰ ਲਿਆ ਹੈ।



ਯੂਬੀ ਲਕਪੀ ਖੇਡ ਸਮੁੰਦਰ ਮੰਥਨ ਦੀ ਪ੍ਰਾਚੀਨ ਕਥਾ ਤੋਂ ਪ੍ਰਭਾਵਿਤ ਦੱਸੀ ਜਾਂਦੀ ਹੈ। ਜਿਸ ਵਿਚ ਸਮੁੰਦਰ ਮੰਥਨ ਤੋਂ ਬਾਅਦ ਅਮ੍ਰਿਤ ਦੇ ਘੜ 'ਤੇ ਕਬਜਾ ਪ੍ਰਾਪਤ ਕਰਨ ਦੇ ਲਈ ਦੇਵ ਅਤੇ ਅਸੁਰਾਂ ਵਿਚਕਾਰ ਖੋਹਾ ਖੋਹੀ ਹੁੰਦੀ ਹੈ। ਇਸੇ ਆਧਾਰ ਤੇ ਇਸ ਖੇਡ ਨੂੰ ਰਗਬੀ ਤੋਂ ਪੁਰਾਣਾ ਦੱਸਿਆ ਜਾ ਰਿਹਾ ਹੈ।

ਇਸ ਖੇਡ ਵਿਚ ਦੋਵੇਂ ਟੀਮਾਂ ਵਿਚ ਸੱਤ-ਸੱਤ ਖਿਡਾਰੀ ਹੁੰਦੇ ਹਨ। ਪਰ ਜੇਤੂ ਕੋਈ ਇਕ ਹੰਦਾ ਹੈ ਜੋ ਜਿੱਤਣ ਤੋਂ ਬਾਅਦ ਨਾਰੀਅਲ ਨੂੰ ਰਾਜਾ ਜਾਂ ਸੀਨੀਅਰ ਜੱਜ ਨੂੰ ਸੌਂਪਦਾ ਹੈ। ਇਸਨੂੰ ਤੇਲ ਲੱਗੇ ਨਾਰੀਅਲ ਦੇ ਨਾਲ ਖੇਡਿਆ ਜਾਂਦਾ ਹੈ। ਇਥ ਖਿਡਾਰੀ ਨਾਰੀਅਲ ਲੈ ਕੇ ਭੱਜਦਾ ਹੈ ਅਤੇ ਬਾਕੀ ਖਿਡਾਰੀ ਉਸਦਾ ਪਿੱਛਾ ਕਰਕੇ ਗੇਂਦ ਖੋਹਣ ਦੀ ਕੋਸ਼ਿਸ਼ ਕਰਦੇ ਹਨ। ਗੇਂਦ ਚੁੱਕਣ ਵਾਲਾ ਖਿਡਾਰੀ ਬਾਕੀ ਖਿਡਾਰੀਆਂ ਦੇ ਨਾਲ ਖੋਹਾ-ਖੋਹੀ ਜਾਂ ਉਹਨਾਂ ਨੂੰ ਧੱਕਾ ਨਹੀਂ ਦੇ ਸਕਦਾ। ਖਿਡਾਰੀ ਬਿਨਾ ਜੁੱਤੀਆਂ ਦੇ ਨੰਗੇ ਪੈਰ ਕੇਵਲ ਸ਼ਾਰਟਾਂ ਪਾ ਕੇ ਖੇਡਦੇ ਹਨ। ਸਭ ਦੇ ਸਰੀਰ 'ਤੇ ਤੇਲ ਲੱਗਿਆ ਹੁੰਦਾ ਹੈ। ਇਕ ਜੱਜ ਹੁੰਦਾ ਹੈ ਜੋ ਫਾਊਲ ਪਲੇਅ 'ਤੇ ਨਜ਼ਰ ਰੱਖਦਾ ਹੈ ਅਤੇ ਨਿਯਮ ਟੁੱਟਣ 'ਤੇ ਚਿਤਾਵਨੀ ਦਿੰਦਾ ਹੈ।

# ਇਹ 9 ਜੀਵ ਕਿਸੇ ਨੂੰ ਨੀਂ ਦਿੱਸਦੇ, ਪਾਰਦਰਸ਼ੀ ਹੈ ਇਹਨਾਂ ਦਾ ਸਰੀਰ





ਇਹ ਦੁਨੀਆਂ ਭੇਦਾਂ ਨਾਲ ਭਰੀ ਪਈ ਹੈ। ਅਕਸਰ ਕਈ ਚੀਜ਼ਾਂ ਸਾਨੂੰ ਹੈਰਾਨ ਕਰ ਦਿੰਦੀਆਂ ਹਨ। ਅਜਿਹਾ ਹੀ ਕੁਝ ਇਹਨਾਂ ਸਮੁੰਦਰੀ ਜੀਵਾਂ ਨੂੰ ਦੇਖ ਕੇ ਲੱਗਦਾ ਹੈ, ਜੋ ਕਦੀ ਦਿੱਸਦੇ ਨਹੀਂ ਕਿਉਂਕਿ ਇਹ ਟਰਾਂਸਪੇਰੈਂਟ ਹਨ।

ਵਾਈਜ਼ ਸ਼੍ਰਿੰਪ:

ਸਮੁੰਦਰ ਵਿਚ ਰਹਿਣ ਵਾਲਾ ਇਹ ਜੀਵ ਆਮ ਤੌਰ ਤੇ ਮੈਕਸੀਕੋ ਦੀ ਖਾੜੀ ਵਿਚ ਪਾਇਆ ਜਾਂਦਾ ਹੈ। ਇਹ ਦੇਖਣ ਵਿਚ ਕਾਫੀ ਅਜੀਬ ਹੈ। ਇਹ ਨਾ ਤਾਂ ਮੱਛੀ ਦੀ ਕੈਟੇਗਰੀ ਵਿਚ ਆਉਂਦਾ ਹੈ ਅਤੇ ਨਾ ਹੀ ਆਕਟੋਪਸ ਦੀ। ਇਸ ਸਮੁੰਦਰੀ ਜੀਵ ਦੀ ਖਾਸੀਅਤ ਹੈ ਕਿ ਇਸਦਾ ਸਰੀਰ ਪੂਰੀ ਤਰ੍ਹਾਂ ਟਰਾਂਸਪੇਰੈਂਟ ਹੈ।

ਗਲਾਸ ਫ੍ਰਾਗ

ਸਾਊਥ ਅਮਰੀਕਾ ਵਿਚ ਪਾਇਆ ਜਾਣ ਵਾਲਾ ਇਹ ਡੱਡੂ ਕਾਫੀ ਚਰਚਾ ਵਿਚ ਰਹਿੰਦਾ ਹੈ। ਇਹ ਆਮ ਡੱਡੂਆਂ ਤੋਂ ਕਾਫੀ ਅਲੱਗ ਹੈ। ਹਰੇ ਰੰਗ ਦੇ ਇਸ ਡੱਡੂ ਦਾ ਸਰੀਰ ਪੂਰੀ ਤਰ੍ਹਾਂ ਪਾਰਦਰਸ਼ੀ ਹੈ।

ਜੈਲੀ ਫਿਸ਼

ਇਸ ਜੈਲੀ ਫਿਸ਼ ਦੀ ਖਾਸੀਅਤ ਇਹ ਹੈ ਕਿ ਰੌਸ਼ਨੀ ਇਸਦੇ ਸਰੀਰ ਦੇ ਆਰ-ਪਾਰ ਹੋ ਜਾਂਦੀ ਹੈ। ਇਸਦੇ ਸਰੀਰ ਦੇ ਅੰਦਰ ਦੀ ਸਰੰਚਨਾ ਸਾਫ-ਸਾਫ ਦਿਖਾਈ ਦਿੰਦੀ ਹੈ।

ਜੈਲੀ ਬੇਬੀ:

ਜੈਲੀ ਬੇਬੀ ਵੀ ਪਾਰਦਰਸ਼ੀ ਸਰੀਰ ਦੇ ਕਾਰਨ ਜਾਣਿਆ ਜਾਂਦਾ ਹੈ। ਇਹਨਾਂ ਜੀਵਾਂ ਦੀ ਖਾਸੀਅਤ ਇਹ ਹੈ ਕਿ ਇਹਨਾਂ ਨੂੰ ਜਿੰਦਾ ਰਹਿਣ ਦੇ ਲਈ ਭੋਜਨ ਦੀ ਜ਼ਿਆਦਾ ਲੋੜ ਨਹੀਂ ਹੁੰਦੀ।

ਰਾਜਾ ਬਿਨੋਕੁਲਾਟਾ:

ਇਸ ਤਿਤਲੀ ਦਾ ਨਾਂ ਰਾਜਾ ਬਿਨੋਕੁਲਾਟਾ ਹੈ। ਇਹ ਕੈਲੇਫੋਰਨੀਆ ਵਿਚ ਪਾਈ ਜਾਂਦੀ ਹੈ। ਇਸ ਤਿਤਲੀ ਦੇ ਪਰ ਪੂਰੀ ਤਰ੍ਹਾਂ ਟਰਾਂਸਪੇਰੈਂਟ ਹਨ।

ਗਲਾਸ ਫਿਸ਼:

ਇਹ ਗਲਾਸ ਫਿਸ਼ ਪੂਰੀ ਤਰ੍ਹਾਂ ਨਾਲ ਪਾਰਦਰਸ਼ੀ ਹੈ। ਇਸਦੇ ਅੰਦਰ ਦੀਆਂ ਹੱਡੀਆਂ ਨੂੰ ਬਾਹਰ ਤੋਂ ਦੇਖਿਆ ਜਾ ਸਕਦਾ ਹੈ।

ਲਿਟੋਪੇਨਸ:

ਇਹ ਕਾਫੀ ਅਜੀਬੋ ਗਰੀਬ ਹੈ। ਇਸਦਾ ਸਰੀਰ ਵੀ ਪੂਰੀ ਤਰ੍ਹਾਂ ਪਾਰਦਰਸ਼ੀ ਹੈ।

ਸਕੇਟ:

ਇਸ ਜੀਵ ਦਾ ਨਾਂ ਸਕੇਟ ਹੈ। ਇਹਨਾਂ ਦੇ ਪਾਰਦਰਸ਼. ਸਰੀਰ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਆਪਣੇ ਦੁਸ਼ਮਣਾਂ ਤੋਂ ਬਚਾਅ ਕਰ ਸਕਦੇ ਹਨ।

## ਬਿਜਲੀ ਦੀ ਬੱਚਤ ਕਰਨ ਵਾਲਾ ਘਰ

ਅਜਿਹਾ ਘਰ ਜਿੱਥੇ ਨਾ ਪੱਖੇ ਦੀ ਲੋੜ ਪੈਂਦੀ ਹੈ ਨਾ ਏ. ਸੀ. ਦੀ। ਬਾਹਰ ਦਾ ਤਾਪਮਾਨ ਬੇਸ਼ੱਕ 40 ਡਿਗਰੀ ਹੋਵੇ ਪਰ ਇਯ ਘਰ ਵਿਚ ਤੁਹਾਨੂੰ ਹਮੇਸ਼ਾ ਠੰਡਕ ਮਿਲੇਗੀ। ਇਹ ਘਰ ਬਣਿਆ ਹੈ ਕੇਰਲ ਦੇ ਕਨੂਰ ਜ਼ਿਲ੍ਹ ਵਿਚ। ਜਲ ਸੰਸਥਾ ਵਿਚ ਕੰਮ ਕਰਨ ਵਾਲੇ ਹਰੀ ਅਤੇ ਉਹਨਾਂ ਦੀ ਪਤਨੀ ਆਸ਼ਾ ਨੇ ਇਸ ਅਨੋਖੇ ਘਰ ਦਾ ਨਿਰਮਾਣ ਕੀਤਾ ਹੈ। ਦੋਵੇਂ ਪਤੀ-ਪਤਨੀ ਕੁਦਰਤ ਪ੍ਰੇਮੀ ਹਨ। ਅਜਿਹੇ ਵਿਚ ਉਹਨਾਂ ਨੇ ਵਿਆਹ ਤੋਂ ਬਾਅਦ ਅਜਿਹੀ ਥਾਂ ਤੇ ਰਹਿਣ ਦਾ ਪਲਾਨ ਬਣਾਇਆ, ਜਿੱਥੇ ਉਹ ਨੇਚਰ ਦੇ ਕਰੀਬ ਤਾਂ ਰਹਿ ਸਕਣ। ਨਾਲ ਹੀ ਵਾਤਾਵਰਣ ਨੂੰ ਬਚਾਉਣ ਵਿਚ ਪੂਰਾ ਸਹਿਯੋਗ ਵੀ ਦੇਣ।

ਬੱਸ ਇਸੇ ਸੋਚ ਨੂੰ ਅੱਗੇ ਲੈ ਕੇ ਹਰੀ ਅਤੇ ਆਸ਼ਾ ਨੇ ਨਵੇਂ ਡਿਜਾਇਨ ਦੇ ਘਰ ਦਾ ਖਾਕਾ ਤਿਆਰ ਕਰ ਦਿੱਤਾ। ਬੱਸ ਜ਼ਰੂਰਤ ਸੀ ਤਾਂ ਇਕ ਆਰਕੀਟੈਕਚਰ ਦੀ। ਹਰੀ ਦੇ ਦੋਸਤ ਜੋ ਕਿ ਭਵਨ ਨਿਰਮਾਣ ਦਾ ਕੰਮ ਕਰਦੇ ਹਨ, ਉਹਨਾਂ ਨੇ ਇਸ ਨਵੇਂ ਅਤੇ ਅਨੋਖੇ ਘਰ ਨੂੰ ਬਣਾਉਣ ਵਿਚ ਮਦਦ ਕੀਤੀ। ਇਸ ਘਰ ਦੀਆਂ ਦੀਵਾਰਾਂ ਗਿੱਲੀ ਮਿੱਟੀ ਦੀਆਂ ਬਣੀਆਂ ਹਨ। ਦਿਨ ਵਚ ਸੂਰਜ ਦੀ ਰੌਸ਼ਨੀ ਇਹਨਾਂ ਦੀਵਾਰਾਂ ਨੂੰ ਪਾਰ ਨਹੀਂ ਕਰ ਪਾਉਂਦੀ, ਜਿਸ ਨਾਲ ਅੰਦਰ ਠੰਡਕ ਰਹਿੰਦੀ ਹੈ। ਜਦਕਿ ਘਰ ਦੀ ਛੱਤ ਕੰਕਰੀਟ ਅਤੇ ਟਾਇਲਾਂ ਨਾਲ ਬਣੀ ਹੈ। ਹਰੀ ਦੱਸਦੇ ਹਨ ਕਿ ਕੰਕਰੀਟ ਇਸ ਕਰਕੇ ਲਗਾਉਣੀ ਪਈ ਤਾਂ ਜੋ ਭਾਰੀ ਬਾਰਿਸ਼ ਵਿਚ ਪਾਣੀ ਅੰਦਰ ਨਾ ਆਵੇ।



ਘਰ ਦੀ ਅਨੋਖੀ ਬਨਾਵਟ ਦੇ ਕਾਰਨ ਇੱਥੇ ਬਿਜਲੀ ਦੀ ਖਪਤ ਬਹੁਤ ਘੱਟ ਹੈ। ਘਰ ਵਿਚ ਸਿਰਫ ਇਕ ਦੋ ਥਾਵਾਂ ਤੇ ਹੀ ਲਾਈਟ ਪੁਆਇੰਟ ਹਨ ਜੋ ਕਿ ਪੂਰੇ ਘਰ ਨੂੰ ਰੌਸ਼ਨੀ ਦਿੰਦੇ ਹਨ। ਇਹੀ ਨਹੀਂ ਇਹਨਾਂ ਦੇ ਘਰ ਵਿਚ ਕੁਦਰਤੀ ਫਰਿਜ ਹੈ। ਦਰਅਸਲ ਇਹਨਾਂ ਨੇ ਆਪਣੀ ਕਿਚਨ ਵਿਚ ਇਕ ਖੱਡਾ ਪੁੱਟ ਰੱਖਿਆ ਹੈ, ਜਿਸ ਦੇ ਚਾਰੇ ਪਾਸੇ ਇੱਟਾਂ ਲੱਗੀਆਂ ਹਨ ਜਦਕਿ ਅੰਦਰ ਵੱਲ ਮਿੱਟੀ ਲਗਾਈ ਗਈ ਹੈ। ਕਿਸੇ ਸਮਾਨ ਨੂੰ ਜਦੋਂ ਇਸ ਵਿਚ ਰੱਖਿਆ ਜਾਂਦਾ ਹੈ ਤਾਂ ਉਸਦੇ ਚਾਰੇ ਪਾਸੇ ਰੇਤ ਲਗਾ ਦਿੱਤੀ ਜਾਂਦੀ ਹੈ। ਅਜਿਹੇ ਵਿਚ ਕਰੀਬ ਇਕ ਹਫਤੇ ਤੱਕ ਕੁਝ ਵੀ ਖਾਣ-ਪੀਣ ਦਾ ਸਮਾਨ ਰੱਖ ਸਕਦੇ ਹੋ ਅਤ ਉਹ ਖਰਾਬ ਵੀ ਨਹੀਂ ਹੋਵੇਗਾ। ਇਸ ਘਰ ਵਿਚ ਸੋਲਰ ਪੈਨਲ ਅਤੇ ਬਾਇਓ ਗੈਸ ਦਾ ਇਸਤੇਮਾਲ ਹੁੰਦਾ ਹੈ। ਇਹੀ ਕਾਰਨ ਹੈ ਕਿ ਇਹਨਾਂ ਦਾ ਹਰ ਮਹੀਨੇ ਦਾ ਬਿਲ ਸਿਰਫ 4 ਯੂਨਿਟ ਆਉਂਦਾ ਹੈ।

# ਸਵਰਗ ਦਾ ਪਾਸਪੋਰਟ ਬਣਾਉਣ ਦਾ ਝਾਂਸਾ ਦਿੰਦੇ ਹਨ ਅੱਤਵਾਦੀ

ਇਸਲਾਮਿਕ ਅੱਤਵਾਦੀ ਸੰਗਠਨ ਆਈ. ਐਸ. ਆਈ. ਐਸ. ਕਿੰਨਾ ਖ਼ੂੰਖਾਰ ਹੈ, ਇਹ ਸਭ ਜਾਣਦੇ ਹਨ। ਸੀਰੀਆ ਅਤੇ ਇਰਾਕ ਵਿਚ ਇਸ ਅੱਤਵਾਦੀ ਸੰਗਠਨ ਨੇ ਬਹੁਤ ਤਬਾਹੀ ਮਚਾਈ ਹੈ। ਸੀਰੀਆ ਸਮੇਤ ਹੋਰ ਦੇਸ਼ਾਂ ਦੀ ਆਰਮੀ ਇਹਨਾਂ ਅੱਤਵਾਦੀਆਂ ਦੇ ਸਫਾਏ ਵਿਚ ਲੱਗੀ ਹੈ। ਹਾਲੇ ਬੀਤੇ ਦਿਨੀਂ ਸੀਰੀਅਨ ਰੱਖਿਆ ਫੋਰਸ ਨੇ ਰੱਕਾ ਵਿਚ ਆਈ. ਐਸ. ਦੇ ਕਈ ਠਿਕਾਣਿਆਂ ਤੇ ਛਾਪਾ ਮਾਰਿਆ ਸੀ। ਜਾਂਚ ਵਿਚ ਉਹਨਾਂ ਨੂੰ ਇਕ ਅਜਿਹੀ ਚੀਜ਼ ਮਿਲੀ ਜਿਸਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਗਿਆ। ਦਰਅਸਲ ਇਹਨਾਂ ਅੱਤਵਾਦੀਆਂ ਦੇ ਆਕਿਆਂ ਨੇ ਆਪਣੇ ਲੜਾਕਿਆਂ ਦੇ ਲਈ 'ਸਵਰਗ ਦਾ ਪਾਸਪੋਰਟ' ਬਣਵਾਇਆ ਹੈ। ਗਾੜ੍ਹੇ ਹਰੇ ਰੰਗ ਦੇ ਇਸ ਪਾਸਪੋਰਟ ਵਿਚ ਅਰਬੀ ਅਤੇ ਅੰਗਰੇਜ਼ੀ ਵਿਚ ਲਿਖਿਆ ਹੈ। ਇਹ ਸਾਰੇ ਲੜਾਕਿਆਂ ਨੂੰ ਵੰਡਿਆ ਜਾਂਦਾ ਹੈ।



ਆਈ. ਐਸ. ਦੀ ਨੀਂਹ ਹੀ ਇਸ ਗੱਲ ਤੇ ਰੱਖੀ ਗਈ ਕਿ ਇਹ ਲੋਕ ਨੌਜਵਾਨਾਂ ਦਾ ਬ੍ਰੇਨ ਵਾਸ਼ ਕਰਕ ਉਹਨਾਂ ਨੂੰ ਅੱਤਵਾਦ ਦੀ ਦੁਨੀਆਂ ਵਿਚ ਸ਼ਾਮਲ ਕਰਦੇ ਸਨ। ਪਹਿਲਾਂ ਤਾਂ ਇਹਨਾਂ ਨੂੰ ਜੇਹਾਦੀ ਬਣਨ ਦੀ ਟਰੇਨਿੰਗ ਦਿੱਤੀ ਜਾਂਦੀ ਸੀ ਅਤੇ ਮਰਨ ਤੇ ਸਵਰਗ ਵਿਚ ਹੂਰਾਂ ਮਿਲਣ ਦਾ ਝਾਂਸਾ ਦਿੱਤਾ ਜਾਂਦਾ ਸੀ। ਲੜਾਕਿਆਂ ਨੂੰ ਆਪਣੇ ਆਕਾਵਾਂ ਦੀ ਗੱਲ ਤੇ ਯਕੀਨ ਹੋ ਜਾਂਦਾ ਸੀ ਅਤੇ ਉਹ ਮਰਨ-ਮਾਰਨ ਤੇ ਉਤਾਰੂ ਹੋ ਜਾਂਦੇ ਹਨ।

ਸਵਰਗ ਦਾ ਪਾਸਪੋਰਟ ਬਣਾਉਣਾ ਇਹਨਾਂ ਅੱਤਵਾਦੀਆਂ ਦੀ ਬੇਵਕੂਫੀ ਦਾ ਇਕ ਨਮੂਨਾ ਹੈ। ਜਿਸ ਵਿਚ ਕਈ ਲੋਕ ਫਸ ਜਾਂਦੇ ਹਨ। ਆਈ. ਐਸ. ਵੱਲੋਂ ਲੜਨ ਵਾਲੇ ਅੱਤਵਾਦੀਆਂ ਨੂੰ ਇਹ ਗੱਲ ਸੱਚ ਲੱਗਣ ਲੱਗਦੀ ਹੈ। ਅਤੇ ਉਹ ਆਪਣੇ ਧਰਮ ਅਤੇ ਇਸਲਾਮ ਦੇ ਨਾਂ 'ਤੇ ਲੋਕਾਂ ਦੀਆਂ ਹੱਤਿਆਵਾਂ ਕਰਨ ਲੱਗਦੇ ਹਨ। ਹਾਲ ਹੀ ਵਿਚ ਇਹਨਾਂ ਅੱਤਵਾਦੀਆਂ ਨੇ ਬਗਦਾਦ ਦੀ ਇਕ ਆਈਸਕ੍ਰੀਮ ਪਾਰਲਰ ਵਿਚ ਵਿਸਫੋਟ ਕੀਤਾ। ਜਿਸ ਵਿਚ 15 ਲੋਕਾਂ ਦੀ ਮੌਤ ਹੋ ਗਈ, ਜਦਕਿ 50 ਜ਼ਖਮੀ ਹੋ ਗਏ।

# ਪਲਕ ਝਪਕਦੇ ਹੀ ਲੰਘ ਜਾਂਦੀ ਹੈ ਟ੍ਰੇਨ

ਜਾਪਾਨ ਦੀ ਇਸ ਟ੍ਰੇਨ ਦਾ ਨਾਂ ਐਸਸੀ ਮੈਗਲੇਵ ਟ੍ਰੇਨ ਹੈ। ਆਪਣੀ 600 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਇਹ ਟ੍ਰੇਨ ਵਰਲਡ ਰਿਕਾਰਡ ਬਣਾ ਚੁੱਕੀ ਹੈ। ਸਾਲ 2015 ਵਿਚ ਇਸ ਟ੍ਰੇਨ ਨੇ 603 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਆਪਣਾ ਹੀ 12 ਸਾਲ ਪੁਰਾਣਾ ਰਿਕਾਰਡ ਤੋੜਿਆ ਸੀ। ਐਲ ਜ਼ੀਰੋ ਸੀਰੀਜ਼ ਦੀ ਇਸ ਟ੍ਰੇਨ ਵਿਚ ਟੈਸਟ ਦੇ ਦੌਰਾਨ 49 ਕਰਮਚਾਰੀਆਂ ਨੂੰ ਬਿਠਾਇਆ ਗਿਆ ਸੀ। ਟ੍ਰੇਨ ਇਸ ਰਫਤਾਰ ਨਾਲ 11 ਸਕਿੰਟ ਵਿਚ 1.8 ਕਿਲੋਮੀਟਰ ਤੱਕ ਚਲਾਈ ਗਈ ਸੀ। ਇਹ ਮੈਗਨੈਟਿਕ ਲੈਵੀਟੇਸ਼ਨ ਰੇਲਵੇ ਸਿਸਟਮ 'ਤੇ ਆਧਾਰਿਤ ਟ੍ਰੇਨ ਹੈ ਜੋ ਟ੍ਰੈਕ ਅਤੇ ਟ੍ਰੇਨ ਵਿਚਕਾਰ ਚੁੰਬਕੀ ਖਿੱਚ ਦੇ ਸਿਧਾਂਤ 'ਤੇ ਕੰਮ ਕਰਦੀ ਹੈ।

ਪਟੜੀ ਤੋਂ 6 ਇੰਚ ਉਪਰ ਚਲਦੀ ਹੈ ਟ੍ਰੇਨ

ਰੇਲਵੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਕਿਸਮ ਦੇ ਪ੍ਰਾਜੈਕਟ 'ਤੇ ਭਾਰੀ ਖਰਚ ਆਉਂਦਾ ਹੈ। ਮੈਗਨੈਟਿਕ ਲੈਵੀਟੇਸ਼ਨ ਵਿਚ ਟ੍ਰੇਨ ਦੀਆਂ ਪਟੜੀਆਂ ਅਤੇ ਪਹੀਆਂ ਵਿਚ ਚੁੰਬਕੀ ਦਬਾਅ ਹੁੰਦਾ ਹੈ। ਜਦੋਂ ਗੱਡੀ ਦੌੜਦੀ ਹੈ ਤਾਂ ਮੈਗਨੈਟਿਕ ਫੋਰਸ ਦੇ ਕਾਰਨ ਟ੍ਰੇਨ ਪਟੜੀ ਤੋਂ 1 ਤੋਂ 6 ਇੰਚ ਉਪਰ ਉਠ ਕ ਦੌੜਦੀ ਹੈ। ਅਜਿਹੇ ਵਿਚ ਫਿਕਸ਼ਨ ਘੱਟ ਹੁੰਦਾ ਹੈ ਅਤੇ ਟ੍ਰੇਨ ਦੀ ਰਫਤਾਰ ਬਣਾਉਣਾ ਆਸਾਨ ਹੋ ਜਾਂਦਾ ਹੈ। ਇਸ ਟ੍ਰੇਨ ਦੀ ਵੀਡੀਓ ਦੇਖਣ ਤੇ ਪਤਾ ਲੱਗਦਾ ਹੈ ਕਿ ਇਸਦੀ ਰਫਤਾਰ ਹਵਾ ਤੋਂ ਵੀ ਤੇਜ਼ ਹੈ। ਟ੍ਰੈਕ ਤੇ ਦੌੜਦੀ ਇਸ ਟ੍ਰੇਨ ਨੂੰ ਕੈਮਰੇ ਵਿਚ ਕੈਦ ਕਰ ਸਕਣਾ ਮੁਸ਼ਕਿਲ ਕੰਮ ਹੈ।

ਫ੍ਰੈਂਚ ਮੈਨੂਫੈਕਚਰ ਨੇ ਬਣਾਈ ਹੈ ਟ੍ਰੇਨ

ਰਫਤਾਰ ਦੇ ਮਾਮਲੇ ਵਿਚ ਦੂਜੇ ਨੰਬਰ ਤੇ ਵੀ ਜਾਪਾਨ ਦੀ ਹੀ ਟ੍ਰੇਨ ਹੈ। ਇਸਦਾ ਨਾਂ ਜੇਆਰ ਮੈਗਲੇਵ ਐਮ. ਐਲ. ਐਕਸ 01 ਹੈ। ਇਸਦੀ ਰਫਤਾਰ 581 ਕਿਲੋਮੀਟਰ ਪ੍ਰਤੀ ਘੰਟਾ ਹੈ। ਇਸ ਟ੍ਰੇਨ ਦੇ ਲਈ 2027 ਤੱਕ 505 ਕਿਲੋਮੀਟਰ ਦਾ ਟ੍ਰੈਕ ਤਿਆਰ ਕਰਨ ਦੀ ਯੋਜਨਾ ਹੈ। ਇਸ ਵਿਚ 122 ਬਿਲੀਅਨ ਡਾਲਰ ਦਾ ਖਰਚ ਆਵੇਗਾ। ਟ੍ਰੈਕ ਬਣ ਜਾਣ ਤੋਂ ਬਾਅਦ ਟੋਕੀਓ ਤੋਂ ਓਸਾਕਾ ਦਾ 404 ਕਿਲੋਮੀਟਰ ਦਾ ਸਫਰ 67 ਮਿੰਟ ਵਿਚ ਪੂਰਾ ਕੀਤਾ ਜਾ ਸਕੇਗਾ। ਇਸ ਲਿਸਟ ਵਿਚ ਤੀਜੇ ਨੰਬਰ ਤੇ ਟੀ. ਜੀ. ਵੀ. ਪੋਸ ਟ੍ਰੇਨ ਹੈ। ਇਹ ਕਮਰਸ਼ੀਅਲ ਰੇਲਵੇ ਦੀ ਸਭ ਤੋਂ ਤੇਜ਼ ਟ੍ਰੇਨ ਹੈ, ਜਿਸਦੀ ਰਫਤਾਰ 575.8 ਕਿਲੋਮੀਟਰ ਪ੍ਰਤੀ ਘੰਟੇ ਦੀ ਹੈ। ਇਸਨੂੰ ਫ੍ਰੈਂਚ ਮੈਨੂਫੈਕਚਰ ਅਲਸਟੋਪ ਨੇ ਬਣਾਇਆ ਹੈ।



# ਡੇਂਗੂ ਲਈ ਜ਼ਰੂਰੀ ਟੈਸਟ

ਡੇਂਗੂ ਇਕ ਅਜਿਹਾ ਬੁਖ਼ਾਰ ਹੈ ਜੋ ਠਹਿਰੇ ਹੋਏ ਪਾਣੀ ਵਿਚ ਪੈਦਾ ਹੋਏ ਮੱਛਰਾਂ ਦੇ ਕੱਟਣ ਨਾਲ ਹੁੰਦਾ ਹੈ। ਮੱਛਰਾਂ ਰਾਹੀਂ ਹੀ ਇਹ ਰੋਗ ਇਕ ਇਨਸਾਨ ਤੋਂ ਦੂਜੇ ਤਕ ਪਹੁੰਚ ਜਾਂਦਾ ਹੈ। ਜੇ ਡੇਂਗੂ ਪੀੜਤ ਵਿਅਕਤੀ ਨੂੰ ਕੱਟਣ ਤੋਂ ਬਾਅਦ ਕੋਈ ਮੱਛਰ ਤੁਹਾਨੂੰ ਕੱਟ ਲਵੇ ਤਾਂ ਤੁਹਾਨੂੰ ਵੀ ਡੇਂਗੂ ਹੋ ਸਕਦਾ ਹੈ। ਡੇਂਗੂ ਤੋਂ ਬਚਣ ਲਈ ਅਹਿਤਿਆਤ ਰੱਖਣਾ ਅਤੇ ਬਚਾਅ ਲਈ ਉਪਾਅ ਕਰਨਾ ਜ਼ਰੂਰੀ ਹੈ। ਡੇਂਗੂ ਦੇ ਲੱਛਣ ਮਹਿਸੂਸ ਕਰਨ ਤੋਂ ਬਾਅਦ ਇਸ ਦੀ ਜਾਂਚ ਕਰਨਾ ਵੀ ਬੇਹੱਦ ਜ਼ਰੂਰੀ ਹੈ। ਇਸ ਲਈ ਤੁਹਾਨੂੰ ਇਹ ਟੈਸਟ ਜ਼ਰੂਰ ਕਰਵਾਉਣੇ ਚਾਹੀਦੇ ਹਨ।

**ਐੱਨ.ਐੱਸ. 1 :** ਐੱਨ. ਐੱਸ. 1 ਟੈਸਟ ਡੇਂਗੂ ਦੇ ਲੱਛਣ ਸਾਹਮਣੇ ਆਉਣ 'ਤੇ ਸ਼ੁਰੂਆਤੀ ਪੰਜ ਦਿਨਾਂ ਦੇ ਅੰਦਰ ਹੀ ਕਰਵਾ ਲੈਣਾ ਚਾਹੀਦਾ ਹੈ ਤਾਂਕਿ ਇਸ ਦੇ ਸਾਰਥਕ ਅਤੇ ਸਹੀ ਜਾਣਕਾਰੀ ਮਿਲ ਸਕੇ। ਸ਼ੁਰੂਆਤੀ 5 ਦਿਨਾਂ ਦੇ ਅੰਦਰ ਡੇਂਗੂ ਦੇ ਲੱਛਣ ਹੋਣ 'ਤੇ ਇਹ ਟੈਸਟ ਕਰਵਾਉਣਾ ਚਾਹੀਦਾ ਹੈ ਤਾਂਕਿ ਡੇਂਗੂ ਦੀ ਸਥਿਤੀ ਨੂੰ ਬਿਹਤਰ ਢੰਗ ਨਾਲ ਜਾਣਿਆ ਜਾ ਸਕੇ। ਐੱਨ. ਐੱਸ. 1 ਟੈਸਟ ਸ਼ੁਰੂਆਤੀ 5 ਦਿਨਾਂ ਵਿਚ ਬਿਮਾਰੀ ਦਾ ਪਤਾ ਲਗਾਉਣ ਵਿਚ ਸਹਾਇਕ ਹੁੰਦਾ ਹੈ।



**ਸਮੇਂ ਸਿਰ ਟੈਸਟ ਕਰਵਾ ਕੇ ਡੇਂਗੂ ਦੇ ਅਸਰ ਨੂੰ ਕਾਬੂ ਕੀਤਾ ਜਾ ਸਕਦਾ ਹੈ...**

ਜੇ ਤੁਸੀਂ ਇਹ ਟੈਸਟ ਦੇਰ ਨਾਲ ਕਰਵਾਉਂਦੇ ਹੋ ਤਾਂ ਇਹ ਜ਼ਰੂਰੀ ਨਹੀਂ ਹੈ ਕਿ ਇਸਦੇ ਨਤੀਜਿਆਂ ਵਿਚ ਡੇਂਗੂ ਦੀ ਪੁਸ਼ਟੀ ਹੋ ਜਾਵੇ। ਕਈ ਵਾਰ ਅਜਿਹੀ ਸਥਿਤੀ ਵੀ ਬਣ ਜਾਂਦੀ ਹੈ ਜਦੋਂ ਮਰੀਜ਼ ਨੂੰ ਡੇਂਗੂ ਹੁੰਦੇ ਹੋਏ ਵੀ ਸਮੇਂ ਸਿਰ ਜਾਂਚ ਨਾ ਕਰਵਾਉਣ ਕਾਰਨ ਗ਼ਲਤ ਰਿਪੋਰਟ ਆ ਜਾਂਦੀ ਹੈ ਅਤੇ ਡੇਂਗੂ ਦੀ ਪੁਸ਼ਟੀ ਨਹੀਂ ਹੁੰਦੀ। ਅਜਿਹੀ ਸਥਿਤੀ ਵਿਚ ਮਰੀਜ਼ ਡੇਂਗੂ ਦਾ ਸਾਹਮਣਾ ਜ਼ਰੂਰ ਕਰਦਾ ਹੈ ਪਰ ਉਸ ਨੂੰ ਸਹੀ ਇਲਾਜ ਨਹੀਂ ਮਿਲ ਪਾਉਂਦਾ ਅਤੇ ਉਸਦੀ ਸਥਿਤੀ ਦਿਨ ਪ੍ਰਤੀਦਿਨ ਵਿਗੜਦੀ ਜਾਂਦੀ ਹੈ।

**ਏਲਾਈਜ਼ਾ :** ਡੇਂਗੂ ਲਈ ਕੀਤਾ ਜਾਣ ਵਾਲਾ ਇਹ ਅਜਿਹਾ ਟੈਸਟ ਹੈ ਜਿਸ ਵਿਚ ਡੇਂਗੂ ਦੀ ਪੁਸ਼ਟੀ ਸਪਸ਼ਟ ਤੌਰ 'ਤੇ ਹੋ ਜਾਂਦੀ ਹੈ ਜਿਸ ਨਾਲ ਮਰੀਜ਼ ਦਾ ਬਿਹਤਰ ਇਲਾਜ ਕਰਨ 'ਚ ਆਸਾਨੀ ਹੁੰਦੀ ਹੈ। ਏਲਾਈਜ਼ਾ ਟੈਸਟ ਵਿਚ ਆਈਜੀਐਮ ਡੇਂਗੂ ਦੇ ਲੱਛਣ ਸਾਹਮਣੇ ਆਉਣ ਦੇ ਲਗਭਗ 3 ਤੋਂ 5 ਦਿਨ ਦੇ ਅੰਦਰ ਅਤੇ ਆਈ. ਜੀ. ਜੀ 5 ਤੋਂ 10 ਦਿਨ ਦੇ ਅੰਦਰ ਹੁੰਦਾ ਹੈ।

# ਇਲੈਕਟਰੋ ਹੋਮਿਓਪੈਥੀ ਇਲਾਜ ਪ੍ਰਣਾਲੀ



ਡਾ. ਪ੍ਰਵੇਜ਼ ਅਜੀਤਵਾਲ



ਇਲੈਕਟਰੋ-ਹੋਮਿਓਪੈਥੀ ਇਲਾਜ ਪ੍ਰਣਾਲੀ ਦੇ ਖੋਜਕਰਤਾ ਡਾ. ਕਾਉਂਟ ਸੀਜ਼ਰ ਮੈਟੀ ਨੇ ਅੱਜ ਤੋਂ 209 ਸਾਲ ਪਹਿਲਾਂ ਆਪਣੀ ਜ਼ਿੰਦਗੀ ਦੇ 24-25 ਸਾਲ ਇਸ ਇਲਾਜ ਪ੍ਰਣਾਲੀ ਦੀ ਖੋਜ ਵਿੱਚ ਲਗਾਏ ਜਿਹੜੀ ਕਿ ਵਰਤਮਾਨ ਸਮੇਂ ਵਿਚ ਇਕ ਨਿਵੇਕਲੀ ਅਤੇ ਬਹੁਤ ਹੀ ਮਹੱਤਵਪੂਰਨ ਇਲਾਜ ਪ੍ਰਣਾਲੀ ਦੇ ਤੌਰ 'ਤੇ ਜਾਣੀ ਜਾਣ ਲੱਗ ਪਈ ਹੈ। ਇਸ ਇਲਾਜ ਪ੍ਰਣਾਲੀ ਵਿੱਚ ਸਿਰਫ ਤਾਜ਼ਾ 114 ਪੌਦਿਆਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਤੋਂ ਅੱਗੇ 38 ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਦਵਾਈਆਂ ਨੂੰ ਤਿਆਰ ਕਰਨ ਲਈ ਇਸ ਇਲਾਜ ਪ੍ਰਣਾਲੀ ਵਿੱਚ ਪਾਏ ਜਾਣ ਵਾਲੇ ਪੌਦਿਆਂ ਦਾ ਰਸ ਇਕ ਵਿਸ਼ੇਸ਼ ਵਿਧੀ ਰਾਹੀਂ ਕੱਢਿਆ ਜਾਂਦਾ ਹੈ ਜਿਸ ਨੂੰ 'ਸਪੈਗਰੀਕਲ' ਤਕਨੀਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪੌਦੇ ਦੇ ਸੁਭਾਅ ਅਨੁਸਾਰ 7 ਤੋਂ 20 ਵਾਰ ਤਕ ਇਕ ਤਕਨੀਕ ਰਾਹੀਂ ਸੋਧਿਆ ਜਾਂਦਾ ਹੈ ਤੇ ਆਖ਼ਰ ਵਿੱਚ ਜੋ ਰਸ ਤਿਆਰ ਹੁੰਦਾ ਹੈ, ਉਸਦਾ ਨਾ ਕੋਈ ਰੰਗ, ਨਾ ਸੁਗੰਧ ਅਤੇ ਨਾ ਹੀ ਕੋਈ ਸੁਆਦ ਰਹਿੰਦਾ ਹੈ। ਇਸ ਰਸ ਅੰਦਰ ਕਿਸੇ ਵੀ ਪ੍ਰਕਾਰ ਦਾ ਕੋਈ ਜ਼ਹਿਰੀਲਾ ਪਦਾਰਥ (ਮਾਦਾ) ਨਹੀਂ ਬਚਦਾ ਤੇ ਇਸ ਰਸ ਨੂੰ ਅੱਗੇ ਲੋੜ ਮੁਤਾਬਕ ਸੋਧੇ ਹੋਏ ਪਾਣੀ ਵਿੱਚ ਪਾ ਕੇ ਦਵਾਈ ਦਾ ਰੂਪ ਦਿੱਤਾ ਜਾਂਦਾ ਹੈ, ਜਿਹੜਾ ਕਿ ਨਵੀਂ-ਪੁਰਾਣੀ ਹਰ ਬਿਮਾਰੀ ਨੂੰ ਕੰਟਰੋਲ ਕਰਨ ਵਿੱਚ ਕਾਰਗਰ ਨਤੀਜੇ ਦਿੰਦਾ ਹੈ। ਇਸ ਇਲਾਜ ਵਿਧੀ ਵਿਚ ਬਿਮਾਰੀਆਂ ਨੂੰ ਸਰੀਰ ਅੰਦਰ ਦਬਾਇਆ ਨਹੀਂ ਜਾਂਦਾ ਸਗੋਂ ਬਿਮਾਰੀ ਦੇ ਕਾਰਣ ਨੂੰ ਡਾਇਗਨੋਜ਼ (ਲੱਭ ਕੇ) ਕਰਕੇ ਮੂਲ ਜੜ੍ਹ ਤੋਂ ਹੀ ਬਿਮਾਰੀ ਨੂੰ ਖ਼ਤਮ ਕੀਤਾ ਜਾਂਦਾ ਹੈ। ਇਸੇ ਕਰਕੇ ਹੀ ਇਸ ਇਲਾਜ ਪ੍ਰਣਾਲੀ ਦੇ ਡਲਿਊਸ਼ਨ ਨੂੰ ਰੈਮਡੀਜ਼ (ਮੁਕੰਮਲ ਖ਼ਤਮ ਕਰਨ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਇਲਾਜ ਵਿਧੀ ਵਿੱਚ ਵਰਤੇ ਜਾਣ ਵਾਲੇ 114 ਪੌਦਿਆਂ ਦੇ ਸੁਭਾਅ ਬਾਰੇ ਇਹੀ ਦੱਸਣ ਦੀ ਕੋਸ਼ਿਸ਼ ਕੀਤੀ ਹੈ (ਇਹਨਾਂ ਪੌਦਿਆਂ ਦੇ ਵਿਸ਼ਲੇਸ਼ਣ ਨੂੰ 38 ਦਵਾਈਆਂ ਦੇ ਰੂਪ ਵਿੱਚ ਚਿਤਰਿਆ ਗਿਆ ਹੈ) ਕਿ ਪੌਦੇ ਵੀ ਮਨੁੱਖਾਂ ਵਾਂਗ ਸੋਚਦੇ, ਵਿਚਰਦੇ ਅਤੇ ਗੰਭੀਰ ਭਾਵ ਸੰਵੇਦਨਸ਼ੀਲ ਹਨ, ਉਹਨਾਂ ਦੇ ਵੀ ਆਪਣੇ ਰਿਸ਼ਤੇ-ਨਾਤੇ ਹਨ ਅਤੇ ਉਹ ਵੀ ਆਪਣੇ ਪਰਿਵਾਰਾਂ ਵਿੱਚ ਰਹਿੰਦੇ ਹਨ ਤੇ ਉਹ ਵੀ ਚੰਗੇ-ਬੁਰੇ, ਖੁਸ਼ੀ-ਗ਼ਮੀ ਆਦਿਕ ਪ੍ਰਭਾਵਾਂ ਨੂੰ ਕਬੂਲਦੇ ਹਨ। ਉਹਨਾਂ ਦਾ ਵੀ ਆਪਣਾ ਇੱਕ ਦਿਮਾਗ਼ੀ ਪੱਧਰ ਹੁੰਦਾ ਹੈ। ਇਸੇ ਕਰਕੇ ਇਸ ਇਲਾਜ ਪਣਾਲੀ ਦੇ ਵਿੱਚ ਦਵਾਈਆਂ ਤਿਆਰ ਕਰਨ ਲਈ ਤਾਜ਼ੇ ਪੌਦਿਆਂ ਨੂੰ ਵਰਤਿਆ ਜਾਂਦਾ ਹੈ ਤਾਂ ਕਿ ਇੱਕ ਵਿਅਕਤੀ ਵਿੱਚ ਆਈ ਸਰੀਰਕ ਅਤੇ ਮਾਨਸਿਕ ਪੱਧਰ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ। ਉਦਾਹਰਣ ਦੇ ਤੌਰ 'ਤੇ ਜੇਕਰ ਕੋਈ ਵਿਆਕਤੀ ਅੰਤਰਮੁਖੀ ਰੋਗ ਨਾਲ ਪੀੜਤ ਹੈ (ਉਦਾਸੀ, ਚੁੱਪ, ਖੁਸ਼ੀ ਤੋਂ ਦੂਰ, ਖੁੱਲਕੇ ਨਾ ਵਿਚਰਨਾ, ਇੱਕਲਾ ਰਹਿਣਾ ਪਸੰਦ ਕਰਨਾ ਆਦਿਕ) ਤਾਂ ਉਸਨੂੰ ਉਸ ਪੌਦੇ ਦਾ ਰਸ ਕੱਢਕੇ ਦਿੱਤਾ ਜਾਂਦਾ ਹੈ ਜੋ ਬਾਹਰਮੁਖੀ ਅੰਸ਼ ਨਾਲ ਭਰਪੂਰ ਹੁੰਦਾ ਹੈ। ਲੋੜ ਅਨੁਸਾਰ ਉਸ ਰਸ ਨੂੰ ਅੱਗੇ ਡੀਲੀਊਟ ਕਰਕੇ ਦਿੱਤਾ ਜਾਂਦਾ ਹੈ ਅਤੇ ਪੀੜਤ ਰੋਗੀ ਵਿੱਚ ਪਾਏ ਜਾਣ ਵਾਲੇ ਉਪਰੋਕਤ ਲੱਛਣ ਦੂਰ ਹੋ ਜਾਂਦੇਂ ਹਨ ਅਤੇ ਉਹ ਬਾਹਰਮੁਖੀ ਹੋ ਜਾਂਦਾ ਹੈ, ਜਿਸ ਨਾਲ ਉਸ ਦੀਆਂ ਸਰੀਰਕ ਅਤੇ ਮਾਨਸਿਕ ਕ੍ਰਿਆਵਾਂ ਆਮ ਵਾਂਗ ਕੰਮ ਕਰਨ ਲੱਗ ਜਾਂਦੀਆਂ ਹਨ ਤੇ ਇਹੀ ਵਿਧੀ ਹੋਰਨਾਂ ਬਿਮਾਰੀਆਂ ਉੱਪਰ ਵੀ ਸਾਰਥਿਕ ਕਾਰਨ ਲੱਭਕੇ ਵਰਤੀ ਜਾਂਦੀ ਹੈ। ਭਾਰਤ ਅਤੇ ਇਟਲੀ ਦੀਆਂ ਲੈਬਾਰਟਰੀਜ਼ ਵਿੱਚ ਇਹ ਸਿੱਧ ਹੋ ਚੁੱਕਾ ਹੈ ਕਿ ਇਲੈਕਟਰੋ-ਹੋਮਿਓਪੈਥਿਕ ਦਵਾਈਆਂ 'ਚ ਕੋਈ ਵੀ ਜ਼ਹਿਰੀਲਾ ਤੱਤ ਨਹੀਂ ਹੈ ਜੋ ਮਨੁੱਖੀ ਸਰੀਰ ਲਈ ਖ਼ਤਰਨਾਕ ਸਾਬਤ ਹੋ ਸਕੇ। ਅੱਜ ਇਸ ਇਲਾਜ ਪ੍ਰਣਾਲੀ ਦਾ ਭਵਿੱਖ ਬਹੁਤ ਹੀ ਰੌਸ਼ਨ ਹੋ ਰਿਹਾ ਹੈ ਤੇ ਭਾਰਤ ਵਿਚ 5 ਲੱਖ ਦੇ ਕਰੀਬ ਡਾਕਟਰ ਇਸ ਇਲਾਜ ਪ੍ਰਣਾਲੀ ਦੀ ਪੜ੍ਹਾਈ ਤੇ ਪ੍ਰੈਕਟਿਸ ਕਰ ਕੇ ਆਮ ਅਤੇ ਮਾਰੂ ਬਿਮਾਰੀਆਂ ਤੋਂ ਪੀੜਤ ਰੋਗੀਆਂ ਦਾ ਇਲਾਜ ਕਰ ਰਹੇ ਹਨ ਇਸ ਇਲਾਜ ਪ੍ਰਣਾਲੀ ਨਾਲ ਜੁੜੇ ਵਿਅਕਤੀਆਂ ਤੇ ਬੁੱਧੀਜੀਵੀ ਵਰਗ ਨੂੰ ਆਸ ਹੈ ਕਿ ਆਉਣ ਵਾਲੇ ਸਮੇਂ ਅੰਦਰ ਜਿੱਥੇ ਮਾਰੂ ਰੋਗਾਂ ਜਿਵੇਂ ਹਰ ਤਰਾਂ ਦੀਆਂ ਰਸੌਲੀਆਂ, ਹੈਪਾਟਾਈਟਸ ਸੀ (ਕਾਲਾ ਪੀਲੀਆ), ਕੈਂਸਰ, ਆਰਥਰਾਈਟਸ (ਜੋੜਾਂ ਦਾ ਦਰਦ) ਅਨਾਜ ਤੋ ਅਲਰਜੀ, ਚਮੜੀ ਦੀਆਂ ਬਿਮਾਰੀਆਂ, ਦਿਲ ਦੇ ਰੋਗ, ਖ਼ੂਨ ਵਿਚਲੇ ਸੈੱਲਾਂ ਦਾ ਘਟਣਾ-ਵਧਣਾ, ਮਾਨਸਿਕ ਰੋਗ, ਥਾਇਰਡ ਆਦਿ ਬਿਮਾਰੀਆਂ ਤੋ ਬਿਨਾਂ ਆਮ ਬਿਮਾਰੀਆਂ ਦੇ ਇਲਾਜ ਦੇ ਸਾਰਥਿਕ ਨਤੀਜੇ ਇਸ ਇਲਾਜ ਪ੍ਰਣਾਲੀ ਨਾਲ ਵੇਖੇ ਜਾ ਸਕਦੇ ਹਨ। ਇਸ ਸਦੀਆਂ ਪੁਰਾਣੀ ਇਲਾਜ ਪ੍ਰਣਾਲੀ ਨੂੰ ਲੋੜ ਹੈ ਕਿ ਇਸ ਨੂੰ ਬਣਦੀ ਮਾਨਤਾ ਦਿੱਤੀ ਜਾਵੇ ਤਾਂ ਜੋ ਦਿਨੋਂ ਦਿਨ ਵਧ ਰਹੀਆਂ ਬਿਮਾਰੀਆਂ ਨਾਲ ਗ੍ਰਸੇ ਮਰੀਜ਼ ਮਹਿੰਗੇ ਇਲਾਜ ਤੋ ਬਚ ਸਕਣ ਤੇ ਉਨ੍ਹਾਂ ਦੀ ਜ਼ਿੰਦਗੀ ਦਾ ਆਉਣ ਵਾਲਾ ਸਮਾਂ ਇਸ ਕੁਦਰਤੀ ਇਲਾਜ ਪ੍ਰਣਾਲੀ ਰਾਹੀ ਨਵੀ ਆਸ ਦੀ ਕਿਰਨ ਲੈ ਕੇ ਆਵੇ।

**ਇਸ ਇਲਾਜ ਵਿਧੀ ਵਿਚ ਬਿਮਾਰੀਆਂ ਨੂੰ ਸਰੀਰ ਅੰਦਰ ਦਬਾਇਆ ਨਹੀਂ ਜਾਂਦਾ ਸਗੋਂ ਬਿਮਾਰੀ ਦੇ ਕਾਰਨ ਲੱਭ ਕੇ ਮੂਲ ਜੜ੍ਹ ਤੋਂ ਹੀ ਬਿਮਾਰੀ ਨੂੰ ਖ਼ਤਮ ਕੀਤਾ ਜਾਂਦਾ ਹੈ। ਇਨ੍ਹਾਂ ਦਵਾਈਆਂ 'ਚ ਕੋਈ ਜ਼ਹਿਰੀਲਾ ਤੱਤ ਨਹੀਂ ਹੁੰਦਾ...**



**ਮੋਬਾਈਲ-99146-21042**

# ਤਾੜ ਆਸਨ



ਤਾੜ ਆਸਨ ਖੜ੍ਹੇ ਹੋ ਕੇ ਕਰਨ ਵਾਲਾ ਆਸਨ ਹੈ। ਇਹ ਆਸਨ ਕਰਨ ਲਈ ਸਭ ਤੋਂ ਪਹਿਲਾਂ ਜ਼ਮੀਨ 'ਤੇ ਕੰਬਲ ਵਿਛਾਓ ਅਤੇ ਸਿੱਧੇ ਖੜ੍ਹੇ ਹੋ ਜਾਓ। ਫਿਰ ਆਪਣੇ ਦੋਹਾਂ ਪੈਰਾਂ ਨੂੰ ਆਪਸਾ ਵਿਚ ਮਿਲਾ ਕੇ ਰੱਖੋ ਅਤੇ ਦੋਵੇਂ ਹੱਥਾਂ ਨੂੰ ਸਿੱਧਾ ਲੱਕ ਨਾਲ ਲਗਾ ਕੇ ਰੱਖੋ।

ਇਸ ਸਮੇਂ ਸਰੀਰ ਨੂੰ ਸਥਿਰ ਰੱਖਣਾ ਚਾਹੀਦਾ ਹੈ। ਭਾਵ ਤੁਹਾਡੇ ਦੋਵਾਂ ਪੈਰਾਂ 'ਤੇ ਸਰੀਰ ਦਾ ਵਜ਼ਨ ਇੱਕੋ ਜਿਹਾ ਹੋਣਾ ਚਾਹੀਦਾ ਹੈ। ਹੁਣ ਹੌਲੀ ਹੌਲੀ ਹੱਥਾਂ ਨੂੰ ਮੋਢਿਆਂ ਦੇ ਸਮਾਂਤਰ ਲਿਆਓ

ਹੁਣ ਦੋਵਾਂ ਹਥੇਲੀਆਂ ਦੀਆਂ ਉਂਗਲੀਆਂ ਨੂੰ ਮਿਲਾ ਕੇ ਸਿਰ ਉੱਪਰ ਲੈ ਜਾਓ। ਹੁਣ ਸਾਹ ਭਰਦੇ ਹੋਏ ਆਪਣੇ ਹੱਥਾਂ ਨੂੰ ਉੱਪਰ ਵੱਲ ਖਿੱਚੋ, ਜਦੋਂ ਤਕ ਤੁਹਾਨੂੰ ਮੋਢਿਆਂ ਅਤੇ ਛਾਤੀ ਵਿਚ ਖਿਚਾਅ ਮਹਿਸੂਸ ਨਹੀਂ ਹੋਣ ਲਗਦਾ।

ਇਸੇ ਸਮੇਂ ਪੈਰਾਂ ਦੀਆਂ ਅੱਡੀਆਂ ਨੂੰ ਵੀ ਉਪਰ ਚੁੱਕੋ ਅਤੇ ਸਾਵਧਾਨੀ ਨਾਲ ਪੰਜਿਆਂ ਦੇ ਭਾਰ ਖੜ੍ਹੇ ਹੋ ਜਾਓ। ਹੁਣ ਫਿਗਰ ਲੌਕ ਲਗਾ ਕੇ ਪੰਜਿਆਂ ਨੂੰ ਉੱਪਰ ਵੱਲ ਮੋੜ ਦਿਓ।

ਇਸ ਸਮੇਂ ਤੁਹਾਡੀ ਗਰਦਨ ਸਿੱਧੀ ਹੋਣੀ ਚਾਹੀਦੀ ਹੈ ਅਤੇ ਹਥੇਲੀਆਂ ਆਸਮਾਨ ਵੱਲ ਹੋਣੀਆਂ ਚਾਹੀਦੀਆਂ ਹਨ। ਧਿਆਨ ਰੱਖੋ ਕਿ ਤੁਹਾਡੀਆਂ ਪੈਰਾਂ ਦੀਆਂ ਉਂਗਲੀਆਂ 'ਤੇ ਸਰੀਰ ਦਾ ਸੰਤੁਲਨ ਬਣਿਆ ਰਹੇ।

### ਤਾੜ ਆਸਨ ਦੇ ਲਾਭ

- ਇਹ ਆਸਨ ਕਰਨ ਨਾਲ ਸਰੀਰ ਦੀ ਲੰਬਾਈ ਵਧਦੀ ਹੈ।
- ਬਵਾਸੀਰ ਰੋਗੀਆਂ ਨੂੰ ਤਾੜ ਆਸਨ ਕਰਨ ਨਾਲ ਲਾਭ ਮਿਲਦਾ ਹੈ।
- ਤਾੜ ਆਸਨ ਬੱਚਿਆਂ ਦੇ ਸਰੀਰਕ ਵਿਕਾਸ ਨੂੰ ਵਧਾਉਣ ਵਿਚ ਸਹਾਇਕ ਹੁੰਦਾ ਹੈ।
- ਨਿਯਮਿਤ ਰੂਪ ਨਾਲ ਇਹ ਆਸਨ ਕਰਨ ਨਾਲ ਗਠੀਆ ਦਾ ਦਰਦ ਦੂਰ ਹੋ ਜਾਂਦਾ ਹੈ।
- ਇਹ ਆਸਨ ਕਰਨ ਨਾਲ ਪੇਟ ਅਤੇ ਛਾਤੀ ਦੇ ਹਰ ਤਰ੍ਹਾਂ ਦੇ ਰੋਗ ਠੀਕ ਹੋ ਜਾਂਦੇ ਹਨ।

# ਚਿੱਟੇ ਵਾਲਾਂ ਦੀ ਸਮੱਸਿਆ 'ਚ ਅਜ਼ਮਾਓ ਘਰੇਲੂ ਨੁਸਖ਼ੇ

**ਮਸਰੂਫ਼ ਜੀਵਨ ਸ਼ੈਲੀ ਕਾਰਨ ਸਮੇਂ ਤੋਂ ਪਹਿਲਾਂ ਵਾਲ ਚਿੱਟੇ ਹੋਣ ਦੀ ਸਮੱਸਿਆ ਆਮ ਬਣ ਚੁੱਕੀ ਹੈ ਪਰ ਕੁਝ ਬੇਹੱਦ ਕਾਰਗਰ ਘਰੇਲੂ ਨੁਸਖ਼ਿਆਂ ਨਾਲ ਇਸ ਸਮੱਸਿਆ ਤੋਂ ਨਿਜਾਤ ਪਾਈ ਜਾ ਸਕਦੀ ਹੈ...**



ਵਿਅਕਤੀ ਦੀ ਸ਼ਖ਼ਸੀਅਤ ਵਿਚ ਵਾਲ ਕਾਫੀ ਅਹਿਮ ਭੂਮਿਕਾ ਨਿਭਾਉਂਦੇ ਹਨ। ਪਰ ਬਦਲ ਰਹੀ ਜੀਵਨ ਸ਼ੈਲੀ ਅਤੇ ਗ਼ਲਤ ਖਾਣ ਪੀਣ ਦੀਆਂ ਆਦਤਾਂ ਕਾਰਨ ਅੱਜਕੱਲ੍ਹ ਵਾਲਾਂ ਨਾਲ ਸਬੰਧਤ ਕਈ ਸਮੱਸਿਆਵਾਂ ਆਮ ਹੋ ਗਈਆਂ ਹਨ। ਇਨ੍ਹਾਂ 'ਚੋਂ ਇਕ ਹੈ ਸਮੇਂ ਤੋਂ ਪਹਿਲਾਂ ਹੋਣ ਵਾਲੇ ਚਿੱਟੇ ਵਾਲਾਂ ਦੀ ਸਮੱਸਿਆ। ਕੁਝ ਅਜਿਹੇ ਬਹੁਤ ਹੀ ਕਾਰਗਰ ਘਰੇਲੂ ਉਪਾਅ ਹਨ, ਜੋ ਚਿੱਟੇ ਹੁੰਦੇ ਜਾ ਰਹੇ ਵਾਲਾਂ ਦੀ ਸਮੱਸਿਆ ਨੂੰ ਦੂਰ ਕਰ ਸਕਦੇ ਹਨ।

### ਆਂਵਲਾ

ਛੋਟਾ ਜਿਹਾ ਦਿਖਣ ਵਾਲਾ ਆਂਵਲਾ ਨਾ ਸਿਰਫ ਸਿਹਤ ਲਈ ਗੁਣਕਾਰੀ ਹੈ ਸਗੋਂ ਇਸ ਦੀ ਨਿਯਮਿਤ ਵਰਤੋਂ ਨਾਲ ਚਿੱਟੇ ਹੁੰਦੇ ਵਾਲਾਂ ਦੀ ਸਮੱਸਿਆ ਤੋਂ ਵੀ ਨਿਜਾਤ ਮਿਲਦੀ ਹੈ। ਆਂਵਲੇ ਨੂੰ ਨਾ ਸਿਰਫ਼ ਖਾਣੇ ਵਿਚ ਸ਼ਾਮਿਲ ਕਰੋ ਸਗੋਂ ਮਹਿੰਦੀ ਵਿਚ ਮਿਲਾ ਕੇ ਇਸ ਦੇ ਘੋਲ ਨਾਲ ਵਾਲਾਂ ਦੀ ਕੰਡੀਸ਼ਨਿੰਗ ਕਰਦੇ ਰਹੋ। ਆਂਵਲੇ ਨੂੰ ਛੋਟੇ ਟੁਕੜਿਆਂ 'ਚ ਕੱਟ ਕੇ, ਗਰਮ ਨਾਰੀਅਲ ਤੇਲ ਵਿਚ ਮਿਲਾ ਕੇ ਸਿਰ 'ਤੇ ਮਾਲਿਸ਼ ਕਰਨ ਨਾਲ ਲਾਭ ਮਿਲਦਾ ਹੈ।

### ਦਹੀਂ ਨਾਲ ਕਰੋ ਸਫ਼ੇਦੀ 'ਤੇ ਵਾਰ

ਮਹਿੰਦੀ ਅਤੇ ਦਹੀਂ ਨੂੰ ਬਰਾਬਰ ਮਾਤਰਾ ਵਿਚ ਮਿਲਾ ਕੇ ਪੇਸਟ ਬਣਾ ਲਓ ਅਤੇ ਇਸ ਪੇਸਟ ਨੂੰ ਵਾਲਾਂ ਵਿਚ ਲਗਾਓ। ਇਸ ਘਰੇਲੂ ਨੁਸਖ਼ੇ ਨੂੰ ਹਫ਼ਤੇ 'ਚ ਇਕ ਵਾਰ ਵਰਤਣ ਨਾਲ ਵਾਲੇ ਕਾਲੇ ਹੋਣ ਲਗਦੇ ਹਨ।

### ਕਾਰਗਰ ਕਾਲ਼ੀ ਮਿਰਚ

ਕਾਲ਼ੀ ਮਿਰਚ ਦੇ ਦਾਣਿਆਂ ਨੂੰ ਪਾਣੀ ਵਿਚ ਉਬਾਲ ਕੇ ਉਸ ਪਾਣੀ ਨਾਲ ਵਾਲ ਧੋਣ ਤੋਂ ਬਾਅਦ ਸਿਰ 'ਚ ਪਾਓ। ਲੰਬੇ ਸਮੇਂ ਤਕ ਇਹ ਨੁਸਖਾ ਵਰਤਣ 'ਤੇ ਅਸਰ ਦਿਖਾਈ ਦੇਣ ਲਗਦਾ ਹੈ।

### ਕੌਫ਼ੀ ਅਤੇ ਕਾਲ਼ੀ ਚਾਹ

ਜੇ ਤੁਸੀਂ ਚਿੱਟੇ ਹੋ ਰਹੇ ਵਾਲਾਂ ਤੋਂ ਪਰੇਸ਼ਾਨ ਹੋ ਤਾਂ ਬਲੈਕ ਟੀ ਅਤੇ ਕੌਫ਼ੀ ਦੀ ਵਰਤੋਂ ਕਰੋ। ਚਿੱਟੇ ਹੋ ਚੁੱਕੇ ਵਾਲਾਂ ਨੂੰ ਜੇ ਤੁਸੀਂ ਬਲੈਕ ਟੀ ਜਾਂ ਕੌਫ਼ੀ ਵਾਲੇ ਪਾਣੀ ਨਾਲ ਧੋਣਾ ਸ਼ੁਰੂ ਕਰੋਗੇ ਤਾਂ ਚਿੱਟੇ ਹੋ ਰਹੇ ਵਾਲ ਮੁੜ ਕਾਲ਼ੇ ਹੋਣੇ ਸ਼ੁਰੂ ਹੋ ਜਾਣਗੇ। ਇਹ ਨੁਸਖ਼ਾ ਹਰ ਦੋ ਦਿਨਾਂ ਬਾਅਦ ਦੁਹਰਾਉਣਾ ਚਾਹੀਦਾ ਹੈ।

### ਭ੍ਰਿੰਗਰਾਜ ਅਤੇ ਅਸਗੰਧ

ਭ੍ਰਿੰਗਰਾਜ ਅਤੇ ਅਸਗੰਧ ਦੀਆਂ ਜੜ੍ਹਾਂ ਵਾਲਾਂ ਲਈ ਵਰਦਾਨ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਦਾ ਪੇਸਟ ਬਣਾ ਕੇ ਨਾਰੀਅਲ ਤੇਲ ਵਿਚ ਮਿਲਾ ਕੇ ਵਾਲਾਂ ਦੀਆਂ ਜੜ੍ਹਾਂ ਵਿਚ ਇਕ ਘੰਟੇ ਤਕ ਲਗਾ ਕੇ ਰੱਖੋ। ਅਤੇ ਕੋਸੇ ਪਾਣੀ ਨਾਲ ਵਾਲ ਧੋ ਲਓ। ਨਾ ਸਿਰਫ਼ ਵਾਲਾਂ ਦੀ ਕੰਡੀਸ਼ਨਿੰਗ ਹੋਵੇਗੀ ਸਗੋਂ ਵਾਲ ਕਾਲੇ ਵੀ ਹੋਣਗੇ।

### ਕੜ੍ਹੀ ਪੱਤਾ ਕਰੇ ਕਮਾਲ

ਨਹਾਉਣ ਤੋਂ ਪਹਿਲਾਂ ਕੜ੍ਹੀ ਪੱਤੇ ਨੂੰ ਨਹਾਉਣ ਦੇ ਪਾਣੀ ਵਿਚ ਪਾ ਦਿਓ ਅਤੇ ਇਕ ਘੰਟੇ ਬਾਅਦ ਉਸ ਪਾਣੀ ਨਾਲ ਸਿਰ ਧੋਵੋ। ਜਾਂ ਆਂਵਲੇ ਵਾਂਗ ਕੜ੍ਹੀ ਪੱਤੇ ਨੂੰ ਵੀ ਬਰੀਕ ਕੱਟ ਕੇ ਅਤੇ ਗਰਮ ਨਾਰੀਅਲ ਤੇਲ ਵਿਚ ਮਿਲਾ ਕੇ ਸਿਰ 'ਤੇ ਲਗਾਓ।



### ਐਲੋਵੀਰਾ

ਵਾਲਾਂ 'ਚ ਐਲੋਵੀਰਾ ਜੈਲ ਲਗਾਉਣ ਨਾਲ ਵੀ ਵਾਲਾਂ ਦਾ ਝੜਨਾ ਅਤੇ ਚਿੱਟਾ ਹੋਣਾ ਬੰਦ ਹੋ ਜਾਂਦਾ ਹੈ। ਇਸ ਲਈ ਐਲੋਵੀਰਾ ਜੈਲ ਵਿਚ ਨਿੰਬੂ ਦਾ ਰਸ ਬਣਾ ਕੇ ਪੇਸਟ ਬਣਾ ਕੇ ਰੱਖ ਲਓ ਅਤੇ ਇਸ ਪੇਸਟ ਨੂੰ ਵਾਲਾਂ ਵਿਚ ਲਗਾਓ।

### ਪਿਆਜ਼ ਕਰੇ ਇਲਾਜ

ਰੋਜ਼ਾਨਾ ਨਹਾਉਣ ਤੋਂ ਕੁਝ ਦੇਰ ਪਹਿਲਾਂ ਆਪਣੇ ਵਾਲਾਂ ਨੂੰ ਪਿਆਜ਼ ਦਾ ਪੇਸਟ ਲਗਾਓ। ਇਸ ਨਾਲ ਤੁਹਾਡੇ ਚਿੱਟੇ ਵਾਲ਼ੇ ਕਾਲੇ ਹੋਣੇ ਸ਼ੁਰੂ ਹੋ ਹੀ ਜਾਣਗੇ, ਵਾਲਾਂ ਵਿਚ ਚਮਕ ਆਵੇਗੀ।

### ਦੁੱਧ ਦੇ ਲਾਭ

ਗਾਂ ਦੇ ਦੁੱਧ ਦੇ ਲਾਭ ਬਾਰੇ ਕੌਣ ਨਹੀਂ ਜਾਣਦਾ ਪਰ ਕੀ ਤੁਹਾਨੂੰ ਇਹ ਵੀ ਪਤਾ ਹੈ ਕਿ ਗਾਂ ਦਾ ਦੁੱਧ ਚਿੱਟੇ ਵਾਲਾਂ ਨੂੰ ਕਾਲਾ ਵੀ ਬਣਾ ਸਕਦਾ ਹੈ। ਗਾਂ ਦਾ ਦੁੱਧ ਵਾਲਾਂ ਵਿਚ ਲਗਾਉਣ ਨਾਲ ਵਾਲ ਕੁਦਰਤੀ ਤੌਰ 'ਤੇ ਕਾਲ਼ੇ ਹੋਣ ਲਗਦੇ ਹਨ। ਹਰ ਹਫ਼ਤੇ ਅਜਿਹਾ ਕਰਨ ਨਾਲ ਵਾਲ ਖਿੜ ਜਾਣਗੇ।

# ਗਰਭ ਦੌਰਾਨ ਥਾਇਰਾਇਡ ਹਾਰਮੋਨ

**ਲੋਹ-ਕਣ ਤੇ ਕੈਲਸ਼ੀਅਮ ਦੀਆਂ ਦਵਾਈਆਂ ਥਾਇਰਾਇਡ ਹਾਰਮੋਨ 'ਤੇ ਅਸਰ ਪਾਉਂਦੀਆਂ ਹਨ ...**



ਡਾ. ਹਰਸ਼ਿੰਦਰ ਕੌਰ, ਐਮ. ਡੀ.,



ਅਮਰੀਕਨ ਥਾਇਰਾਇਡ ਐਸੋਸੀਏਸ਼ਨ ਤੇ ਨੈਸ਼ਨਲ ਐਂਡੋਕਰਾਈਨ ਐਂਡ ਮੈਟਾਬੌਲਿਕ ਡੀਜ਼ੀਜ਼ ਇਨਫਾਰਮੇਸ਼ਨ ਵੱਲੋਂ ਕੁੱਝ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਬਾਰੇ ਗਰਭਵਤੀ ਔਰਤਾਂ ਨੂੰ ਜਾਣਕਾਰੀ ਹੋਣੀ ਜ਼ਰੂਰੀ ਹੈ।

ਗ਼ਲੇ ਦੇ ਸਾਹਮਣੇ, ਵਿਚਕਾਰ ਕਰਕੇ ਪਏ ਥਾਇਰਾਇਡ ਗਲੈਂਡ ਦੇ ਹਾਰਮੋਨਾਂ ਦਾ ਵਾਧਾ ਜਾਂ ਘਾਟਾ ਆਮ ਹੀ ਗਰਭ ਦੌਰਾਨ ਵੇਖਣ ਵਿਚ ਆਉਂਦਾ ਹੈ। ਥਾਇਰਾਇਡ ਹਾਰਮੋਨ ਸਰੀਰ ਦੇ ਕੰਮ ਕਾਰ ਲਈ ਤਾਕਤ ਦੇਣ ਦਾ ਕੰਮ ਕਰਦਾ ਹੈ। ਇਸਤੋਂ ਇਲਾਵਾ ਭਾਰ, ਦਿਲ, ਦਿਮਾਗ਼, ਸਰੀਰ ਦਾ ਤਾਪਮਾਨ ਆਦਿ ਸਭ ਕੁੱਝ ਉੱਤੇ ਇਹ ਅਸਰ ਪਾਉਂਦਾ ਹੈ।

ਗਰਭ ਦੇ ਪਹਿਲੇ ਤਿੰਨ ਮਹੀਨਿਆਂ ਵਿਚ ਥਾਇਰਾਇਡ ਹਾਰਮੋਨਾਂ ਦਾ ਨਾਰਮਲ ਰਹਿਣਾ ਜ਼ਰੂਰੀ ਹੁੰਦਾ ਹੈ। ਆਮ ਤੌਰ ਉੱਤੇ ਥਾਇਰਾਇਡ ਹਾਰਮੋਨਾਂ ਦੇ ਵਾਧੇ ਨਾਲ ਧੜਕਨ ਦਾ ਵਧਣਾ, ਭਾਰ ਘਟਣਾ, ਉਲਟੀਆਂ ਆਉਣੀਆਂ ਆਮ ਹੀ ਦਿਸਣ ਵਾਲੇ ਲੱਛਣ ਹਨ ਜੋ ਗਰਭ ਦੌਰਾਨ ਬਗ਼ੈਰ ਥਾਇਰਾਇਡ ਹਾਰਮੋਨਾਂ ਦੀ ਗੜਬੜੀ ਦੇ ਵੀ ਹੋ ਸਕਦੇ ਹਨ।

### ਜੇ ਵੇਲੇ ਸਿਰ ਇਲਾਜ ਨਾ ਕੀਤਾ ਜਾਵੇ ਤਾਂ :-

- ਬਲੱਡ ਪ੍ਰੈੱਸ਼ਰ ਵੱਧ ਸਕਦਾ ਹੈ।
- ਬੱਚੇ ਦੀ ਮੌਤ ਹੋ ਸਕਦੀ ਹੈ।
- ਬੱਚਾ ਸਤਮਾਹਿਆ ਜੰਮ ਸਕਦਾ ਹੈ।
- ਬੱਚੇ ਦਾ ਭਾਰ ਘੱਟ ਰਹਿ ਸਕਦਾ ਹੈ
- ਬੱਚੇ ਦਾ ਦਿਮਾਗ਼ ਘੱਟ ਰਹਿ ਸਕਦਾ ਹੈ।

### ਥਾਇਰਾਇਡ ਹਾਰਮੋਨਾਂ ਦੇ ਵਾਧੇ ਦੇ ਲੱਛਣ

- ਦਿਲ ਦੀ ਧੜਕਨ ਵਧਣੀ।
- ਗਰਮੀ ਜ਼ਿਆਦਾ ਮਹਿਸੂਸ ਹੋਣੀ
- ਛੇਤੀ ਥਕਾਵਟ ਮਹਿਸੂਸ ਹੋਣੀ
- ਬਹੁਤ ਜ਼ਿਆਦਾ ਦਿਲ ਕੱਚਾ ਹੋਣਾ ਤੇ ਉਲਟੀਆਂ ਲੱਗਣੀਆਂ
- ਹੱਥ ਕੰਬਣੇ
- ਨੀਂਦਰ ਠੀਕ ਨਾ ਆਉਣੀ
- ਭਾਰ ਘੱਟਣਾ

### ਥਾਇਰਾਇਡ ਹਾਰਮੋਨਾਂ ਦੇ ਘਾਟੇ ਦੇ ਲੱਛਣ

- ਭਾਰ ਵੱਧਣਾ।
- ਬਹੁਤ ਜ਼ਿਆਦਾ ਥਕਾਵਟ ਮਹਿਸੂਸ ਹੋਣੀ।
- ਘਬਰਾਹਟ ਹੋਣੀ।
- ਸੁਸਤੀ ਰਹਿਣੀ।
- ਕਬਜ਼ ਹੋਣੀ।
- ਯਾਦਾਸ਼ਤ ਘਟਣੀ।
- ਠੰਡ ਮਹਿਸੂਸ ਹੁੰਦੀ ਰਹਿਣੀ।
- ਪੱਠਿਆਂ ਵਿਚ ਅਕੜਾਓ।

### ਕਾਰਨ :-

ਗਰਭ ਦੌਰਾਨ 'ਗਰੇਵਜ਼ ਡਿਜ਼ੀਜ਼' ਆਮ ਵੇਖਣ ਨੂੰ ਮਿਲਦੀ ਹੈ। ਇਸ ਵਿਚ ਸਰੀਰ ਦੇ ਆਪਣੇ ਹੀ ਬਚਾਓ ਕਰਨ ਵਾਲੇ ਸੈੱਲ ਥਾਇਰਾਇਡ ਹਾਰਮੋਨ ਬਣਾਉਣ ਵਾਲੇ 'ਇਮਯੂਨੋਗਲੋਬੂਲਿਨ' ਨੂੰ ਕੀਟਾਣੂ ਸਮਝ ਕੇ ਗ਼ਲਤੀ ਨਾਲ ਇਸ ਦੇ ਵਿਰੁੱਧ ਜੰਗ ਛੇੜ ਦਿੰਦੇ ਹਨ। ਨਤੀਜੇ ਵਜੋਂ ਥਾਇਰਾਇਡ ਹਾਰਮੋਨ ਵੱਧ ਜਾਂਦੇ ਹਨ।

ਇਸੇ ਤਰ੍ਹਾਂ 'ਹਸ਼ੀਮੋਟੋ ਥਾਇਰੋਡਾਇਟਿਸ' ਵਿਚ ਥਾਇਰਾਇਡ ਗ਼ਲੈਂਡ ਦੇ ਸੈੱਲਾਂ ਵਿਰੁੱਧ ਆਪਣਾ ਹੀ ਸਰੀਰ ਜੰਗ ਵਿੱਢ ਦਿੰਦਾ ਹੈ ਜਿਸ ਨਾਲ ਥਾਇਰਾਇਡ ਵਿੱਚੋਂ ਨਿਕਲਦੇ ਹਾਰਮੋਨ ਘੱਟ ਜਾਂਦੇ ਹਨ।

### ਇਲਾਜ :-



ਥਾਇਰਾਇਡ ਹਾਰਮੋਨਾਂ ਦੇ ਟੈਸਟ ਕਰਨੇ ਜ਼ਰੂਰੀ ਹੁੰਦੇ ਹਨ ਤੇ ਡਾਕਟਰ ਦੀ ਸਲਾਹ ਨਾਲ ਵਧੇ ਹਾਰਮੋਨਾਂ ਨੂੰ ਗਰਭ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਪਰੋਪਾਈਲ ਥਾਇਓ ਯੁਰਾਸਿਲ ਦਵਾਈ ਦਿੱਤੀ ਜਾਂਦੀ ਹੈ।

- ਕਈ ਵਾਰ ਬੱਚੇ ਦੇ ਜਨਮ ਬਾਅਦ ਪਹਿਲੇ ਤਿੰਨ ਮਹੀਨੇ ਥਾਇਰਾਇਡ ਹਾਰਮੋਨ ਕਾਫੀ ਘੱਟ ਹੋ ਜਾਂਦੇ ਹਨ ਜਿਨ੍ਹਾਂ ਲਈ ਦਵਾਈ ਦੇਣੀ ਪੈ ਸਕਦੀ ਹੈ।
- ਜੇ ਘਟੇ ਹੋਏ ਹਾਰਮੋਨ ਹੋਣ ਤਾਂ 'ਲੀਵੋ ਥਾਇਰੋਕਸੀਨ' ਦਵਾਈ ਦੇਣੀ ਪੈਂਦੀ ਹੈ। ਇਸ ਦਵਾਈ ਦੇ ਖਾਂਦੇ ਹੋਏ ਹਰ ਮਹੀਨੇ ਥਾਇਰਾਇਡ ਦੇ ਟੈਸਟ ਕਰਵਾਉਣੇ ਜ਼ਰੂਰੀ ਹੁੰਦੇ ਹਨ।
- ਲੋਹ ਕਣ ਤੇ ਕੈਲਸ਼ੀਅਮ ਦੀਆਂ ਦਵਾਈਆਂ ਥਾਇਰਾਇਡ ਹਾਰਮੋਨ ਉੱਤੇ ਵੀ ਅਸਰ ਪਾਉਂਦੀਆਂ ਹਨ, ਇਸੇ ਲਈ 'ਲੀਵੋਥਾਇਰੋਕਸੀਨ' ਦਵਾਈ ਖਾਂਦੇ ਹੋਏ ਦੂਜੀਆਂ ਦਵਾਈਆਂ ਤੋਂ 3 ਜਾਂ 4 ਘੰਟੇ ਦਾ ਫ਼ਰਕ ਰੱਖਣਾ ਜ਼ਰੂਰੀ ਹੁੰਦਾ ਹੈ।
- ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜੇ ਥਾਇਰਾਇਡ ਹਾਰਮੋਨਾਂ ਦੀ ਗੜਬੜੀ ਹੋਵੇ ਤਾਂ ਕਈ ਵਾਰ ਗਰਭ ਠਹਿਰਨ ਵਿਚ ਵੀ ਕਾਫੀ ਮੁਸ਼ਕਲ ਆਉਂਦੀ ਹੈ।

ਏਸੇ ਲਈ ਜੇ ਗਰਭ ਨਾ ਠਹਿਰ ਰਿਹਾ ਹੋਵੇ ਤਾਂ ਥਾਇਰਾਇਡ ਹਾਰਮੋਨਾਂ ਦਾ ਟੈਸਟ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ ਕਿਉਂਕਿ ਹਰ 10 ਜਣਿਆਂ ਵਿੱਚੋਂ ਇਕ ਨੂੰ ਜ਼ਰੂਰ ਥਾਇਰਾਇਡ ਦੀ ਬੀਮਾਰੀ ਹੁੰਦੀ ਹੈ।

ਫੋਨ ਨੰ:
0175-2216783

## ਸੰਪਾਦਕੀ

# ਪੰਜਾਬ ਵਿਚ ਮੁਫ਼ਤ ਬੱਸ ਸਫ਼ਰ ਦੀ ਸਹੂਲਤ

ਪੰਜਾਬ ਸਰਕਾਰ ਵੱਲੋਂ ਸਾਲ 2021 ਵਿੱਚ ਸਰਕਾਰੀ ਬੱਸਾਂ ਵਿੱਚ ਔਰਤਾਂ ਲਈ ਮੁਫ਼ਤ ਸਫ਼ਰ ਦੀ ਸਹੂਲਤ ਦੇਣ ਨਾਲ ਜਿੱਥੇ ਔਰਤਾਂ ਦੀ ਆਮਦੋ-ਰਫ਼ਤ ਵਿੱਚ ਵਾਧਾ ਹੋਇਆ ਹੈ, ਉੱਥੇ ਇਸ ਨਾਲ ਉਨ੍ਹਾਂ ਨੂੰ ਖਾਸੀ ਵਿੱਤੀ ਰਾਹਤ ਵੀ ਮਿਲੀ ਹੈ। ਇਸ ਲਿਹਾਜ਼ ਤੋਂ ਇਹ ਸਹੂਲਤ ਸਿੱਖਿਆ ਸੰਸਥਾਵਾਂ ਅਤੇ ਕੰਮ-ਕਾਜੀ ਥਾਵਾਂ 'ਤੇ ਜਾਣ ਵਾਲੀਆਂ ਲੜਕੀਆਂ ਅਤੇ ਔਰਤਾਂ ਲਈ ਜੀਵਨ ਰੇਖਾ ਸਾਬਿਤ ਹੋਈ ਹੈ। ਇਸ ਤੋਂ ਇਲਾਵਾ ਔਰਤਾਂ ਨੂੰ ਬਿਨਾਂ ਕਿਸੇ ਖਰਚ ਤੋਂ ਰਿਸ਼ਤੇਦਾਰੀ ਵਿੱਚ ਮਿਲਣ ਜਾਣ ਆਉਣ ਲਈ ਵੀ ਸਹੂਲਤ ਹੋ ਗਈ ਹੈ। ਇਸ ਯੋਜਨਾ ਦੀ ਸਫ਼ਲਤਾ ਸਰਕਾਰੀ ਅੰਕੜੇ ਤੋਂ ਦੇਖੀ ਜਾ ਸਕਦੀ ਹੈ ਜਿਸ ਮੁਤਾਬਿਕ ਅਪਰੈਲ 2021 ਵਿੱਚ ਪੰਜਾਬ ਵਿੱਚ ਕਰੀਬ 61.18 ਲੱਖ ਔਰਤਾਂ ਨੇ ਬੱਸ ਸੇਵਾ ਦੀ ਵਰਤੋਂ ਕੀਤੀ ਸੀ। ਨਵੰਬਰ 2022 ਤੱਕ ਇਹ ਅੰਕੜਾ ਵਧ ਕੇ ਦੁੱਗਣਾ ਹੋ ਗਿਆ ਸੀ। ਉਂਝ, ਇਸ ਕਰ ਕੇ ਪੈਪਸੂ ਰੋਡ ਟ ?ਰਾਂਸਪੋਰਟ ਕਾਰਪੋਰੇਸ਼ਨ (ਪੀਆਰਟੀਸੀ) ਦੀ ਵਿੱਤੀ ਹਾਲਤ ਕਾਫ਼ੀ ਖਸਤਾ ਹੋ ਗਈ ਹੈ ਅਤੇ ਪੰਜਾਬ ਸਰਕਾਰ ਨੇ ਪੀਆਰਟੀਸੀ ਨੂੰ ਮੁਫ਼ਤ ਬੱਸ ਸਫ਼ਰ ਸਹੂਲਤ ਦੇ 250 ਕਰੋੜ ਰੁਪਏ ਦੇਣੇ ਹਨ। ਬਕਾਏ ਅਦਾ ਕਰਨ ਵਿੱਚ ਦੇਰੀ ਕਰ ਕੇ ਪੀਆਰਟੀਸੀ ਨੂੰ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਦੇਣ ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੂੰ ਇਸ ਸਹੂਲਤ ਨੂੰ ਚੱਲਦਾ ਰੱਖਣ ਨਾਲ ਜੁੜੇ ਸਰੋਕਾਰਾਂ ਨੂੰ ਮੁਖਾਤਿਬ ਹੋਣ ਲਈ ਹੋਰ ਬਦਲ ਤਲਾਸ਼ ਕਰਨੇ ਪੈਣਗੇ। ਇਸ ਕਿਸਮ ਦੇ ਵਿੱਤੀ ਘਾਟਿਆਂ ਦੀ ਭਰਪਾਈ ਲਈ ਕਰਾਸ ਸਬਸਿਡੀ ਪ੍ਰਬੰਧ ਹੰਢਣਸਾਰ ਬਦਲ ਬਣ ਸਕਦਾ ਹੈ। ਬੱਸ ਕਿਰਾਏ ਵਿੱਚ ਥੋੜ੍ਹਾ ਜਿਹਾ ਵਾਧਾ ਕਰਨ ਜਾਂ ਪ੍ਰੀਮੀਅਮ ਸੇਵਾਵਾਂ ਲਈ ਵਾਧੂ ਚਾਰਜ ਸ਼ੁਰੂ ਕਰ ਕੇ ਸਰਕਾਰ ਵਾਧੂ ਮਾਲੀਆ ਜੁਟਾ ਸਕਦੀ ਹੈ ਜਿਸ ਨਾਲ ਇਸ ਸਕੀਮ ਦੇ ਖਰਚਿਆਂ ਦੀ ਭਰਪਾਈ ਕੀਤੀ ਜਾ ਸਕਦੀ ਹੈ। ਇਵੇਂ ਹੀ ਕਾਰਪੋਰੇਟ ਸਮਾਜਿਕ ਜਿ ?ਮੇਵਾਰੀ ਦੀ ਕੜੀ ਵਜੋਂ ਪਬਲਿਕ ਪ੍ਰਾਈਵੇਟ ਭਿਆਲੀ (ਪੀਪੀਪੀ) ਅਤੇ ਟੀਚਾਬੱਧ ਸਬਸਿਡੀਆਂ ਰਾਹੀਂ ਵੀ ਕੁਝ ਵਿੱਤੀ ਸਹਾਇਤਾ ਜੁਟਾਈ ਜਾ ਸਕਦੀ ਹੈ।

ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮੁਫ਼ਤ ਬੱਸ ਸੇਵਾ ਨੇ ਪੰਜਾਬ ਵਿੱਚ ਔਰਤਾਂ ਦੀ ਜਿ ?ਦਗੀ ਸੁਧਾਰੀ ਹੈ। ਸਿੱਖਿਆ, ਕੰਮਕਾਰ ਅਤੇ ਪਰਿਵਾਰਕ ਗਤੀਵਿਧੀਆਂ ਵਿੱਚ ਵੱਧ ਸਮਾਨਤਾ ਤੇ ਹਿੱਸੇਦਾਰੀ ਸੰਭਵ ਹੋ ਸਕੀ ਹੈ। ਇਸ ਸਕੀਮ ਨੂੰ ਚੱਲਦੀ ਰੱਖਣਾ ਮਹੱਤਵਪੂਰਨ ਹੈ ਕਿਉਂਕਿ ਇਹ ਰਾਜ ਵਿੱਚ ਸਮਾਜਿਕ ਤੇ ਆਰਥਿਕ ਤਰੱਕੀ ਨੂੰ ਹੁਲਾਰਾ ਦੇਣ ਵਾਲੀ ਹੈ। ਔਰਤਾਂ ਨੂੰ ਆਰਥਿਕ ਅਤੇ ਸਮਾਜਿਕ ਤੌਰ 'ਤੇ ਮਜ਼ਬੂਤ ਬਣਾਉਣ 'ਤੇ ਜ਼ੋਰ ਦੇਣਾ ਵਿਕਾਸ ਦਾ ਅਹਿਮ ਪਹਿਲੂ ਹੈ ਕਿਉਂਕਿ ਇਸ ਤਰ੍ਹਾਂ ਉਹ ਆਪਣੇ ਬੱਚਿਆਂ ਦੀ ਸਿੱਖਿਆ, ਸਿਹਤ ਅਤੇ ਪੋਸ਼ਣ ਉੱਤੇ ਵੱਧ ਖ਼ਰਚ ਕਰ ਸਕਣਗੀਆਂ। ਸਿੱਟੇ ਵਜੋਂ ਭਵਿੱਖੀ ਆਰਥਿਕ ਖ਼ੁਸ਼ਹਾਲੀ ਨੂੰ ਆਸਰਾ ਮਿਲੇਗਾ। ਸਮਾਜਿਕ ਪੂੰਜੀ ਨੂੰ ਉਨ੍ਹਾਂ ਰਾਹਾਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ ਜਿਨ੍ਹਾਂ ਰਾਹੀਂ ਲੋਕਾਂ ਨੂੰ ਵੱਧ ਤੋਂ ਵੱਧ ਅਧਿਕਾਰ ਦੇਣ ਦੇ ਟੀਚੇ ਪ੍ਰਾਪਤ ਕੀਤੇ ਜਾ ਸਕਦੇ ਹਨ।

# ਹਾਥਰਸ ਘਟਨਾ

ਪ੍ਰਸ਼ਾਸਨ ਵੱਲੋਂ ਜਿਸ ਥਾਂ 'ਤੇ ਸਿਰਫ਼ 80,000 ਲੋਕਾਂ ਨੂੰ ਇਕੱਠੇ ਹੋਣ ਦੀ ਇਜਾਜ਼ਤ ਦਿੱਤੀ ਗਈ ਹੋਵੇ, ਉੱਥੇ ਜਦੋਂ 2.5 ਲੱਖ ਲੋਕ ਇਕੱਠੇ ਹੋ ਜਾਣ ਤਾਂ ਹਾਦਸਾ ਹੋਣ ਦਾ ਖ਼ਦਸ਼ਾ ਕਈ ਗੁਣਾ ਵਧ ਜਾਂਦਾ ਹੈ। ਉੱਤਰ ਪ੍ਰਦੇਸ਼ ਦੇ ਹਾਥਰਸ ਵਿੱਚ ਸਤਿਸੰਗ ਦੌਰਾਨ ਮਚੀ ਭਗਦੜ ਵਿੱਚ ਮਰਨ ਵਾਲਿਆਂ ਦੀ ਗਿਣਤੀ 120 ਤੋਂ ਪਾਰ ਹੋ ਗਈ ਹੈ। ਮ੍ਰਿਤਕ ਉਸ ਭੀੜ ਦਾ ਹਿੱਸਾ ਸਨ ਜੋ ਧਾਰਮਿਕ ਉਪਦੇਸ਼ਕ ਨੂੰ ਸੁਣਨ ਲਈ ਜੁੜੀ ਸੀ। ਐੱਫਆਈਆਰ ਮੁਤਾਬਿਕ ਪ੍ਰਬੰਧਕਾਂ ਨੇ ਕਥਿਤ ਤੌਰ 'ਤੇ ਗ਼ਲਤ ਜਾਣਕਾਰੀ ਦੇ ਆਧਾਰ 'ਤੇ ਇਕੱਠ ਲਈ ਇਜਾਜ਼ਤ ਲਈ ਸੀ, ਉਨ੍ਹਾਂ ਇਸ ਸਤਿਸੰਗ ਵਿੱਚ ਹਿੱਸਾ ਲੈ ਰਹੇ ਸ਼ਰਧਾਲੂਆਂ ਦੀ ਅਸਲ ਗਿਣਤੀ ਦਾ ਖ਼ੁਲਾਸਾ ਨਹੀਂ ਕੀਤਾ। ਉਨ੍ਹਾਂ 'ਤੇ ਟਰੈਫਿਕ ਕੰਟਰੋਲ ਪੁਲੀਸ ਨਾਲ ਸਹਿਯੋਗ ਨਾ ਕਰਨ ਅਤੇ ਘਟਨਾ ਤੋਂ ਬਾਅਦ ਸਬੂਤ ਲੁਕੋਣ ਦੇ ਦੋਸ਼ ਵੀ ਲਾਏ ਗਏ ਹਨ।

ਇਹ ਬਹੁਤ ਮੰਦਭਾਗਾ ਹੈ ਕਿ ਅਜਿਹਾ ਦੇਸ਼ ਜਿੱਥੇ ਲੋਕ ਰੋਜ਼ਾਨਾ ਕਈ-ਕਈ ਧਾਰਮਿਕ ਸਥਾਨਾਂ 'ਤੇ ਵੱਡੀ ਗਿਣਤੀ ਵਿੱਚ ਜੁੜਦੇ ਹਨ, ਉੱਥੇ ਭੀੜ ਸੰਭਾਲਣ ਦੇ ਮਾਮਲੇ ਵੱਲ ਅਕਸਰ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਦਹਾਕਾ ਪਹਿਲਾਂ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ (ਐੱਨਡੀਐੱਮਏ) ਨੇ ਸਮਾਰੋਹਾਂ ਅਤੇ ਵੱਡੇ ਇਕੱਠਾਂ ਵਿੱਚ ਲੋਕਾਂ ਦੀ ਭੀੜ ਸੰਭਾਲਣ ਲਈ ਕੁਝ ਹਦਾਇਤਾਂ ਜਾਰੀ ਕੀਤੀਆਂ ਸਨ। ਇਹ ਦਸਤਾਵੇਜ਼ ਰਾਜ ਸਰਕਾਰਾਂ, ਸਥਾਨਕ ਪ੍ਰਸ਼ਾਸਨ ਅਤੇ ਪ੍ਰਬੰਧਕਾਂ ਦੀ ਸੇਧ ਲਈ ਸੀ ਤਾਂ ਜੋ ਭੀੜ ਤੇ ਆਫ਼ਤ ਪ੍ਰਬੰਧਨ ਦੇ ਪੱਖ ਤੋਂ ਇੱਕਜੁਟ ਅਤੇ ਢਾਂਚਾਗਤ ਪਹੁੰਚ ਅਪਣਾਈ ਜਾ ਸਕੇ। ਆਫ਼ਤ ਪ੍ਰਬੰਧਨ ਅਥਾਰਿਟੀ ਕਹਿ ਚੁੱਕੀ ਹੈ ਕਿ ਮਾਨਵੀ ਗ਼ਲਤੀ ਕਾਰਨ ਹੁੰਦੀਆਂ ਭਗਦੜ ਜਿਹੀਆਂ ਤ੍ਰਾਸਦੀਆਂ ਨੂੰ ਅਗਾਊਂ ਯੋਜਨਾਬੰਦੀ ਨਾਲ ਰੋਕਿਆ ਜਾ ਸਕਦਾ ਹੈ ਬਸ਼ਰਤੇ ਯੋਜਨਾਬੰਦੀ ਲਾਗੂ ਕਰਨ ਲਈ ਸਾਡੇ ਕੋਲ ਠੋਸ ਸਿਖਲਾਈ ਪ੍ਰਾਪਤ ਸਮਰਪਿਤ ਸਮੂਹ ਹੋਣ। ਇਨ੍ਹਾਂ ਵਿੱਚੋਂ ਕੁਝ ਵੀ ਹਾਥਰਸ ਦੀ ਘਟਨਾ ਵੇਲੇ ਮੌਜੂਦ ਨਹੀਂ ਸੀ। ਪ੍ਰਸ਼ਾਸਨ ਤੋਂ ਮਨਜ਼ੂਰੀ ਲੈਣ ਲਈ ਜ਼ਿਆਦਾਤਰ ਸਰੋਤਿਆਂ ਦੀ ਗਿਣਤੀ ਜਾਂ ਇਕੱਠ ਦੇ ਅਕਾਰ ਬਾਰੇ ਗੁਮਰਾਹਕੁਨ ਜਾਣਕਾਰੀ ਦਿੱਤੀ ਜਾਂਦੀ ਹੈ। ਕਈ ਵਾਰ ਅਜਿਹਾ ਕਰਨ ਲਈ ਰਿਸ਼ਵਤ ਦਾ ਸਹਾਰਾ ਵੀ ਲਿਆ ਜਾਂਦਾ ਹੈ ਹਾਲਾਂਕਿ ਅਜਿਹੇ ਭਿਆਨਕ ਹਾਦਸਿਆਂ ਲਈ ਸਿਰਫ਼ ਪ੍ਰਬੰਧਕਾਂ ਨੂੰ ਹੀ ਜਿ ?ਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਪ੍ਰਸ਼ਾਸਨ ਨੂੰ ਮਨਜ਼ੂਰੀ ਦੇਣ ਲੱਗਿਆਂ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ; ਇਕੱਠ ਦੀ ਸਲਾਮਤੀ ਲਈ ਕੀਤੇ ਇੰਤਜ਼ਾਮਾਂ ਦਾ ਮੌਕੇ ਉੱਤੇ ਜਾ ਕੇ ਜਾਇਜ਼ਾ ਲੈਣਾ ਚਾਹੀਦਾ ਹੈ ਤੇ ਦੇਖਣਾ ਚਾਹੀਦਾ ਹੈ ਕਿ ਕੀ ਹਾਦਸਾ ਵਾਪਰਨ ਦੀ ਸੂਰਤ 'ਚ ਉੱਥੇ ਕੀਤੇ ਗਏ ਪ੍ਰਬੰਧ ਢੁੱਕਵੇਂ ਹਨ। ਲਾਪਰਵਾਹੀ ਵਰਤਣ ਵਾਲਿਆਂ ਜਾਂ ਲਾਲਚ ਕਾਰਨ ਲੋਕਾਂ ਦੀ ਜਾਨ ਦਾਅ ਉੱਤੇ ਲਾਉਣ ਵਾਲਿਆਂ ਖਿ ?ਲਾਫ਼ ਮਿਸਾਲੀ ਕਾਰਵਾਈ ਕਰ ਕੇ ਹੀ ਭਵਿੱਖ 'ਚ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਉਂਝ, ਹਕੀਕਤ ਇਹ ਹੈ ਕਿ ਅਜਿਹੇ ਹਾਦਸੇ ਵਾਪਰਨ ਤੋਂ ਬਾਅਦ ਕੁਝ ਸਮਾਂ ਚਰਚਾ ਚੱਲਦੀ ਹੈ, ਸਰਕਾਰ ਜਾਂ ਪ੍ਰਸ਼ਾਸਨ ਕੋਈ ਕਾਰਵਾਈ ਵੀ ਕਰਦਾ ਹੈ ਪਰ ਹਾਦਸੇ ਰੋਕਣ ਲਈ ਮਾਮਲੇ ਦੀ ਜੜ੍ਹ ਫੜੀ ਹੀ ਨਹੀਂ ਜਾਂਦੀ। ਇੱਕ ਹੋਰ ਪੱਖ ਇਹ ਵੀ ਹੈ ਕਿ ਕੁਝ ਰਸੂਖਵਾਨ ਅਜਿਹੇ ਮਸਲੇ ਰਫ਼ਾ-ਦਫ਼ਾ ਕਰਵਾਉਣ ਵਿਚ ਵੀ ਕਾਮਯਾਬ ਹੋ ਜਾਂਦੇ ਹਨ। ਨਤੀਜੇ ਵਜੋਂ ਥੋੜ੍ਹੀ ਬਹੁਤ ਚਰਚਾ ਜਾਂ ਕਾਰਵਾਈ ਤੋਂ ਬਾਅਦ ਹਾਲਾਤ ਜਿਉਂ ਦੇ ਤਿਉਂ ਹੀ ਰਹਿੰਦੇ ਹਨ। ਅਜਿਹੇ ਮਸਲਿਆਂ ਦੀ ਹਰ ਪੱਖ ਤੋਂ ਪੁਣਛਾਣ ਕਰ ਕੇ ਪੱਕਾ ਹੱਲ ਕੱਢਣਾ ਚਾਹੀਦਾ ਹੈ ਤਾਂ ਕਿ ਕੀਮਤੀ ਜਾਨਾਂ ਅਜਾਈਂ ਨਾ ਜਾਣ।

# ਨਵੇਂ ਥਲ ਸੈਨਾ ਮੁਖੀ

ਜਨਰਲ ਉਪੇਂਦਰ ਦਿਵੇਦੀ ਨੇ ਥਲ ਸੈਨਾ ਦੇ 30ਵੇਂ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ। ਫਰਵਰੀ ਮਹੀਨੇ ਤੱਕ ਉਹ ਥਲ ਸੈਨਾ ਦੇ ਉਪ ਮੁਖੀ ਸਨ ਅਤੇ ਉਨ੍ਹਾਂ ਜਨਰਲ ਮਨੋਜ ਪਾਂਡੇ ਕੋਲੋਂ ਚਾਰਜ ਲੈ ਲਿਆ ਹੈ ਜਿਨ੍ਹਾਂ ਦੀ ਮਿਆਦ ਵਿੱਚ ਇਕ ਮਹੀਨੇ ਦਾ ਵਾਧਾ ਕੀਤਾ ਗਿਆ ਸੀ। ਨਵੇਂ ਥਲ ਸੈਨਾ ਮੁਖੀ ਨੇ ਇਹ ਗੱਲ ਆਖੀ ਹੈ ਕਿ ਉਹ ਫ਼ੌਜ ਦੇ ਆਧੁਨਿਕੀਕਰਨ ਦਾ ਸਵਾਲ ਉਨ੍ਹਾਂ ਦੀਆਂ ਤਰਜੀਹਾਂ ਵਿੱਚ ਸ਼ਾਮਿਲ ਰਹੇਗਾ। ਇਸ ਦੇ ਨਾਲ ਹੀ ਉਨ੍ਹਾਂ ਨਵੀਂ ਤਕਨਾਲੋਜੀ ਨੂੰ ਤੇਜ਼ੀ ਨਾਲ ਗ੍ਰਹਿਣ ਕਰਨ ਅਤੇ ਤੇਜ਼ੀ ਨਾਲ ਬਦਲ ਰਹੇ ਭੂ-ਰਾਜਸੀ ਮਾਹੌਲ ਅੰਦਰ ਆਤਮ-ਨਿਰਭਰਤਾ ਉੱਪਰ ਵਧੇਰੇ ਜ਼ੋਰ ਦਿੱਤਾ ਹੈ। ਕੁਝ ਖ਼ਾਸ ਤਰ੍ਹਾਂ ਦੀਆਂ ਸੁਰੱਖਿਆ ਚੁਣੌਤੀਆਂ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਫ਼ੌਜ ਦੀ ਸਮੱਰਥਾ ਅਤੇ ਤਿਆਰੀ ਦਾ ਪੂਰਾ ਭਰੋਸਾ ਦਿਵਾਇਆ ਹੈ। ਪੂਰਬੀ ਲੱਦਾਖ ਵਿੱਚ ਚੀਨ ਨਾਲ ਲੱਗਦੀ ਕੰਟਰੋਲ ਰੇਖਾ (ਐੱਲਏਸੀ) ਉੱਪਰ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ। ਇਵੇਂ ਹੀ ਥਲ ਸੈਨਾ ਮੁਖੀ ਲਈ ਜੰਮੂ ਕਸ਼ਮੀਰ ਵਿੱਚ ਅਤਿਵਾਦੀ ਹਮਲਿਆਂ ਵਿੱਚ ਹੋ ਰਿਹਾ ਵਾਧਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਉੱਤਰੀ ਕਮਾਂਡ ਦੇ ਕਮਾਂਡਰ ਵਜੋਂ ਉਨ੍ਹਾਂ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਖੇਤਰਾਂ ਵਿੱਚ ਫ਼ੌਜ ਦੀ ਤਾਇਨਾਤੀ ਵਿੱਚ ਵੱਡੀ ਰੱਦੋਬਦਲ ਅਮਲ ਵਿੱਚ ਲਿਆਂਦੀ ਸੀ। ਵੱਖ-ਵੱਖ ਯੋਜਨਾਵਾਂ ਅਤੇ ਢਾਂਚਾਗਤ ਸੁਧਾਰਾਂ ਦੇ ਸਵਾਲਾਂ ਉੱਪਰ ਵੀ ਕੰਮ ਜਾਰੀ ਰਹਿਣਾ ਚਾਹੀਦਾ ਹੈ ਹਾਲਾਂਕਿ ਇਨ੍ਹਾਂ ਦੀ ਦੇਖ-ਰੇਖ ਤਿੰਨੋ ਸੈਨਾਵਾਂ ਦੇ ਸਾਂਝੇ ਮੁਖੀ ਵੱਲੋਂ ਕੀਤੀ ਜਾਂਦੀ ਹੈ। ਇਸ ਸਬੰਧ ਵਿੱਚ ਵਸੀਹ ਸਲਾਹਕਾਰੀ ਚੌਖਟੇ ਕੰਮ ਕਰਦੇ ਹਨ ਜਿਨ੍ਹਾਂ ਲਈ ਕਾਫ਼ੀ ਸਮਾਂ ਖਰਚ ਹੁੰਦਾ ਹੈ ਅਤੇ ਇਹ ਠੀਕ ਵੀ ਹੈ। ਮਹੱਤਵਪੂਰਨ ਗੱਲ ਇਹ ਹੁੰਦੀ ਹੈ ਕਿ ਕਿਸੇ ਵੀ ਮੁੱਦੇ ਨੂੰ ਬਿਨਾਂ ਕਿਸੇ ਵਿਰੋਧ ਤੋਂ ਜਬਰੀ ਪ੍ਰਵਾਨ ਨਾ ਕਰਵਾ ਲਿਆ ਜਾਵੇ। ਥਲ, ਹਵਾਈ ਤੇ ਜਲ ਸੈਨਾਵਾਂ ਦਰਮਿਆਨ ਜਿਸ ਸਹਿਯੋਗ ਦੀ ਕਲਪਨਾ ਕੀਤੀ ਗਈ ਹੈ, ਉਸ ਤਹਿਤ ਸਾਂਝੇ ਟੀਚੇ ਅਤੇ ਉਦੇਸ਼ ਸੁਭਾਵਿਕ ਤੌਰ 'ਤੇ ਪ੍ਰਾਪਤ ਹੋਣੇ ਚਾਹੀਦੇ ਹਨ। ਇਸ ਨੁਕਤੇ ਨੂੰ ਅਮਲੀ ਤੌਰ 'ਤੇ ਸਿਰੇ ਚੜ੍ਹਾਉਣ ਵਿੱਚ ਵੱਖ-ਵੱਖ ਸੈਨਾਵਾਂ ਦੇ ਮੁਖੀਆਂ ਦੀ ਭੂਮਿਕਾ ਬੇਹੱਦ ਅਹਿਮ ਬਣ ਜਾਂਦੀ ਹੈ। ਚਾਰ ਸਾਲਾਂ ਦਾ ਸਮਾਂ ਮੁੱਕਣ 'ਤੇ ਵੱਧ ਤੋਂ ਵੱਧ ਅਗਨੀਵੀਰਾਂ ਨੂੰ ਸੈਨਾ ਵਿੱਚ ਕਾਇਮ ਰੱਖਣ ਦੀ ਮੰਗ ਹੁਣ ਸਿਆਸੀ ਗਲਿਆਰਿਆਂ 'ਚ ਜ਼ੋਰ ਫੜ ਰਹੀ ਹੈ, ਖ਼ਾਸ ਤੌਰ 'ਤੇ ਹਾਲੀਆ ਚੋਣਾਂ ਵਿੱਚ ਇਸ ਦੇ ਵੱਡਾ ਮੁੱਦਾ ਬਣਨ ਤੋਂ ਬਾਅਦ ਇਹ ਹੋਰ ਮਜ਼ਬੂਤ ਹੋਈ ਹੈ। ਇਹ ਦੇਖਣ ਵਾਲੀ ਗੱਲ ਹੋਵੇਗੀ ਕਿ ਜਨਰਲ ਦਿਵੇਦੀ ਅਗਨੀਪਥ ਭਰਤੀ ਸਕੀਮ ਬਾਰੇ ਜ਼ਾਹਿਰ ਕੀਤੇ ਗਏ ਫਿ ?ਕਰਾਂ ਨਾਲ ਕਿਵੇਂ ਨਜਿੱਠਦੇ ਹਨ। ਵਕਤ ਵੰਗਾਰ ਭਰਪੂਰ ਹੈ ਅਤੇ ਉਨ੍ਹਾਂ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਆਪਣੀਆਂ ਯੋਜਨਾਵਾਂ ਅਤੇ ਤਰਜੀਹਾਂ ਨੂੰ ਅਮਲੀ ਰੂਪ ਦੇਣਾ ਪਵੇਗਾ। ਅਸਲ ਵਿਚ, ਫ਼ੌਜ ਲਈ ਇਹ ਤਰਜੀਹਾਂ ਹੀ ਅਗਲੇ ਰਾਹ ਮੋਕਲੇ ਕਰਨ ਵਿੱਚ ਸਹਾਈ ਹੋਣਗੀਆਂ। ਜੰਮੂ ਤੇ ਕਸ਼ਮੀਰ ਰਾਈਫਲਜ਼ ਵਿੱਚ 1984 ਵਿੱਚ ਕਮਿਸ਼ਨ ਲੈਣ ਵਾਲੇ ਜਨਰਲ ਦਿਵੇਦੀ ਮੱਧ ਪ੍ਰਦੇਸ਼ ਦੇ ਰੇਵਾ ਸੈਨਿਕ ਸਕੂਲ ਦੇ ਵਿਦਿਆਰਥੀ ਰਹੇ ਹਨ। ਉਹ ਅਤੇ ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਤ੍ਰਿਪਾਠੀ ਸਕੂਲ ਵਿੱਚ ਇਕੱਠੇ ਸਨ। ਹਥਿਆਰਬੰਦ ਸੈਨਾਵਾਂ ਦੀ ਬਰਾਦਰੀ ਲਈ ਇਹ ਤਸੱਲੀਬਖ਼ਸ਼ ਇਤਫ਼ਾਕ ਹੈ। ਤਵੱਕੋ ਕੀਤੀ ਜਾ ਰਹੀ ਹੈ ਕਿ ਉਹ ਆਪੋ-ਆਪਣੇ ਖੇਤਰਾਂ ਵਿਚ ਨਵੇਂ ਪੂਰਨੇ ਪਾਉਣਗੇ ਅਤੇ ਫ਼ੌਜ ਨੂੰ ਬੁਲੰਦੀ ਉਤੇ ਲੈ ਕੇ ਜਾਣਗੇ।

**-ਅਨੀਤਾ ਜਾਂਗੜਾ**

# 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਸੰਸਦ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਮੇਤ ਦਿੱਲੀ ਅਤੇ ਪੰਜਾਬ ਦੇ ਕਈ ਮੁੱਦੇ ਉਠਾਏ

## ਚੋਣ ਜ਼ਾਬਤਾ ਲੱਗਣ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ, ਇਹ ਐਮਰਜੈਂਸੀ ਨਹੀਂ ਤਾਂ ਕੀ ਹੈ : ਸੰਦੀਪ ਪਾਠਕ

**ਨਵੀਂ ਦਿੱਲੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗੈਰ-ਕਾਨੂੰਨੀ ਗ੍ਰਿਫ਼ਤਾਰੀ ਸਮੇਤ ਦਿੱਲੀ ਅਤੇ ਪੰਜਾਬ ਦੇ ਕਈ ਅਹਿਮ ਮੁੱਦੇ ਸੰਸਦ ਵਿੱਚ ਉਠਾਏ। ਰਾਸ਼ਟਰਪਤੀ ਦੇ ਸੰਬੋਧਨ 'ਤੇ ਬੋਲਦਿਆਂ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਕਿਹਾ ਕਿ ਅਸੀਂ ਰਾਸ਼ਟਰਪਤੀ ਦੇ ਭਾਸ਼ਣ ਦਾ ਬਾਈਕਾਟ ਕੀਤਾ ਸੀ। ਮੈਂ ਤੁਹਾਨੂੰ ਦੱਸਦਾ ਹਾਂ ਕਿ ਇਸ ਸੰਬੋਧਨ ਵਿੱਚ ਕੋਈ ਵਿਜ਼ਨ ਨਹੀਂ ਹੈ, ਇਹ ਪੂਰੀ ਤਰ੍ਹਾਂ ਖੋਖਲਾ ਹੈ। ਕਿਸੇ ਵੀ ਸਰਕਾਰ ਦੇ ਕਾਰਜਕਾਲ ਨੂੰ ਦੇਖਦੇ ਹੋਏ ਕਿਹਾ ਜਾਂਦਾ ਹੈ ਕਿ ਉਸ ਸਰਕਾਰ ਦਾ ਟੀਚਾ ਕੀ ਹੈ ਅਤੇ ਉਹ ਸਰਕਾਰ ਕੀ ਕਰਨਾ ਚਾਹੁੰਦੀ ਹੈ? ਇਸ ਸਰਕਾਰ ਦੀ ਕਿਸੇ ਵੀ ਵਿਸ਼ੇ ਵਿੱਚ ਕੋਈ ਦੂਰਅੰਦੇਸ਼ੀ ਨਜ਼ਰ ਨਹੀਂ ਆ ਰਹੀ। ਪਿਛਲੇ 10 ਸਾਲਾਂ ਵਿੱਚ ਗੁੜ, ਗੋਬਰ, ਮੰਗਲ-ਸੂਤਰ, ਮੱਝ, ਮੁਜਰਾ ਵਰਗੀਆਂ ਗੱਲਾਂ ਹੀ ਸੁਣਨ ਨੂੰ ਮਿਲਦੀਆਂ ਹਨ। ਅਜਿਹੀਆਂ ਗੱਲਾਂ ਦੇਸ਼ ਦੇ ਪ੍ਰਧਾਨ ਮੰਤਰੀ ਦੇ ਮੂੰਹ ਤੋਂ ਸ਼ੋਭਾ ਨਹੀਂ ਦਿੰਦੀਆਂ। ਸੰਦੀਪ ਪਾਠਕ ਨੇ ਅੱਗੇ ਕਿਹਾ ਕਿ ਮੋਦੀ ਸਰਕਾਰ ਦੇ ਕਾਰਜਕਾਲ ਦੇ ਪਿਛਲੇ 10 ਸਾਲ ਗ਼ੁੱਸੇ, ਨਫਰਤ ਅਤੇ ਹੰਕਾਰ ਨਾਲ ਭਰੇ ਹੋਏ ਸਨ। ਇੰਨਾ ਹੰਕਾਰ ਕਿਸੇ ਲਈ ਚੰਗਾ ਨਹੀਂ ਹੈ। ਹੰਕਾਰ ਕੇਵਲ ਵਿਨਾਸ਼ ਦਾ ਫਲ ਦਿੰਦਾ ਹੈ। ਇਸੇ ਹੰਕਾਰ ਕਾਰਨ ਹੀ ਉਨ੍ਹਾਂ ਨੂੰ 300 ਤੋਂ ਵੱਧ ਸੀਟਾਂ ਤੋਂ ਬਜਾਏ 240 ਸੀਟਾਂ ਮਿਲੀਆਂ ਸਨ। ਅੱਜ ਭਾਰਤ ਨੂੰ ਲੋਕਤੰਤਰ ਕਰਕੇ ਮਹਾਨ ਦੇਸ਼ ਕਿਹਾ ਜਾਂਦਾ ਹੈ। ਚੋਣਾਂ ਲੋਕਤੰਤਰ ਦਾ ਸਭ ਤੋਂ ਵੱਡਾ ਆਧਾਰ ਹਨ, ਪਰ ਅੱਜ ਚੋਣ ਪ੍ਰਕਿਰਿਆ ਨੂੰ ਹੀ ਤਬਾਹ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਜੇਕਰ ਤੁਸੀਂ ਭਾਰਤੀ ਚੋਣ ਕਮਿਸ਼ਨ ਦੇ ਅੰਦਰ ਨਿਰਪੱਖਤਾ ਨਹੀਂ ਬਣਾਈ ਰੱਖਦੇ ਤਾਂ ਤੁਸੀਂ ਨਿਰਪੱਖ ਚੋਣਾਂ ਕਿਵੇਂ ਕਰਵਾ ਸਕੋਗੇ? ਜੇਕਰ ਚੋਣਾਂ 'ਚ ਖ਼ਰਚੇ ਜਾਣ ਵਾਲੇ ਪੈਸੇ 'ਤੇ ਕੋਈ ਰੋਕ ਨਹੀਂ ਹੈ ਤਾਂ ਦੇਸ਼ ਦਾ ਆਮ ਆਦਮੀ ਚੋਣ ਕਿਵੇਂ ਲੜੇਗਾ? ਚੋਣ ਬਾਂਡ 'ਤੇ ਬੋਲਦਿਆਂ ਸੰਦੀਪ ਪਾਠਕ ਨੇ ਕਿਹਾ ਕਿ ਇਹ ਲੋਕ ਇਲੈਕਟੋਰਲ ਬਾਂਡ ਲੈ ਕੇ ਆਏ ਸਨ। ਚੋਣ ਬਾਂਡ ਵਿੱਚ 55 ਫ਼ੀਸਦੀ ਚੰਦਾ ਭਾਜਪਾ ਨੂੰ ਦਿੱਤਾ ਜਾਂਦਾ ਹੈ। ਘਾਟੇ ਵਿੱਚ ਚੱਲ ਰਹੀਆਂ 33 ਕੰਪਨੀਆਂ ਹਨ ਜਿਨ੍ਹਾਂ ਨੇ ਆਪਣੇ ਕੁੱਲ ਚੋਣ ਬਾਂਡ ਦੇ ਪੈਸੇ ਦਾ 75 ਪ੍ਰਤੀਸ਼ਤ ਭਾਜਪਾ ਨੂੰ ਦਿੱਤਾ ਹੈ। ਭਾਜਪਾ ਨੂੰ ਗਏ ਇਸ ਚੰਦੇ ਲਈ ਕੌਣ ਜ਼ਿੰਮੇਵਾਰ ਹੈ? ਸੁਪਰੀਮ ਕੋਰਟ ਨੇ ਕਿਹਾ ਸੀ ਕਿ ਚੋਣ ਬਾਂਡ ਗੈਰ-ਸੰਵਿਧਾਨਕ ਹਨ। ਇਸ 'ਤੇ ਸਰਕਾਰ ਨੇ ਕਿਹਾ ਕਿ ਅਸੀਂ ਇਸ ਨੂੰ ਮੁੜ ਸੁਰਜੀਤ ਕਰਾਂਗੇ। ਤੁਸੀਂ ਸੁਪਰੀਮ ਕੋਰਟ ਦੇ ਹਰ ਹੁਕਮ ਨੂੰ ਮੁੜ ਸੁਰਜੀਤ ਕਰਦੇ ਹੋ ਅਤੇ ਹਰ ਹੁਕਮ ਨੂੰ ਕਾਨੂੰਨ ਬਣਾ ਕੇ ਉਲਟਾਉਂਦੇ ਹੋ। ਇਸ ਵਿੱਚ ਲੋਕਤੰਤਰ ਕਿੱਥੇ ਹੈ? ਅੱਜ ਦੇਸ਼ ਵਿੱਚ ਸਿਲੇਕਟਿਵ ਐਮਰਜੈਂਸੀ ਲੱਗੀ ਹੋਈ ਹੈ। ਚੋਣਾਂ ਹਾਰਨ ਤੋਂ ਬਾਅਦ ਭਾਜਪਾ ਨੇ 11 ਰਾਜਾਂ 'ਚ ਹਾਰਸ ਟਰੇਡਿੰਗ ਰਾਹੀਂ ਆਪਣੀ ਸਰਕਾਰ ਬਣਾਈ। ਇਸ ਵਿੱਚ ਬਿਹਾਰ, ਕਰਨਾਟਕ, ਮਹਾਰਾਸ਼ਟਰ, ਗੋਆ, ਮੱਧ ਪ੍ਰਦੇਸ਼, ਉੱਤਰਾਖੰਡ ਅਤੇ ਅਰੁਣਾਚਲ ਪ੍ਰਦੇਸ਼ ਸਮੇਤ 11 ਰਾਜ ਸ਼ਾਮਲ ਹਨ। ਇਹ ਐਮਰਜੈਂਸੀ ਨਹੀਂ ਤਾਂ ਕੀ ਹੈ?

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗੈਰ-ਕਾਨੂੰਨੀ ਗ੍ਰਿਫ਼ਤਾਰੀ 'ਤੇ ਬੋਲਦਿਆਂ ਸੰਦੀਪ ਪਾਠਕ ਨੇ ਕਿਹਾ ਕਿ ਅੱਜ ਤੱਕ ਚੋਣਾਂ 'ਚ ਜੇਲ੍ਹ ਦਾ ਕੋਈ ਰੋਲ ਨਹੀਂ ਸੀ। ਚੋਣਾਂ ਵਿੱਚ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਇੱਕ ਚੁਣੇ ਹੋਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਭੇਜ ਦਿੱਤਾ ਗਿਆ। ਚੋਣ ਜ਼ਾਬਤਾ ਲੱਗਣ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਤੁਹਾਡੇ ਵਿੱਚ ਸਾਹਮਣੇ ਤੋਂ ਚੋਣ ਲੜਨ ਦੀ ਹਿੰਮਤ ਨਹੀਂ ਹੈ। ਤੁਸੀਂ ਪਹਿਲਾਂ ਈਡੀ ਅਤੇ ਸੀਬੀਆਈ ਦੀ ਦੁਰਵਰਤੋਂ ਕਰਦੇ ਹੋ। ਜੇਕਰ ਇਹ ਕੰਮ ਨਹੀਂ ਕਰਦਾ ਤਾਂ ਤੁਸੀਂ ਸਰਕਾਰ ਨੂੰ ਧਮਕੀਆਂ ਦਿੰਦੇ ਹੋ। ਜੇ ਇਹ ਕੰਮ ਨਹੀਂ ਕਰਦਾ ਤਾਂ ਤੁਸੀਂ ਇੱਕ ਮੁੱਖ ਮੰਤਰੀ ਨੂੰ ਜੇਲ੍ਹ ਵਿੱਚ ਬੰਦ ਕਰ ਦਿੰਦੇ ਹੋ। ਜੇ ਇਹ ਸਿਲੇਕਟਿਵ ਐਮਰਜੈਂਸੀ ਨਹੀਂ ਤਾਂ ਕੀ ਹੈ? ਉਨ੍ਹਾਂ ਅੱਗੇ ਕਿਹਾ ਕਿ ਅਗਲਾ ਮੁੱਦਾ ਸਰਕਾਰੀ ਅਧਿਕਾਰੀਆਂ ਦਾ ਹੈ। ਸਾਰੇ ਆਈਏਐਸ ਅਤੇ ਆਈਪੀਐਸ ਵਿਦਿਆਰਥੀ ਦੇਸ਼ ਭਗਤੀ ਨਾਲ ਪੜ੍ਹਦੇ ਹਨ। ਅੱਜ ਉਨ੍ਹਾਂ 'ਤੇ ਨਾਜਾਇਜ਼ ਦਬਾਅ ਪਾਇਆ ਜਾ ਰਿਹਾ ਹੈ। ਇੰਨੇ ਦਬਾਅ ਹੇਠ ਉਹ ਦੇਸ਼ ਦੀ ਸੇਵਾ ਕਿਵੇਂ ਕਰ ਸਕੇਗਾ? ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਈਡੀ ਅਤੇ ਸੀਬੀਆਈ ਵੱਲੋਂ ਦਰਜ ਕੀਤੇ ਗਏ ਕੇਸਾਂ ਵਿੱਚੋਂ 95 ਫ਼ੀਸਦੀ ਵਿਰੋਧੀ ਆਗੂਆਂ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ ਹਨ। ਈਡੀ ਅਤੇ ਸੀਬੀਆਈ ਦੇ ਅਸਲ ਉਦੇਸ਼ ਜਿਵੇਂ ਕਿ ਨਿਰਪੱਖਤਾ ਅਤੇ ਜਵਾਬਦੇਹੀ ਹੁਣ ਸਿਰਫ਼? ਕਿਤਾਬਾਂ ਵਿੱਚ ਹੀ ਰਹਿ ਗਿਆ ਹੈ। ਪੀਐਮਐਲਏ ਐਕਟ 'ਤੇ ਬੋਲਦਿਆਂ ਸੰਦੀਪ ਪਾਠਕ ਨੇ ਕਿਹਾ ਕਿ ਭਾਜਪਾ ਸਰਕਾਰ ਪੀਐਮਐਲਏ ਐਕਟ ਵਿੱਚ ਧਾਰਾ 45 ਲਿਆਉਂਦੀ ਹੈ, ਜਿਸ 'ਤੇ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਅਸੰਵਿਧਾਨਿਕ ਹੈ। ਸੁਪਰੀਮ ਕੋਰਟ ਦਾ ਹੁਕਮ ਆਉਣ ਤੋਂ ਬਾਅਦ ਤੁਸੀਂ ਇਸ ਨੂੰ ਮੁੜ ਸੁਰਜੀਤ ਕਰਦੇ ਹੋ ਅਤੇ ਤੁਸੀਂ ਈਡੀ, ਸੀਬੀਆਈ ਅਤੇ ਪੀਐਮਐਲਏ ਨੂੰ ਆਪਣਾ ਹਥਿਆਰ ਬਣਾ ਲੈਂਦੇ ਹੋ। ਤੁਹਾਡੇ ਕੋਲ ਇਕ ਪਾਸੇ ਕਾਨੂੰਨ ਹੈ ਅਤੇ ਦੂਜੇ ਪਾਸੇ ਏਜੰਸੀਆਂ, ਫਿਰ ਤੁਸੀਂ ਵਿਰੋਧੀ ਧਿਰ 'ਤੇ ਖੁੱਲ੍ਹ ਕੇ ਹਮਲਾ ਕਰਦੇ ਹੋ। ਜਦੋਂ ਨਿਆਂਪਾਲਿਕਾ ਵਿੱਚ ਜੱਜਾਂ ਦੀ ਚੋਣ ਕੀਤੀ ਜਾਂਦੀ ਹੈ ਤਾਂ ਉਹ ਆਪਣੀ ਸਰਕਾਰੀ ਮਸ਼ੀਨਰੀ ਚਾਹੁੰਦੇ ਹਨ ਤਾਂ ਜੋ ਉਹ ਉਸ ਵਿੱਚ ਵੀ ਜੋ ਮਰਜ਼ੀ ਕਰ ਸਕਣ। ਦਿੱਲੀ ਵਿੱਚ ਪਾਣੀ ਦਾ ਮੁੱਦਾ ਚੁੱਕਦਿਆਂ ਸੰਦੀਪ ਪਾਠਕ ਨੇ ਕਿਹਾ ਕਿ ਉਨ੍ਹਾਂ ਨੇ ਦਿੱਲੀ ਵਿੱਚ 100 ਐਮਜੀਡੀ ਪਾਣੀ ਦੀ ਕਟੌਤੀ ਕੀਤੀ ਹੈ। ਭਾਜਪਾ ਨੇ 28 ਲੱਖ ਲੋਕਾਂ ਨੂੰ ਪਾਣੀ ਲਈ ਤਰਸਾ ਦਿੱਤਾ ਹੈ। ਕੀ ਸਾਡੇ ਦੇਸ਼ ਦੀ ਹਾਲਤ ਅਜਿਹੀ ਹੋ ਗਈ ਹੈ ਕਿ ਅਸੀਂ ਆਪਣੀ ਰਾਜਨੀਤੀ ਲਈ ਲੋਕਾਂ ਦਾ ਪਾਣੀ ਬੰਦ ਕਰ ਦੇਵਾਂਗੇ? ਤੁਸੀਂ ਪੰਜਾਬ ਦੇ ਹਿੱਸੇ ਦੇ 8000 ਕਰੋੜ ਰੁਪਏ ਰੋਕ ਲਏ। 26 ਜਨਵਰੀ ਦੀ ਪਰੇਡ ਵਿਚੋਂ ਤੁਸੀਂ ਪੰਜਾਬ ਦੀ ਝਾਂਕੀ ਨੂੰ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ। ਪੰਜਾਬ ਦੇਸ਼ ਲਈ ਦਿਨ ਰਾਤ ਸ਼ਹਾਦਤਾਂ ਦੇ ਰਿਹਾ ਹੈ। ਪੰਜਾਬ ਦੇਸ਼ ਦਾ ਢਿੱਡ ਭਰ ਰਿਹਾ ਹੈ ਅਤੇ ਭਾਜਪਾ ਸਰਕਾਰ 26 ਜਨਵਰੀ ਨੂੰ ਪੰਜਾਬ ਦੀ ਝਾਂਕੀ ਨੂੰ ਸ਼ਾਮਲ ਕਰਨ ਤੋਂ ਇਨਕਾਰ ਕਰ ਰਹੀ ਹੈ। ਮੈਂ ਅਜਿਹੀ ਸਥਿਤੀ ਲਈ ਭਾਜਪਾ ਨੂੰ ਕੋਸਦਾ ਹਾਂ। ਮੈਂ ਭਾਜਪਾ ਨੂੰ ਗ਼ੁੱਸਾ ਅਤੇ ਹੰਕਾਰ ਛੱਡਣ ਲਈ ਕਹਿੰਦਾ ਹਾਂ। ਭਗਵਾਨ ਰਾਮ ਅਤੇ ਰਾਵਣ ਵਿਚ ਫਰਕ ਸਿਰਫ ਇਹ ਸੀ ਕਿ ਭਗਵਾਨ ਰਾਮ ਨੂੰ ਹੰਕਾਰ ਦਾ ਗਿਆਨ ਸੀ ਅਤੇ ਰਾਵਣ ਨੂੰ ਗਿਆਨ ਦਾ ਹੰਕਾਰ ਸੀ। ਮੈਂ ਬੇਨਤੀ ਕਰਦਾ ਹਾਂ ਕਿ ਭਾਜਪਾ ਸਰਕਾਰ ਆਪਣਾ ਹੰਕਾਰ ਛੱਡ ਕੇ ਦੇਸ਼ ਨੂੰ ਅੱਗੇ ਲਿਜਾਣ ਲਈ ਮਿਲ ਕੇ ਕੰਮ ਕਰੇ। ਜੇਕਰ ਇਹ ਹੰਕਾਰੀ ਬਣੀ ਰਹੇ ਤਾਂ ਉਨ੍ਹਾਂ ਦਾ ਅੰਤ ਨਿਸ਼ਚਿਤ ਹੈ। ਪਹਿਲਾਂ ਤੁਸੀਂ 300 ਤੋਂ 240 ਸੀਟਾਂ 'ਤੇ ਆਏ। ਰੱਬ ਗਵਾਹ ਹੈ ਕਿ ਅਗਲੀ ਵਾਰ ਤੁਹਾਨੂੰ ਐਨੇ ਸ਼ਰਾਪ ਲੱਗਣਗੇ ਕਿ ਤੁਹਾਨੂੰ 40 ਸੀਟਾਂ 'ਤੇ ਪਹੁੰਚਣ ਵਿਚ ਵੀ ਦੇਰ ਨਹੀਂ ਲੱਗੇਗੀ।

# ਪੰਜਾਬ ਪੁਲਿਸ ਨੇ ਅਮਰਨਾਥ ਯਾਤਰਾ ਅਤੇ ਘੁਸਪੈਠ ਦੀਆਂ ਤਾਜ਼ਾ ਕੋਸ਼ਿਸ਼ਾਂ ਦੇ ਮੱਦੇਨਜ਼ਰ ਪਠਾਨਕੋਟ ਅਤੇ ਸਰਹੱਦੀ ਖੇਤਰਾਂ ਵਿੱਚ ਸੁਰੱਖਿਆ ਵਧਾਈ

- ➢ ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸ਼ਰਧਾਲੂਆਂ ਲਈ ਮੁਸ਼ਕਲ ਰਹਿਤ ਯਾਤਰਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ
- ➢ ਸਪੈਸ਼ਲ ਡੀਜੀਪੀ ਨੇ ਪਠਾਨਕੋਟ ਵਿੱਚ ਪੁਲਿਸ, ਫੌਜ, ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਦੀ ਉੱਚ-ਪੱਧਰੀ ਮੀਟਿੰਗ ਦੀ ਕੀਤੀ ਪ੍ਰਧਾਨਗੀ

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਪੁਲਿਸ ਨੂੰ ਸ੍ਰੀ ਅਮਰਨਾਥ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਨਿਰਵਿਘਨ ਅਤੇ ਸੁਰੱਖਿਅਤ ਲਾਂਘੇ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਜਾਣ 'ਤੇ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਅੱਜ ਇਸ ਸਬੰਧੀ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪੁਲਿਸ, ਫੌਜ, ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਦੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ।
ਪਠਾਨਕੋਟ ਵਿੱਚ ਹੋਈ ਇਹ ਮੀਟਿੰਗ ਚੱਲ ਰਹੀ ਅਮਰਨਾਥ ਯਾਤਰਾ ਲਈ ਰਣਨੀਤਕ ਤਿਆਰੀਆਂ ਦੇ ਵੱਖ-ਵੱਖ ਪਹਿਲੂਆਂ ਜਿਵੇਂ ਪੁਲਿਸ ਦੀ ਤਾਇਨਾਤੀ, ਸੁਰੱਖਿਆ ਉਪਾਅ, ਆਵਾਜਾਈ ਪ੍ਰਬੰਧਨ ਅਤੇ ਆਫ਼ਤ ਪ੍ਰਬੰਧਨ 'ਤੇ ਕੇਂਦਰਿਤ ਸੀ। ਇਸ ਮੀਟਿੰਗ ਦੌਰਾਨ ਕੋਟ ਭੱਟੀਆਂ ਪਿੰਡ, ਬਮਿਆਲ ਵਿੱਚ ਹਥਿਆਰਬੰਦ ਸ਼ੱਕੀ ਵਿਅਕਤੀਆਂ ਦੇ ਦੇਖੇ ਜਾਣ ਅਤੇ ਕਠੂਆ ਜ਼ਿਲ੍ਹੇ ਵਿੱਚ ਹਥਿਆਰਬੰਦ ਸ਼ੱਕੀ ਵਿਅਕਤੀ ਨਾਲ ਹੋਈ ਮੁੱਠਭੇੜ ਵਾਲੀਆਂ ਤਾਜ਼ਾ ਘਟਨਾਵਾਂ 'ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ। ਮੀਟਿੰਗ ਵਿੱਚ ਪੰਜਾਬ ਪੁਲਿਸ, ਜੰਮੂ-ਕਸ਼ਮੀਰ ਪੁਲਿਸ, ਹਿਮਾਚਲ ਪ੍ਰਦੇਸ਼ ਪੁਲਿਸ, ਭਾਰਤੀ ਸੈਨਾ, ਭਾਰਤੀ ਹਵਾਈ ਸੈਨਾ, ਸੀਮਾ ਸੁਰੱਖਿਆ ਬਲ (ਬੀਐਸਐਫ), ਅਤੇ ਹੋਰ ਕੇਂਦਰੀ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਸ਼ਾਮਲ ਸਨ।
ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅੰਤਰਰਾਸ਼ਟਰੀ ਸਰਹੱਦ ਨੂੰ ਸੁਰੱਖਿਅਤ ਕਰਨ ਅਤੇ ਸ੍ਰੀ ਅਮਰਨਾਥ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਪੰਜਾਬ ਪੁਲਿਸ ਦੇ 550 ਜਵਾਨਾਂ, ਐਸਓਜੀ, ਸਨਾਈਪਰ ਟੀਮਾਂ, ਬੰਬ ਨਿਰੋਧਕ ਦਸਤਾ ਅਤੇ ਹੋਰ ਕਮਾਂਡੋ ਯੂਨਿਟਾਂ ਦੀ ਤਾਇਨਾਤੀ ਨਾਲ ਸੁਰੱਖਿਆ ਪੱਧਰ ਵਿੱਚ ਹੋਰ ਵਾਧਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਪੁਲਿਸ ਵੱਲੋਂ ਅੱਠ ਦੂਜੀ ਕਤਾਰ ਦੇ ਰੱਖਿਆ ਨਾਕੇ ਸਥਾਪਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਰਸਤਿਆਂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਇਨ੍ਹਾਂ ਨੂੰ ਪੰਜ ਸੈਕਟਰਾਂ ਵਿੱਚ ਵੰਡਿਆ ਗਿਆ ਹੈ ਅਤੇ ਸੀਏਪੀਐਫ ਦੀਆਂ ਚਾਰ ਕੰਪਨੀਆਂ ਇਨ੍ਹਾਂ ਨਾਲ ਤਾਇਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਲੰਗਰ ਸਥਾਨਾਂ 'ਤੇ ਵਿਸ਼ੇਸ਼ ਸੁਰੱਖਿਆ ਪ੍ਰਬੰਧ, ਕੈਮਰਿਆਂ ਦੀ ਸਥਾਪਨਾ, ਬੁਲੇਟ ਪਰੂਫ ਮੋਰਚੇ ਅਤੇ ਐਸਓਜੀ ਦੀ ਤਾਇਨਾਤੀ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।
ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਪਾਰਕਿੰਗ ਲਈ ਢੁਕਵੇਂ ਪ੍ਰਬੰਧ ਕਰਨ ਅਤੇ ਸਾਰੇ ਪੰਜ ਸੈਕਟਰਾਂ 'ਤੇ ਬਲਾਂ ਦੀ ਰਣਨੀਤਕ ਤਾਇਨਾਤੀ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਹਰੇਕ ਸੈਕਟਰ ਵਿੱਚ ਟਰੌਮਾ ਸੈਂਟਰ, ਐਂਬੂਲੈਂਸ ਸੇਵਾਵਾਂ, ਟੋਅ ਵਹੀਕਲਜ਼ ਅਤੇ ਹਾਈਡ ?ਰਾਸ ਪਹਿਲਾਂ ਹੀ ਮੌਜੂਦ ਹਨ।
ਅਧਿਕਾਰੀਆਂ, ਸੁਰੱਖਿਆ ਏਜੰਸੀਆਂ ਅਤੇ ਸਿਵਲ ਪ੍ਰਸ਼ਾਸਨ ਦਰਮਿਆਨ ਨੇੜਲੇ ਤਾਲਮੇਲ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦਿਆਂ, ਸਪੈਸ਼ਲ ਡੀਜੀਪੀ ਨੇ ਸੁਚਾਰੂ ਅਤੇ ਸ਼ਾਂਤੀਪੂਰਨ ਯਾਤਰਾ ਦੇ ਪ੍ਰਬੰਧ ਨੂੰ ਯਕੀਨੀ ਬਣਾਉਣ ਲਈ ਸੁਚੱਜੀ ਯੋਜਨਾਬੰਦੀ ਅਤੇ ਪ੍ਰਭਾਵੀ ਵਿਧੀ ਅਪਣਾਉਣ ਲਈ ਕਿਹਾ।
ਉਨ੍ਹਾਂ ਕਿਹਾ ਕਿ ਡਰੋਨ ਨਿਗਰਾਨੀ ਪ੍ਰਣਾਲੀ ਸਮਾਜ ਵਿਰੋਧੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖੇਗੀ ਅਤੇ ਬੀਐਸਐਫ ਅਤੇ ਪਠਾਨਕੋਟ ਪੁਲਿਸ ਵੱਲੋਂ ਸਾਂਝੀਆਂ ਚੈੱਕ ਪੋਸਟਾਂ ਵੀ ਸਥਾਪਿਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਖਤਰੇ ਤੋਂ ਬਚਣ ਲਈ ਨਿਯਮਤ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਸੀਏਐਸਓ) ਅਤੇ ਐਂਟੀ ਟਨਲਿੰਗ ਆਪ੍ਰੇਸ਼ਨ ਚਲਾਏ ਜਾ ਰਹੇ ਹਨ।
ਕਿਸੇ ਵੀ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਵਿਆਪਕ ਆਫ਼ਤ ਪ੍ਰਬੰਧਨ ਦੀ ਲੋੜ 'ਤੇ ਜ਼ੋਰ ਦਿੰਦਿਆਂ, ਉਹਨਾਂ ਅੱਗਜ਼ਨੀ ਦੀਆਂ ਘਟਨਾਵਾਂ ਜਾਂ ਅਚਾਨਕ ਹੜ੍ਹਾਂ ਵਰਗੀਆਂ ਸਥਿਤੀਆਂ ਨਾਲ ਨਜਿੱਠਣ ਲਈ ਮਿਆਰੀ ਸੰਚਾਲਨ ਪ੍ਰਕਿਰਿਆਵਾਂ (ਐਸਓਪੀਜ਼) ਨੂੰ ਲਾਗੂ ਕਰਨ ਦੀ ਤਾਕੀਦ ਕੀਤੀ।
ਮੀਟਿੰਗ ਵਿੱਚ ਡੀਆਈਜੀ ਬਾਰਡਰ ਰੇਂਜ ਰਾਕੇਸ਼ ਕੌਸ਼ਲ, ਡੀਆਈਜੀ ਬੀਐਸਐਫ ਗੁਰਦਾਸਪੁਰ ਸ਼ਸ਼ਾਂਕ ਆਨੰਦ, ਡੀਆਈਜੀ ਬੀਐਸਐਫ ਗੁਰਦਾਸਪੁਰ ਯੁਵਰਾਜ ਦੂਬੇ, ਡਿਪਟੀ ਕਮਿਸ਼ਨਰ ਪਠਾਨਕੋਟ ਅਦਿੱਤਿਆ ਉੱਪਲ, ਐਸਐਸਪੀ ਪਠਾਨਕੋਟ ਸੁਹੇਲ ਕਾਸਿਮ ਮੀਰ, ਐਸਐਸਪੀ ਕਠੂਆ ਅਨਾਇਤ ਅਲੀ ਅਤੇ ਵਿੰਗ ਕਮਾਂਡਰ ਏਆਈਐਫ ਪਠਾਨਕੋਟ ਨਰਿੰਦਰ ਸਿੰਘ ਸਮੇਤ ਪ੍ਰਮੁੱਖ ਅਧਿਕਾਰੀ ਅਤੇ ਕੇਂਦਰੀ ਏਜੰਸੀਆਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਪੰਜਾਬ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਸਾੜਨ ਵਾਲੀਆਂ ਮਸ਼ੀਨਾਂ ਦੀ ਵਰਤੋਂ ਕਰਨ ਵਾਲੇ ਲਗਭਗ ਅੱਧੇ ਲੋਕ ਅਜੇ ਵੀ ਪਰਾਲੀ ਸਾੜ ਰਹੇ ਹਨ, ਪਰ ਥੋੜ੍ਹੇ ਸਮੇਂ ਲਈ ਝੋਨੇ ਦੀ ਰਹਿੰਦ-ਖੂੰਹਦ ਨੂੰ ਸਾੜਨ ਦੇ ਤਰੀਕੇ ਵੱਧ ਰਹੇ ਹਨ: CEEW ਅਧਿਐਨ

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

CEEW ਦੀ ਇੱਕ ਨਵੀਂ, ਸੁਤੰਤਰ ਰਿਪੋਰਟ ਜਾਰੀ ਕੀਤੀ ਗਈ ਜਿਸਦੇ ਅਨੁਸਾਰ, ਇਨ-ਸੀਟੂ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (CRM) ਮਸ਼ੀਨਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਲਗਭਗ ਅੱਧੇ ਕਿਸਾਨ ਮਸ਼ੀਨ ਦੇ ਕੁਸ਼ਲ ਸੰਚਾਲਨ ਅਤੇ ਕੀਟ ਨਿਯੰਤਰਣ ਲਈ ਝੋਨੇ ਦੀ ਪਰਾਲੀ ਨੂੰ ਸਾੜਦੇ ਹਨ। ਰਿਪੋਰਟ ਵਿੱਚ ਪਾਇਆ ਗਿਆ ਕਿ ਸਰਵੇਖਣ ਕੀਤੇ ਗਏ ਕਿਸਾਨਾਂ ਵਿੱਚੋਂ 58 ਫੀਸਦੀ ਨੇ ਸੁਪਰ ਸੀਡਰ ਅਤੇ ਰੋਟਾਵੇਟਰ ਵਰਗੀਆਂ ਮਸ਼ੀਨਾਂ ਦੀ ਵਰਤੋਂ ਕਰਕੇ ਪਰਾਲੀ ਦਾ ਪ੍ਰਬੰਧਨ ਕੀਤਾ। ਹਾਲਾਂਕਿ, ਪਰਾਲੀ ਸਾੜਨ ਨੂੰ ਖਤਮ ਕਰਨ ਲਈ ਚੁਣੌਤੀਆਂ ਬਰਕਰਾਰ ਹਨ, ਜਿਵੇਂ ਕਿ CRM ਮਸ਼ੀਨਾਂ ਤੱਕ ਸਮੇਂ ਸਿਰ ਪਹੁੰਚ, ਉਹਨਾਂ ਦੀ ਵਰਤੋਂ ਕਰਨ ਲਈ ਸਹੀ ਸਿਖਲਾਈ ਦੀ ਘਾਟ ਅਤੇ ਇਹਨਾਂ ਦੀ ਵਰਤੋਂ ਨਾਲ ਬੀਜੀ ਗਈ ਕਣਕ 'ਤੇ ਘੱਟ ਝਾੜ ਅਤੇ ਕੀੜਿਆਂ ਦੇ ਹਮਲੇ ਬਾਰੇ ਗਲਤ ਧਾਰਨਾਵਾਂ। 355➟ ਦੀ ਰਿਪੋਰਟ 'ਪੰਜਾਬ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਦੇ ਤਰੀਕਿਆਂ ਨੂੰ ਕਿਵੇਂ ਅਸਰਦਾਰ ਬਣਾ ਸਕਦੇ ਹਾਂ?' ਇਹ 2022 ਦੇ ਸਾਉਣੀ ਸੀਜ਼ਨ ਦੇ ਸਰਵੇਖਣ 'ਤੇ ਆਧਾਰਿਤ ਹੈ, ਜਿਸ ਵਿੱਚ ਪੰਜਾਬ ਦੇ 11 ਜ਼ਿਲ੍ਹਿਆਂ ਦੇ ਲਗਭਗ 1,500 ਕਿਸਾਨਾਂ ਦਾ ਅਧਿਐਨ ਕੀਤਾ ਗਿਆ ਹੈ।
ਪੰਜਾਬ ਨੇ ਪਿਛਲੇ ਛੇ ਸਾਲਾਂ ਵਿੱਚ 1,560 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਅਤੇ 1.38 ਲੱਖ CRM ਮਸ਼ੀਨਾਂ ਦੀ ਵੰਡ ਦੇ ਨਾਲ, ਟਿਕਾਊ ਖੇਤੀ ਵੱਲ ਇੱਕ ਮਹੱਤਵਪੂਰਨ ਵਾਧਾ ਕੀਤਾ ਹੈ। 355➟ ਦੀ ਰਿਪੋਰਟ ਵਿੱਚ ਪਾਇਆ ਗਿਆ ਹੈ ਕਿ ਘੱਟ ਮਿਆਦ ਵਾਲੇ ਝੋਨੇ ਦੀਆਂ ਕਿਸਮਾਂ ਦੀ ਮੰਗ ਵੱਧ ਰਹੀ ਹੈ। ਇਹ ਕਿਸਮਾਂ, ਜੋ ਹੁਣ ਸਰਕਾਰ ਦੁਆਰਾ ਉਤਸ਼ਾਹਿਤ ਕੀਤੀਆਂ ਗਈਆਂ ਹਨ, ਜਿਸ ਦੀ ਜਲਦੀ ਕਟਾਈ ਕੀਤੀ ਜਾ ਸਕਦੀ ਹੈ ਅਤੇ ਪਰਾਲੀ ਸਾੜਨ ਦੀ ਜ਼ਰੂਰਤ ਨੂੰ ਘਟਾਉਂਦੀ ਹੈ। 2022 ਵਿੱਚ, ਸਰਵੇਖਣ ਕੀਤੇ ਗਏ ਕਿਸਾਨਾਂ ਵਿੱਚੋਂ ਲਗਭਗ 66 ਪ੍ਰਤੀਸ਼ਤ ਨੇ PR 12F ਅਤੇ PR 121 ਵਰਗੀਆਂ ਥੋੜ੍ਹੇ ਸਮੇਂ ਲਈ ਪਰਮਲ ਚਾਵਲ ਦੀਆਂ ਕਿਸਮਾਂ ਉਗਾਈਆਂ। ਇਸ ਤੋਂ ਇਲਾਵਾ, ਬਹੁਮਤ ਨੇ ਕਿਹਾ ਕਿ ਉਹ ਆਉਣ ਵਾਲੇ ਸੀਜ਼ਨਾਂ ਵਿੱਚ ਇਸ ਕਿਸਮ ਦੀ ਵਰਤੋਂ ਕਰਨਾ ਜਾਰੀ ਰੱਖਣਗੇ ਕਿਉਂਕਿ ਇਹ ਵਧੀਆ ਪ੍ਰਦਰਸ਼ਨ ਕਰਦੀ ਹੈ। ਹਾਲਾਂਕਿ, ਸੰਗਰੂਰ ਅਤੇ ਲੁਧਿਆਣਾ ਵਰਗੇ 'ਹਾਈ ਅਤੇ ਮੀਡੀਅਮ ਬਰਨ' ਜ਼ਿਲ੍ਹਿਆਂ ਨੇ 2022 ਵਿੱਚ ਲੰਬੇ ਸਮੇਂ ਦੀ, ਪਾਣੀ ਨਾਲ ਭਰੀ ਪੂਸਾ 44 ਕਿਸਮ ਨੂੰ ਉਗਾਉਣਾ ਜਾਰੀ ਰੱਖਿਆ। ਸਰਵੇਖਣ ਕੀਤੇ ਗਏ ਕਿਸਾਨਾਂ ਵਿੱਚੋਂ 36 ਪ੍ਰਤੀਸ਼ਤ ਤੋਂ ਵੱਧ ਨੇ ਸਾਉਣੀ 2022 ਵਿੱਚ ਪੂਸਾ 44 ਦੀ ਕਾਸ਼ਤ ਕੀਤੀ। ਉੱਚ ਉਪਜ ਅਕਤੂਬਰ 2023 ਵਿੱਚ, ਰਾਜ ਨੇ ਅਧਿਕਾਰਤ ਤੌਰ 'ਤੇ ਪੂਸਾ 44 ਦੀ ਕਾਸ਼ਤ 'ਤੇ ਪਾਬੰਦੀ ਲਗਾ ਦਿੱਤੀ ਸੀ, ਪਰ ਬੀਜ ਅਜੇ ਵੀ ਨਿੱਜੀ ਖਿਡਾਰੀਆਂ ਦੁਆਰਾ ਪ੍ਰਚਲਤ ਵਿੱਚ ਹਨ।
ਡਾ ਅਭਿਸ਼ੇਕ ਕਰ, ਸੀਨੀਅਰ ਪ੍ਰੋਗਰਾਮ ਲੀਡ, CEEW ਨੇ ਕਿਹਾ, ਹਵਾ ਨੂੰ ਸਾਫ਼ ਕਰਨ ਲਈ, ਖਾਸ ਕਰਕੇ ਉੱਤਰੀ ਭਾਰਤ ਵਿੱਚ ਪਰਾਲੀ ਸਾੜਨ ਦਾ ਹੱਲ ਕਰਨਾ ਬਹੁਤ ਜ਼ਰੂਰੀ ਹੈ। ਹਾਲ ਹੀ ਦੇ ਸਾਲਾਂ ਵਿੱਚ ਪੰਜਾਬ ਦੇ ਕਿਸਾਨਾਂ ਵਿੱਚ ਇਨ-ਸੀਟੂ ਅਤੇ ਐਕਸ-ਸੀਟੂ ਤਰੀਕਿਆਂ ਨੂੰ ਅਪਣਾਉਣ ਦੇ ਬਾਵਜੂਦ, ਪਹੁੰਚਯੋਗਤਾ, ਕਿਫਾਇਤੀਤਾ ਅਤੇ ਲਾਗਤ-ਪ੍ਰਭਾਵਸ਼ਾਲੀ ਅਜੇ ਵੀ ਰਵਾਇਤੀ ਸਾੜ ਨੂੰ ਬਦਲਣ ਲਈ ਮਹੱਤਵਪੂਰਨ ਨਿਰਣਾਇਕ ਹਨ। ਜਿਵੇਂ ਕਿ ਪੰਜਾਬ 2024 ਦੇ ਝੋਨੇ ਦੇ ਚੱਕਰ ਲਈ ਤਿਆਰੀ ਕਰ ਰਿਹਾ ਹੈ, ਇਹ CRM ਮਸ਼ੀਨਾਂ ਦੀ ਸਰਵੋਤਮ ਗੋਦ ਲੈਣ ਨੂੰ ਯਕੀਨੀ ਬਣਾਉਣ, ਇਹਨਾਂ ਮਸ਼ੀਨਾਂ ਨੂੰ ਨਿਰੰਤਰ ਅਪਣਾਉਣ ਬਾਰੇ ਕਿਸਾਨਾਂ ਦੀਆਂ ਗਲਤ ਧਾਰਨਾਵਾਂ ਨੂੰ ਦੂਰ ਕਰਨ ਅਤੇ ਝੋਨੇ ਦੀ ਪਰਾਲੀ ਲਈ ਇੱਕ ਵਿਹਾਰਕ ਮੰਡੀ ਨੂੰ ਸੁਰੱਖਿਅਤ ਕਰਨ ਲਈ ਪੜਾਅਵਾਰ ਉਪਾਅ ਯੋਜਨਾ ਬਣਾਉਣਾ ਮਹੱਤਵਪੂਰਨ ਹੈ। ਇਹ ਰਾਜ ਨੂੰ ਆਪਣੇ ਜ਼ੀਰੋ-ਬਰਨ ਟੀਚੇ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ।
ਕੁਰਿੰਜੀ ਕੇਮੰਥ, ਪ੍ਰੋਗਰਾਮ ਐਸੋਸੀਏਟ, CEEW, ਨੇ ਕਿਹਾ, ਉੱਤਰੀ ਭਾਰਤ ਵਿੱਚ ਦੇਖੀ ਗਈ ਤੀਬਰ ਚਾਵਲ-ਕਣਕ ਦੀ ਮੋਨੋਕੌਪਿੰਗ ਦੇ ਵਿਚਕਾਰ ਸੀਮਤ ਸਮਾਂ ਵਿੰਡੋ ਨੂੰ ਧਿਆਨ ਵਿੱਚ ਰੱਖਦੇ ਹੋਏ, 100 ਪ੍ਰਤੀਸ਼ਤ ਝੋਨੇ ਦੀ ਪਰਾਲੀ ਨੂੰ ਮਿੱਟੀ ਵਿੱਚ ਸ਼ਾਮਲ ਕਰਨਾ ਚੁਣੌਤੀਪੂਰਨ ਹੈ। ਅਸੀਂ ਦੇਖਦੇ ਹਾਂ ਕਿ ਪੰਜਾਬ ਦੇ ਵੱਧ ਤੋਂ ਵੱਧ ਕਿਸਾਨ ਕੰਮਕਾਜ ਦੀ ਸੌਖ ਅਤੇ ਵਾਧੂ ਆਮਦਨ ਦੀ ਗੁੰਜਾਇਸ਼ ਕਾਰਨ ਸਾਬਕਾ ਸਥਿਤੀ ਦੇ ਤਰੀਕਿਆਂ ਵੱਲ ਝੁਕਾਅ ਰੱਖਦੇ ਹਨ। ਪਰ ਸੈਕਟਰ ਦਾ ਵਿਕਾਸ ਉਦਯੋਗ ਦੀ ਅਗਵਾਈ ਦੀ ਵਾਰੰਟੀ ਦਿੰਦਾ ਹੈ। ਜਿਵੇਂ ਕਿ ਭਾਰਤ ਬਜਟ 2024 ਦੀ ਉਡੀਕ ਕਰ ਰਿਹਾ ਹੈ, ਫੋਕਸ ਫਸਲਾਂ ਦੇ ਬਾਇਓਮਾਸ ਦੀ ਵਰਤੋਂ ਦੀ ਮੰਗ ਨੂੰ ਵਧਾਉਣ, ਐਕਸ-ਸੀਟੂ CRM ਐਪ ਪ੍ਰਚਾਰ ਲਈ ਪ੍ਰੋਤਸਾਹਨ ਵਧਾਉਣ ਅਤੇ ਬਾਇਓਮਾਸ ਸਪਲਾਈ ਲੜੀ ਵਿੱਚ ਵਧੇਰੇ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ 'ਤੇ ਹੋਣਾ ਚਾਹੀਦਾ ਹੈ।
ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਨੂੰ ਅਪਣਾਉਣ, ਜਿਵੇਂ ਕਿ ਚਾਰੇ ਜਾਂ ਊਰਜਾ ਉਤਪਾਦਨ ਲਈ ਪਰਾਲੀ ਦੀ ਵਰਤੋਂ ਕਰਨਾ, ਫਸਲਾਂ ਦੀ ਰਹਿੰਦ-ਖੂੰਹਦ ਨੂੰ ਵੇਚਣ ਤੋਂ ਵਾਧੂ ਆਮਦਨ ਦੀ ਸੰਭਾਵਨਾ ਦੇ ਕਾਰਨ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ। 355➟ ਦੀ ਰਿਪੋਰਟ ਦੇ ਅਨੁਸਾਰ, ਸਰਵੇਖਣ ਕੀਤੇ ਗਏ ਕਿਸਾਨਾਂ ਵਿੱਚੋਂ ਲਗਭਗ 33 ਪ੍ਰਤੀਸ਼ਤ ਨੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਸਾਬਕਾ ਸਥਿਤੀ ਦੇ ਤਰੀਕਿਆਂ ਦੀ ਚੋਣ ਕੀਤੀ, ਅਤੇ ਇਨ੍ਹਾਂ ਵਿੱਚੋਂ 66 ਪ੍ਰਤੀਸ਼ਤ ਕਿਸਾਨਾਂ ਨੇ ਪਹਿਲਾਂ ਆਪਣੀ ਪਰਾਲੀ ਦਾ ਪ੍ਰਬੰਧਨ ਕਰਨ ਲਈ ਇਨ-ਸੀਟੂ ਤਰੀਕਿਆਂ ਦੀ ਵਰਤੋਂ ਕੀਤੀ ਸੀ। ਇਹ ਉਹਨਾਂ ਦੇ ਸੰਚਾਲਨ ਦੀ ਸੌਖ ਅਤੇ ਇਨ-ਸੀਟੂ ਤਰੀਕਿਆਂ ਨਾਲ ਸੰਬੰਧਿਤ ਮੁਕਾਬਲਤਨ ਵੱਧ ਲਾਗਤਾਂ ਦੇ ਕਾਰਨ ਐਕਸ-ਸੀਟੂ ਵਿਕਲਪਾਂ ਲਈ ਵੱਧ ਰਹੀ ਤਰਜੀਹ ਨੂੰ ਦਰਸਾਉਂਦਾ ਹੈ।

# ਰੋਟਰੀ ਕਲੱਬ ਅੰਮ੍ਰਿਤਸਰ ਆਸਥਾ ਨੇ 10ਵਾਂ ਚਾਰਟਰ ਦਿਵਸ ਕੰਮ ਇੰਸਟਾਲਾਸ਼ਨ ਪ੍ਰੋਗਰਾਮ ਮਨਾਇਆ :ਅਮਨ ਸ਼ਰਮਾ

**ਅੰਮ੍ਰਿਤਸਰ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਅੰਮ੍ਰਿਤਸਰ ਆਸਥਾ ਵਲੋਂ ਪ੍ਰਧਾਨ ਅਮਨ ਸ਼ਰਮਾ ਅਤੇ ਅਗਲੇ ਪ੍ਰਧਾਨ ਡਾ ਰਣਵੀਰ ਬੇਰੀ ਪ੍ਰਧਾਨਗੀ ਵਿੱਚ ਦੀ ਚਾਰਟਰ -ਕਮ 'ਇੰਸਟਾਲੇਸ਼ਨ ਸੈਰੇਮਨੀ ਸਥਾਨਕ ਸਰਵਿਸ ਕਲੱਬ ਦੇ ਕ੍ਰਾਊਨ ਹਾਲ ਵਿਖੇ ਕੀਤੀ ਗਈ। ਇਸ ਮੌਕੇ 10ਵਾ ਚਾਰਟਰ ਦਿਵਸ ਮਨਾਉਂਦੇ ਹੋਏ ਕੇਕ ਕੱਟਿਆ ਗਿਆ ਅਤੇ ਚਾਰਟਰ ਪ੍ਰਧਾਨ ਐਚ. ਐਸ. ਜੋਗੀ ਨੇ ਕਲੱਬ ਦੀ ਸਥਾਪਨਾ ਅਤੇ ਇਤਿਹਾਸ ਬਾਰੇ ਦੱਸਿਆ ।ਗਵਰਨਰ ਰੋਹਿਤ ਓਬਰਾਏ ਨੇ ਡਾ ਰਣਵੀਰ ਬੇਰੀ ਨੂੰ ਪ੍ਰਧਾਨ ਅਤੇ ਅੰਦੇਸ਼ ਭੱਲਾ ਨੂੰ ਸਕੱਤਰ 2024-25 ਅਤੇ ਇਸ ਸਾਲ ਦਾ ਪੂਰਾ ਬੋਰਡ ਇੰਸਟਾਲ ਕੀਤਾ।

ਇਸ ਮੌਕੇ ਅਰੁਣਾ ਓਬਰਾਏ ਜੀ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ।ਇਸ ਮੌਕੇ 'ਮਾਸਟਰ ਆਫ਼ ਸੈਰੇਮਨੀ ' ਸਹਾਇਕ ਗਵਰਨਰ ਅਸ਼ੋਕ ਸ਼ਰਮਾ ਸਨ। ਮੁੱਖ ਮਹਿਮਾਨ ਕਮ ਇੰਸਟਾਲਾਸ਼ਨ ਅਧਿਕਾਰੀ ਵਜੋਂ ਡੀ.ਜੀ. ਰੋਹਿਤ ਓਬਰਾਏ ਸ਼ਾਮਲ ਸਨ ਉਹਨਾਂ ਨਾਲ ਸਹਾਇਕ ਗਵਰਨਰ ਵਿਜੇ ਭਸੀਨ, ਸਹਾਇਕ ਗਵਰਨਰ ਰਾਕੇਸ਼ ਕੁਮਾਰ, ਚੀਫ਼ ਡਿਸਟ੍ਰਿਕਟ ਕੋਰਡੀਨੇਟਰ ਰਾਕੇਸ਼ ਕਪੂਰ ਹਾਜਰ ਸਨ ।ਅਮਨ ਸ਼ਰਮਾ, ਰਣਵੀਰ ਬੇਰੀ, ਅੰਦੇਸ਼ ਭੱਲਾ ਅਤੇ ਹੋਰਾਂ ਨੇ ਚੰਗੇ ਵਾਤਾਵਰਣ ਦੇ ਉਦੇਸ਼ ਨਾਲ ਮੁੱਖ ਮਹਿਮਾਨ ਡਿਸਟ੍ਰਿਕਟ ਗਵਰਨਰ, ਅਤੇ ਸੀਨੀਅਰ ਰੋਟੇਰਿਅਨ ਦਾ ਪੌਦਿਆਂ ਦੇ ਗੁਲਦਸਤੇ ਨਾਲ ਸਵਾਗਤ ਅਤੇ ਸਨਮਾਨ ਕੀਤਾ ਗਿਆ। ਇਸ ਮੌਕੇ ਅਮਨ ਸ਼ਰਮਾ ਨੇ ਸਫ਼ਲਤਾਪੂਰਵਕ ਆਪਣਾ ਕਾਰਜਕਾਲ ਪੂਰਾ ਕਰਨ 'ਤੇ ਜਿੱਥੇ ਨਵੀਂ ਟੀਮ ਨੂੰ ਵਧਾਈ ਦਿੱਤੀ, ਉੱਥੇ ਪੁਰਾਣੀ ਟੀਮ ਦੇ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕੀਤਾ ।



ਪ੍ਰਧਾਨ ਅਮਨ ਸ਼ਰਮਾ ਨੇ ਰੋਟਰੀ ਕਲੱਬ ਆਸਥਾ ਵਲੋਂ ਮੌਜੂਦਾ ਸਾਲ 'ਚ ਕਰਵਾਈਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਫ਼ਤ ਮੈਡੀਕਲ ਅਤੇ ਖੂਨਦਾਨ ਕੈਂਪ ਲਗਾਏ ਗਏ।ਰੋਟੇਰਿਅਨ ਬਲਦੇਵ ਸਿੰਘ ਸੰਧੂ ਲੁਹਾਰਕਾ ਖੁਰਦ ਅਤੇ ਰੋਟੇਰਿਅਨ ਪ੍ਰਿੰ ਦਵਿੰਦਰ ਸਿੰਘ ਨੇ ਸਰਕਾਰੀ ਸਕੂਲਾਂ ਵਿੱਚ ਇਨਵਰਟਰ ਅਤੇ ਸਕੂਲ ਬੈਗ ਸਟੇਸ਼ਨਰੀ ਆਦਿ ਦਾਨ ਕੀਤੇ ਅਤੇ ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਲਈ 'ਬੂਟੇ ਲਗਾਓ' ਮੁਹਿੰਮ ਤਹਿਤ ਤਕਰੀਬਨ 3000 ਛਾਂਦਾਰ ਅਤੇ ਫ਼ਲਦਾਰ ਬੂਟੇ ਸੈਂਟ ਸੋਲਜਰ ਇਲਾਇਟ ਸਕੂਲ ਜੰਡਿਆਲਾ ਗੁਰੂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਿਲਚੀਆਂ ਅਤੇ ਸੋਹੀਆਂ ਕਲਾਂ ਅਤੇ ਉਸ ਦੇ ਆਲੇ-ਦੁਆਲੇ ਦੇ ਖੇਤਰਾਂ 'ਚ ਲਗਾਏ ਗਏ। ਸੇਵਾ ਸਾਡਾ ਮਿਸ਼ਨ ਨਾਲ ਮਿਲ ਕੇ ਕਈ ਲੋੜਵੰਦਾ ਦੇ ਇਲਾਜ,ਮੀਂਹ,ਅੱਗ ਨਾਲ ਨੁਕਸਾਨੇ ਘਰਾਂ ਦੀ ਮੁਰੰਮਤ ਕਰਵਾਈ ਅਤੇ ਯੋਗ ਅਤੇ ਲੋੜਵੰਦ ਬੱਚਿਆਂ ਦੀ ਫੀਸ ਅਦਾ ਕੀਤੀ ।ਗਰੀਬ ਅਤੇ ਵਿਧਵਾ ਔਰਤਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਰੋਟੇਰਿਅਨ ਅਮਨ ਸ਼ਰਮਾ ਅਤੇ ਰਣਵੀਰ ਬੇਰੀ, ਅੰਦੇਸ਼ ਭੱਲਾ ਨੇ ਦੱਸਿਆ ਕਿ ਸਾਡੀ ਸੰਸਥਾ ਭਵਿੱਖ 'ਸਿੱਖਿਆ ਅਤੇ ਸਿਹਤ ਸਹੂਲਤਾਂ ਸਬੰਧਤ ਬਹੁਤ ਸਾਰੇ ਪ੍ਰੋਜੈਕਟ ਕਰੇਗੀ, ਅਤੇ ਆਪਣੇ ਸਮਾਜ ਸੇਵਾ ਦੇ ਅਭਿਆਨ ਨੂੰ ਇਸੇ ਤਰਾਂ ਨਿਰੰਤਰ ਜਾਰੀ ਰੱਖੇਗੀ।

ਮੁੱਖ ਮਹਿਮਾਨ ਦਾ ਬਾਇਓ ਡਾਟਾ ਪਾਸਟ ਪ੍ਰੇਜ਼ੀਡੈਂਟ ਕੇ. ਐੱਸ. ਚੱਠਾ ਨੇ ਪੜ੍ਹਿਆ ਅਤੇ ਵੋਟ ਆਫ ਥੈਂਕਸ ਪਾਸਟ ਪ੍ਰਧਾਨ ਮਨਮੋਹਣ ਸਿੰਘ ਨੇ ਕੀਤਾ ।ਅੱਜ ਰੋਟਰੀ ਕਲੱਬ ਅੰਮ੍ਰਿਤਸਰ ਆਸਥਾ ਵਲੋਂ ਜਗਬਾਣੀ ਪੰਜਾਬ ਕੇਸਰੀ ਦੇ ਸੰਵਾਦਦਾਤਾ ਸਤਪਾਲ ਅਰੋੜਾ, ਪੰਜਾਬੀ ਜਾਗਰਣ ਦੇ ਅਮਨਦੀਪ ਸਿੰਘ, ਅਜੀਤ ਦੇ ਗਗਨਦੀਪ ਸ਼ਰਮਾ ਅਤੇ ਅਭਿਲਾਸ਼ ਕਪੂਰ ਦਾ ਸਨਮਾਨ ਕੀਤਾ ਗਿਆ ਅਤੇ ਪਾਸਟ ਪ੍ਰਧਾਨ ਰੋਟੇਰਿਅਨ ਪਰਮਜੀਤ ਸਿੰਘ, ਹਰਦੇਸ਼ ਸ਼ਰਮਾ ਅਤੇ ਰਾਜੇਸ਼ ਬਧਵਾਰ ਦੀ ਸੇਵਾਵਾਂ ਦੀ ਸਲਾਘਾ ਕੀਤੀ ਗਈ ।

ਇਸ ਮੌਕੇ ਜੋਨਲ ਚੇਅਰਮੈਨ ਜਤਿੰਦਰ ਸਿੰਘ, ਅਸ਼ਵਨੀ ਅਵਸਥੀ, ਪਾਸਟ ਪ੍ਰਧਾਨ ਪਰਮਜੀਤ ਸਿੰਘ, ਅਸ਼ੋਕ , ਡਾ ਗਗਨਦੀਪ ਸਿੰਘ, ਹਰਦੇਸ਼ ਸ਼ਰਮਾ, ਪ੍ਰਦੀਪ ਸ਼ਰਮਾ, ਰਾਮਿੰਦਰ ਸੋਢੀ, ਸਤੀਸ਼ ਸ਼ਰਮਾ ਡੀ ਡੀ ਪੀ. ਓ, ਰਾਕੇਸ਼ ਕੁਮਾਰ, ਰੁਪਿੰਦਰ ਕਟਾਰੀਆ ਨਰਿੰਦਰਪਾਲ ਸਿੰਘ, ਗੁਰਮੀਤ ਸਿੰਘ ਹੀਰਾ, ਵਨੀਤਾ ਖੰਨਾ, ਰਾਜੇਸ਼ ਖੰਨਾ, ਬਲਦੇਵ ਮੰਨਣ, ਗੁਰਬਿੰਦਰ ਖ਼ੈਰਾ, ਹਰਜਾਪ ਬੱਲ, ਸਰਬਦੀਪ ਸਿੰਘ ਰਮਨ ਕਾਲੀਆ,ਡਾ ਰਮਣਾ ਬੇਰੀ, ਮਨੀਸ਼ਾ ਭੱਲਾ, ਸਤਪਾਲ ਕੌਰ, ਭੁਪਿੰਦਰ ਕੌਰ ਸਤਪਰਭਾ ਸ਼ਰਮਾ, ਰਚਨਾ ਸਿੰਗਲਾ, ਮਮਤਾ ਅਰੋੜਾ, ਸਿੰਮੀ ਬੇਦੀ, ਪ੍ਰਮੋਦ ਕਪੂਰ, ਕੰਵਲਜੀਤ ਸਿੰਘ, ਚੰਦਰਮੋਹਨ ਪ੍ਰਿੰ. ਬਲਦੇਵ ਸਿੰਘ, ਮਨਿੰਦਰ ਸਿੰਘ ਸਿਮਰਨ,ਪ੍ਰਦੀਪ ਕੁਮਾਰ, ਵਿਨੋਦ ਕਪੂਰ ਅਤੇ ਪ੍ਰਮੋਦ ਕਪੂਰ, ਜੇ. ਐਸ. ਲਿਖਾਰੀ ਅਤੇ ਕਈ ਅੰਮ੍ਰਿਤਸਰ ਦੇ ਕਲੱਬਾਂ ਦੇ ਪ੍ਰਧਾਨ ਅਤੇ ਸਕੱਤਰ ਸਾਹਿਬਾਨ ਹਾਜ਼ਰ ਸਨ।

# ਕੀਰ ਸਟਾਰਮਰ ਹੋਣਗੇ ਯੂਕੇ ਦੇ ਨਵੇਂ ਪ੍ਰਧਾਨ ਮੰਤਰੀ; ਲੇਬਰ ਪਾਰਟੀ ਨੂੰ 14 ਸਾਲਾਂ ਬਾਅਦ ਬਹੁਮਤ ਮਿਲਿਆ

## ਰਿਸ਼ੀ ਸੁਨਕ ਦੀ ਪਾਰਟੀ ਹਾਰੀ; ਰਿਸ਼ੀ ਸੁਨਕ ਵੱਲੋਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਕੀਰ ਸਟਾਰਮਰ ਨੂੰ ਵਧਾਈਆਂ

**ਲੰਡਨ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਤਾਨੀਆ ਦੀਆਂ ਆਮ ਚੋਣਾਂ ਵਿੱਚ ਲੇਬਰ ਪਾਰਟੀ ਨੇ ਜਿੱਤ ਦਰਜ ਕੀਤੀ ਹੈ। ਕੀਰ ਸਟਾਰਮਰ ਨੇ 14 ਸਾਲਾਂ ਬਾਅਦ ਸੰਸਦੀ ਚੋਣ ਵਿੱਚ ਉਸ ਦੀ ਲੇਬਰ ਪਾਰਟੀ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਬਰਤਾਨੀਆ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਤਬਦੀਲੀ ਲਿਆਉਣ ਦੀ ਸਹੁੰ ਖਾਧੀ। ਉਨ੍ਹਾਂ ਕਿਹਾ ਕਿ ਬਦਲਾਅ ਹੁਣ ਸ਼ੁਰੂ ਹੁੰਦਾ ਹੈ

ਅਸੀਂ ਕਿਹਾ ਸੀ ਕਿ ਅਸੀਂ ਹਫੜਾ-ਦਫੜੀ ਨੂੰ ਖਤਮ ਕਰਾਂਗੇ ਅਸੀਂ ਅੱਜ ਅਗਲਾ ਅਧਿਆਏ ਸ਼ੁਰੂ ਕਰਦੇ ਹਾਂ, ਬਦਲਾਅ ਦਾ ਕੰਮ ਸ਼ੁਰੂ ਕਰਦੇ ਹਾਂ। ਹਾਲੇ ਵੀ ਇੱਕ ਦਰਜਨ ਦੇ ਕਰੀਬ ਸੀਟਾਂ ਦੇ ਨਤੀਜੇ ਆਉਣੇ ਬਾਕੀ ਹਨ। ਲੇਬਰ ਪਾਰਟੀ ਨੇ 410 ਸੀਟਾਂ ਜਿੱਤੀਆਂ ਹਨ ਜਦਕਿ ਕੰਜ਼ਰਵੇਟਿਵਾਂ ਨੇ 117 ਅਤੇ ਮੱਧਵਾਦੀ ਲਿਬਰਲ ਡੈਮੋਕਰੇਟਸ ਨੇ 70 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। 250 ਦੇ ਕਰੀਬ ਕੰਜ਼ਰਵੇਟਿਵ ਸੰਸਦ ਮੈਂਬਰਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਜਿਨਾਂ ਵਿਚ ਸੀਨੀਅਰ ਮੰਤਰੀ ਅਤੇ ਸਾਬਕਾ ਪ੍ਰਧਾਨ ਮੰਤਰੀ ਲਿਜ਼ ਟਰੱਸ ਵੀ ਸ਼ਾਮਲ ਹਨ। ਸਰਕਾਰ ਬਣਾਉਣ ਲਈ ਸੰਸਦ ਵਿੱਚ 326 ਸੀਟਾਂ ਚਾਹੀਦੀਆਂ ਹਨ। ਬਰਤਾਨੀਆ ਵਿਚ 4 ਜੁਲਾਈ ਨੂੰ ਹੋਈਆਂ ਆਮ ਚੋਣਾਂ ਲਈ ਪਈਆਂ ਵੋਟਾਂ ਦੀ ਗਿਣਤੀ ਜਾਰੀ ਹੈ। ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਰਿਸ਼ੀ ਸੁਨਕ ਨੇ ਰਿਚਮੰਡ ਅਤੇ ਨੌਰਥਲਰਟਨ ਸੀਟਾਂ ਜਿੱਤੀਆਂ ਹਨ। ਲੇਬਰ ਪਾਰਟੀ ਦੇ ਪ੍ਰਧਾਨ ਮੰਤਰੀ ਉਮੀਦਵਾਰ ਕੀਰ ਸਟਾਰਮਰ ਨੇ ਲੰਡਨ ਵਿੱਚ ਹੋਲਬੋਰਨ ਅਤੇ ਸੇਂਟ ਪੈਨਕ੍ਰਾਸ ਸੀਟਾਂ ਜਿੱਤੀਆਂ ਹਨ। ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਚੋਣਾਂ ਵਿਚ ਹੋਈ ਹਾਰ ਸਵੀਕਾਰ ਕਰਦਿਆਂ ਕਿਹਾ ਕਿ ਵਿਰੋਧੀ ਲੇਬਰ ਪਾਰਟੀ ਦੀ ਜਿੱਤ ਹੋਈ ਹੈ। ਸੂਨਕ ਨੇ ਉੱਤਰੀ ਇੰਗਲੈਂਡ ਵਿੱਚ ਆਪਣੀ ਸੰਸਦੀ ਸੀਟ ਜਿੱਤਣ ਤੋਂ ਬਾਅਦ ਕਿਹਾ, 'ਲੇਬਰ ਪਾਰਟੀ ਨੇ ਇਹ ਆਮ ਚੋਣਾਂ ਜਿੱਤੀਆਂ ਹਨ ਅਤੇ ਮੈਂ ਕੀਰ ਸਟਾਰਮਰ ਨੂੰ ਉਸ ਦੀ ਜਿੱਤ 'ਤੇ ਵਧਾਈ ਦੇਣ ਲਈ ਫ਼ੋਨ ਕੀਤਾ ਹੈ।



ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਅਤੇ ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ ਜਸਟਿਨ ਟਰੂਡੋ ਨੇ ਸ਼ੁੱਕਰਵਾਰ ਨੂੰ ਯੂ.ਕੇ ਲੇਬਰ ਪਾਰਟੀ ਦੇ ਨੇਤਾ ਕੀਰ ਸਟਾਰਮਰ ਨੂੰ ਯੂਨਾਈਟਿਡ ਕਿੰਗਡਮ ਦੀਆਂ ਆਮ ਚੋਣਾਂ ਵਿਚ ਉਨ੍ਹਾਂ ਦੀ ਜਿੱਤ 'ਤੇ ਵਧਾਈ ਦਿੱਤੀ ਹੈ। ਆਸਟ੍ਰੇਲੀਆਈ ਪ੍ਰਧਾਨ ਮੰਤਰੀ ਅਲਬਾਨੀਜ਼ ਨੇ ਐਕਸ 'ਤੇ ਕਿਹਾ,÷ਮੇਰੇ ਦੋਸਤ ਅਤੇ ਯੂ.ਕੇ ਦੇ ਨਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਉਨ੍ਹਾਂ ਦੀ ਸ਼ਾਨਦਾਰ ਚੋਣ ਜਿੱਤ 'ਤੇ ਵਧਾਈ। ਮੈਂ ਆਉਣ ਵਾਲੀ ਯੂ.ਕੇ ਲੇਬਰ ਸਰਕਾਰ ਨਾਲ ਉਸਾਰੂ ਕੰਮ ਕਰਨ ਦੀ ਉਮੀਦ ਕਰਦਾ ਹਾਂ। ਉੱਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਵੀ ਸਟਾਰਮਰ ਨੂੰ ਚੋਣ ਨਤੀਜਿਆਂ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਇਤਿਹਾਸਕ ਸੀ। ਟਰੂਡੋ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, ਐਟਲਾਂਟਿਕ ਦੇ ਦੋਵਾਂ ਪਾਸਿਆਂ ਦੇ ਲੋਕਾਂ ਲਈ ਇੱਕ ਵਧੇਰੇ ਪ੍ਰਗਤੀਸ਼ੀਲ, ਨਿਰਪੱਖ ਭਵਿੱਖ ਬਣਾਉਣ ਲਈ ਬਹੁਤ ਸਾਰਾ ਕੰਮ ਅੱਗੇ ਹੈ। ਆਓ ਇਸ ਤੱਕ ਪਹੁੰਚੀਏ, ਮੇਰੇ ਦੋਸਤ।

ਸਕਾਈ ਨਿਊਜ਼ ਨੇ ਬਾਅਦ ਵਿੱਚ ਰਿਪੋਰਟ ਕੀਤੀ ਕਿ ਰਿਸ਼ੀ ਸੁਨਕ ਦੀ ਪੂਰਵਗਾਮੀ ਲਿਜ਼ ਟਰਸ 11,217 ਵੋਟਾਂ ਨਾਲ ਆਪਣੀ ਸੰਸਦੀ ਸੀਟ ਹਾਰ ਗਈ, ਜਿਸ ਨਾਲ ਨਾਰਫੋਕ ਸਾਊਥ ਵੈਸਟ ਹਲਕਾ ਲੇਬਰ ਉਮੀਦਵਾਰ ਟੈਰੀ ਜੇਰਮੀ ਦੇ ਪੱਖ ਵਿਚ ਚਲਾ ਗਿਆ। ਯੂਨਾਈਟਿਡ ਕਿੰਗਡਮ ਦੀ ਸੰਸਦ ਦੀਆਂ ਚੋਣਾਂ ਵੀਰਵਾਰ ਨੂੰ ਹੋਈਆਂ, ਜਿਸ ਵਿੱਚ ਲੇਬਰ ਪਾਰਟੀ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਲੇਬਰ ਪਾਰਟੀ ਨੇ 650 ਵਿੱਚੋਂ 639 ਸੰਸਦੀ ਹਲਕਿਆਂ ਵਿੱਚ ਵੋਟਾਂ ਦੀ ਪ੍ਰਕਿਰਿਆ ਤੋਂ ਬਾਅਦ ਹੁਣ ਤੱਕ 650 ਸੀਟਾਂ ਵਾਲੇ ਹਾਊਸ ਆਫ਼ ਕਾਮਨਜ਼ ਵਿੱਚ 409 ਸੀਟਾਂ ਜਿੱਤੀਆਂ ਹਨ। ਟੋਨੀ ਬਲੇਅਰ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ 1997 ਵਿੱਚ ਲੇਬਰ ਵੱਲੋਂ ਜਿੱਤੀਆਂ ਗਈਆਂ ਇਹ ਸਭ ਤੋਂ ਵੱਧ ਸੀਟਾਂ ਹਨ।

## ਤਨਮਨਜੀਤ ਸਿੰਘ ਢੇਸੀ ਤੀਜੀ ਵਾਰ ਸੰਸਦ ਮੈਂਬਰ ਬਣੇ



**ਲੰਡਨ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਲੋਹ ਤੋਂ ਲੇਬਰ ਪਾਰਟੀ ਦੇ ਉਮੀਦਵਾਰ ਤਨਮਨਜੀਤ ਸਿੰਘ ਢੇਸੀ ਤੀਜੀ ਵਾਰ ਸੰਸਦ ਮੈਂਬਰ ਚੁਣੇ ਗਏ ਹਨ। ਉਨ੍ਹਾਂ ਇੰਡੀਪੈਂਡੈਂਟ ਨੈਟਵਰਕ ਦੇ ਅਜ਼ਹਰ ਚੌਹਾਨ ਨੂੰ ਹਰਾਇਆ।

# ਰਾਹੁਲ ਗਾਂਧੀ ਨੇ ਕੀਤੀ ਚਿਣਾਈ, ਮਜ਼ਦੂਰਾਂ ਨਾਲ ਚਲਾਈ ਕਹੀ

**ਨਵੀਂ ਦਿੱਲੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਿੱਲੀ 'ਚ ਮਜ਼ਦੂਰਾਂ ਨਾਲ ਮੁਲਾਕਾਤ ਕੀਤੀ। ਵੀਰਵਾਰ ਨੂੰ ਉਨ੍ਹਾਂ ਨੂੰ ਜੀ. ਟੀ. ਬੀ. ਨਗਰ 'ਚ ਕੁਝ ਮਜ਼ਦੂਰਾਂ ਤੋਂ ਨਾ ਸਿਰਫ ਉਨ੍ਹਾਂ ਦਾ ਹਾਲਚਾਲ ਜਾਣਿਆ, ਸਗੋਂ ਉਨ੍ਹਾਂ ਨਾਲ ਕਹੀ ਵੀ ਚਲਾਈ।

ਰਾਹੁਲ ਗਾਂਧੀ ਉਨ੍ਹਾਂ ਨਾਲ ਮਸਾਲਾ ਬਣਾਉਂਦੇ ਹੋਏ ਅਤੇ ਚਿਣਾਈ ਕਰਦੇ ਹੋਏ ਨਜ਼ਰ ਆਏ। ਕਾਂਗਰਸ ਪਾਰਟੀ ਦੇ ਅਧਿਕਾਰਕ ਐਕਸ ਹੈਂਡਲ ਤੋਂ ਤਸਵੀਰਾਂ ਸਾਂਝੀਆਂ ਕਰਦੇ ਹੋਏ ਇਹ ਜਾਣਕਾਰੀ ਦਿੱਤੀ ਗਈ।



ਕਾਂਗਰਸ ਪਾਰਟੀ ਨੇ ਰਾਹੁਲ ਗਾਂਧੀ ਦੀਆਂ ਤਸਵੀਰਾਂ ਦੇ ਨਾਲ ਲਿਖਿਆ, "ਅੱਜ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਿੱਲੀ ਦੇ ਜੀ.ਟੀ.ਬੀ.ਨਗਰ 'ਚ ਮਜ਼ਦੂਰਾਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਹ ਮਿਹਨਤੀ ਮਜ਼ਦੂਰ ਹਿੰਦੁਸਤਾਨ ਦੀ ਅਰਥਵਿਵਸਥਾ ਦੀ ਰੀੜ੍ਹ ਹਨ। ਇਨ੍ਹਾਂ ਦੇ ਜੀਵਨ ਨੂੰ ਸਰਲ ਅਤੇ ਭਵਿੱਖ ਨੂੰ ਸੁਰੱਖਿਅਤ ਕਰਨਾ ਸਾਡੀ ਜ਼ਿੰਮੇਵਰੀ ਹੈ।" ਤਸਵੀਰਾਂ 'ਚ ਰਾਹੁਲ ਗਾਂਧੀ ਰੇਤ-ਸੀਮਿੰਟ ਮਿਲਾਉਂਦੇ ਹੋਏ ਅਤੇ ਚਿਣਾਈ ਕਰਦੇ ਹੋਏ ਵੀ ਦਿਸ ਰਹੇ ਹਨ। ਉਨ੍ਹਾਂ ਨੇ ਮਜ਼ਦੂਰਾਂ ਵਿਚ ਬੈਠ ਕੇ ਗੱਲਬਾਤ ਵੀ ਕੀਤੀ।

# ਥਾਪਰ ਬਹੁ-ਤਕਨੀਕੀ ਕਾਲਜ ਪਟਿਆਲਾ ਦੇ ਡਿਪਲੋਮਾ ਟੌਪਰਾਂ ਦੀ ਅਕਾਦਮਿਕ ਉੱਤਮਤਾ ਦਾ ਜਸ਼ਨ



**ਪਟਿਆਲਾ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

2023 ਦੀ ਡਿਪਲੋਮਾ ਪ੍ਰੀਖਿਆ ਦੇ ਨਤੀਜੇ ਜਾਰੀ ਕੀਤੇ ਗਏ ਹਨ ਜੋ ਕੇ ਥਾਪਰ ਬਹੁਤਕਨੀਕੀ ਕਾਲਜ, ਪਟਿਆਲਾ ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਚੋਟੀ ਦੇ ਹੋਣਹਾਰ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਾਪਤੀ ਨੂੰ ਦਰਸਾਉਂਦੇ ਹਨ । ਇਹਨਾਂ ਵਿਦਿਆਰਥੀਆਂ ਨੇ ਬੇਮਿਸਾਲ ਅਕਾਦਮਿਕ ਹੁਨਰ ਅਤੇ ਸਮਰਪਣ ਦਾ ਪ੍ਰਦਰਸ਼ਨ ਕਰਦੇ ਹੋਏ, ਆਪਣੇ ਸਾਥੀਆਂ ਅਤੇ ਭਵਿੱਖ ਵਿੱਚ ਆਉਣ ਵਾਲੇ ਵਿਦਿਆਰਥੀਆਂ ਲਈ ਇੱਕ ਉੱਚ ਪੱਧਰੀ ਮਿਆਰ ਸਥਾਪਤ ਕੀਤਾ ਹੈ।

ਥਾਪਰ ਬਹੁਤਕਨੀਕੀ ਕਾਲਜ ਪਟਿਆਲਾ, ਪੰਜਾਬ ਵਿੱਚ ਸਥਿਤ ਇੱਕ ਪ੍ਰਸਿੱਧ ਤਕਨੀਕੀ ਸੰਸਥਾ ਹੈ। ਇੱਕ ਅਕਾਦਮਿਕ ਸੰਸਥਾ ਹੋਣ ਦੇ ਨਾਤੇ ਅਸੀਂ ਆਪਣੀ ਪ੍ਰਾਪਤੀ ਆਪਣੇ ਵਿਦਿਆਰਥੀਆਂ, ਸਟਾਫ਼, ਬੁਨਿਆਦੀ ਢਾਂਚੇ, ਮੈਨੇਜਮੈਂਟ, ਫੈਕਲਟੀ ਅਤੇ ਉਹਨਾਂ ਦੁਆਰਾ ਹਾਸਲ ਕੀਤੇ ਸ਼ਾਨਦਾਰ ਨਤੀਜਿਆਂ ਵਿੱਚ ਦੇਖਦੇ ਹਾਂ। ਸਾਡੇ ਲਈ ਪ੍ਰਾਪਤੀ ਦੇ ਮਾਅਨੇ: ਅਕਾਦਮਿਕ, ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਵਿੱਚ ਕਾਲਜ ਦੇ ਵਿਦਿਆਰਥੀਆਂ ਦੀ ਮਾਨਤਾ ਵੀ ਹੈ ।ਸਾਡੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਨਾ ਸਿਰਫ਼ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ, ਸਗੋਂ ਆਪਣੀਆਂ-ਆਪਣੀਆਂ ਬ੍ਰਾਂਚਾਂ ਵਿੱਚ ਦੂਜੀ ਅਤੇ ਤੀਜੀ ਪੁਜ਼ੀਸ਼ਨ ਵੀ ਹਾਸਲ ਕੀਤੀ ਹੈ। ਇਹ ਪ੍ਰਾਪਤੀਆਂ ਸਾਡੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ, ਸਾਡੀ ਸਮਰਪਿਤ ਫੈਕਲਟੀ ਦੇ ਸਮਰਥਨ ਅਤੇ ਮਾਰਗਦਰਸ਼ਨ, ਅਤੇ ਥਾਪਰ ਪੌਲੀਟੈਕਨਿਕ ਕਾਲਜ ਦੁਆਰਾ ਮੁਹਈਆ ਕਰਵਾਏ ਮਜ਼ਬੂਤ ? ?ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦਾ ਪ੍ਰਮਾਣ ਹਨ।

ਸਭ ਤੋਂ ਅੱਗੇ ਮੀਤਇੰਦਰ ਸਿੰਘ ਗਿੱਲ (ਆਰਕੀਟੈਕਚਰ ਅਸਿਸਟੈਂਟਸ਼ਿਪ ), ਦੀਕਸ਼ਾ ਅਗਰਵਾਲ (ਕੰਪਿਊਟਰ ਸਾਇੰਸ ਇੰਜੀ.), ਪਰਮੀਤ ਸਿੰਘ (ਮਕੈਨੀਕਲ ਇੰਜੀ.), ਗੌਰਵ ਕੁਮਾਰ (ਇਲੈਕਟ੍ਰੀਕਲ ਇੰਜੀ.) ਨੇ ਆਪੋ-ਆਪਣੀ ਸਟਰੀਮ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਆਸ਼ਿਮਾ ਨੇ ਆਰਕੀਟੈਕਚਰ ਅਸਿਸਟੈਂਟਸ਼ਿਪ ਦੇ ਡਿਪਲੋਮਾ ਕੋਰਸ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। ਜਦਕਿ ਤੀਜੇ ਸਥਾਨ ਤੇ ਕੰਪਿਊਟਰ ਸਾਇੰਸ ਇੰਜੀ. ਦੀ ਕਿਰਨਪ੍ਰੀਤ ਕੌਰ ਸੇਖੋਂ ਰਹੀ। ਇਨ੍ਹਾਂ ਡਿਪਲੋਮਾ ਟੌਪਰਾਂ ਨੇ ਦਿਖਾਇਆ ਹੈ ਕਿ ਤਕਨੀਕੀ ਸਿੱਖਿਆ ਵਿੱਚ ਉੱਤਮਤਾ, ਸਖ਼ਤ ਮਿਹਨਤ, ਲਗਨ ਅਤੇ ਸਿੱਖਣ ਦੇ ਜਨੂੰਨ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਪ੍ਰਾਪਤੀਆਂ ਉਨ੍ਹਾਂ ਦੀ ਵਚਨਬੱਧਤਾ ਦਾ ਪ੍ਰਮਾਣ ਹਨ ਅਤੇ ਦੂਜੇ ਵਿਦਿਆਰਥੀਆਂ ਲਈ ਪ੍ਰੇਰਨਾ ਦੇ ਸ੍ਰੋਤ ਦਾ ਕੰਮ ਕਰਦੀਆਂ ਹਨ।ਥਾਪਰ ਬਹੁਤਕਨੀਕੀ ਕਾਲਜ ਦੁਆਰਾ ਕੀਤੇ ਗਏ ਅਣਥੱਕ ਯਤਨ ਸਿੱਖਿਆ ਦੇ ਮੂਲ ਨੂੰ ਦੂਰ-ਦੂਰ ਤੱਕ ਫੈਲਾਉਂਦੇ ਹਨ, ਇਹੀ ਉੱਤਮਤਾ ਅਤੇ ਪ੍ਰਤਿਭਾ ਦਾ ਮਾਪਦੰਡ ਹੈ ਜੋ ਹਮੇਸ਼ਾ ਇੱਕ ਟਿਕਾਊ ਸਮਾਜ ਦੀ ਸਥਾਪਨਾ ਵੱਲ ਵਧਦਾ ਹੈ। ਅਸੀਂ ਅਜਿਹੀ ਪ੍ਰਤਿਭਾ ਨੂੰ ਨਿਖਾਰਨ ਵਿੱਚ ਮਾਣ ਮਹਿਸੂਸ ਕਰਦੇ ਹਾਂ। ਇਹ ਸਫਲਤਾ ਨਾ ਸਿਰਫ ਉਹਨਾਂ ਦੀਆਂ ਵਿਅਕਤੀਗਤ ਯੋਗਤਾਵਾਂ ਨੂੰ ਦਰਸਾਉਂਦੀ ਹੈ ਬਲਕਿ ਸੰਸਥਾ ਦੁਆਰਾ ਪ੍ਰਦਾਨ ਕੀਤੀ ਸਿੱਖਿਆ ਦੀ ਗੁਣਵੱਤਾ ਨੂੰ ਵੀ ਉਜਾਗਰ ਕਰਦੀ ਹੈ।

## ਕੇਜਰੀਵਾਲ ਦੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਵੱਲੋਂ ਸੀਬੀਆਈ ਨੂੰ ਨੋਟਿਸ

**ਨਵੀਂ ਦਿੱਲੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਹਾਈਕੋਰਟ ਨੇ ਆਬਕਾਰੀ ਨੀਤੀ ਮਾਮਲੇ ਨਾਲ ਜੁੜੇ ਇਕ ਸੀਬੀਆਈ ਕੇਸ ਵਿਚ ਜ਼ਮਾਨਤ ਦੀ ਮੰਗ ਕਰਨ ਵਾਲੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਸੀਬੀਆਈ. ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਮਾਮਲੇ ਦੀ ਸੁਣਵਾਈ ਲਈ ਅਗਲੀ ਤਰੀਕ 17 ਜੁਲਾਈ ਤੈਅ ਕੀਤੀ ਗਈ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕੇਂਦਰੀ ਜਾਂਚ ਬਿਊਰੋ ਨੇ ਇਸ ਮਾਮਲੇ ਵਿਚ 26 ਜੂਨ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਇਸ ਸਮੇਂ ਉਹ ਨਿਆਂਇਕ ਹਿਰਾਸਤ ਵਿਚ ਹਨ।



## ਸੰਜੇ ਸਿੰਘ "ਆਪ" ਸੰਸਦੀ ਦਲ ਦੇ ਚੇਅਰਪਰਸਨ ਨਿਯੁਕਤ

**ਨਵੀਂ ਦਿੱਲੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ 'ਆਪ' ਸੰਸਦੀ ਪਾਰਟੀ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੂੰ ਰਾਜ ਸਭਾ ਵਿੱਚ ਪਾਰਟੀ ਦਾ ਨੇਤਾ ਵੀ ਚੁਣਿਆ ਗਿਆ ਹੈ। ਉਨ੍ਹਾਂ ਐਕਸ 'ਤੇ ਪੋਸਟ ਪਾਉਂਦਿਆਂ ਕਿਹਾ, 'ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਮੇਸ਼ਾ ਮੈਨੂੰ ਸੜਕਾਂ ਤੋਂ ਲੈ ਕੇ ਸੰਸਦ ਤੱਕ ਆਪਣੀ ਆਵਾਜ਼ ਬੁਲੰਦ ਕਰਨ ਦਾ ਮੌਕਾ ਦਿੱਤਾ ਹੈ। ਮੈਂ ਪਾਰਟੀ ਦੇ ਸੰਸਦੀ ਗਰੁੱਪ ਦੇ ਚੇਅਰਪਰਸਨ ਦੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ। ਮੈਂ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਇਸ ਤੋਂ ਪਹਿਲਾਂ ਵੀ ਉਹ ਰਾਜ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਨੇਤਾ ਚੁਣੇ ਗਏ ਸਨ। ਉਹ ਰਾਜ ਸਭਾ ਲਈ ਮੁੜ ਚੁਣੇ ਗਏ ਅਤੇ ਇਸ ਸਾਲ 19 ਮਾਰਚ ਨੂੰ ਉਪਰਲੇ ਸਦਨ ਦੇ ਮੈਂਬਰ ਵਜੋਂ ਸਹੁੰ ਚੁੱਕੀ।

# ਅੰਮ੍ਰਿਤਪਾਲ ਸਿੰਘ ਤੇ ਇੰਜਨੀਅਰ ਰਾਸ਼ਿਦ ਨੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ

## ਪਿਤਾ ਸਣੇ ਤਿੰਨ ਜਣਿਆਂ ਨੂੰ ਮਿਲਣ ਦੀ ਮਨਜ਼ੂਰੀ ਮਿਲੀ

**ਨਵੀਂ ਦਿੱਲੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਿਸ ਪੰਜਾਬ ਦੇ ਜਥੇਬੰਦੀ ਦਾ ਮੁਖੀ ਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਅੱਜ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ। ਉਨ੍ਹਾਂ ਨੂੰ ਸੰਸਦ ਭਵਨ 'ਚ ਸਹੁੰ ਚੁਕਾਈ ਗਈ। ਇਸ ਤੋਂ ਇਲਾਵਾ ਇੰਜਨੀਅਰ ਰਸ਼ੀਦ ਨੂੰ ਵੀ ਸਹੁੰ ਚੁਕਾਈ ਗਈ ਜਿਸ ਨੂੰ ਤਿਹਾੜ ਜੇਲ੍ਹ ਤੋਂ ਦੋ ਘੰਟੇ ਦੀ ਪੈਰੋਲ ਦਿੱਤੀ ਗਈ ਸੀ। ਇਸ ਦੇ ਨਾਲ ਹੀ ਅੰਮ੍ਰਿਤਪਾਲ ਸਿੰਘ ਨੂੰ ਚਾਰ ਦਿਨਾਂ ਦੀ ਪੈਰੋਲ ਦਿੱਤੀ ਗਈ ਹੈ ਪਰ ਪਰਿਵਾਰ ਨੂੰ ਮਿਲਣ ਤੋਂ ਬਾਅਦ ਰਾਸ਼ਿਦ ਤੇ ਅੰਮ੍ਰਿਤਪਾਲ ਸਿੰਘ ਨੂੰ ਅੱਜ ਹੀ ਵਾਪਸ ਤਿਹਾੜ ਅਤੇ ਡਿਬਰੂਗੜ੍ਹ ਜੇਲ੍ਹ ਲਿਜਾਇਆ ਜਾਵੇਗਾ।



ਅੰਮ੍ਰਿਤਪਾਲ ਸਿੰਘ ਦੇ ਪਿਤਾ ਸਣੇ ਤਿੰਨ ਜਣਿਆਂ ਨੂੰ ਹੀ ਮਿਲਣ ਦੀ ਮਨਜ਼ੂਰੀ ਦਿੱਤੀ ਗਈ ਹੈ ਤੇ ਉਹ ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਪੁਲੀਸ ਸੁਰੱਖਿਆ ਨਾਲ ਸੰਸਦ ਭਵਨ ਵੱਲ ਰਵਾਨਾ ਹੋ ਗਏ ਹਨ। ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕਣ ਤੋਂ ਬਾਅਦ ਉਸ ਨੂੰ ਅੱਜ ਹੀ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜਿਆ ਜਾਵੇਗਾ। ਇਹ ਵੀ ਪਤਾ ਲੱਗਿਆ ਹੈ ਕਿ ਅੰਮ੍ਰਿਤਪਾਲ ਦੀ ਪਤਨੀ ਇਸ ਵੇਲੇ ਆਸਾਮ ਵਿਚ ਹੀ ਹੈ। ਖਡੂਰ ਸਾਹਿਬ ਹਲਕੇ ਤੋਂ ਲੋਕ ਸਭਾ ਚੋਣ ਜਿੱਤਣ ਵਾਲੇ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁੱਕ ਸਮਾਗਮ ਲਈ ਚਾਰ ਦਿਨ ਦੀ ਪੈਰੋਲ ਦਿੱਤੀ ਗਈ ਹੈ।

## ਨੀਟ-ਯੂਜੀ 2024 ਨੂੰ ਰੱਦ ਕਰਨਾ ਤਰਕਸੰਗਤ ਨਹੀਂ: ਕੇਂਦਰ

**ਨਵੀਂ ਦਿੱਲੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਨੇ ਸਰਵਉਚ ਅਦਾਲਤ ਨੂੰ ਦੱਸਿਆ ਹੈ ਕਿ ਪੂਰੀ ਨੀਟ-ਯੂਜੀ 2024 ਦੀ ਪ੍ਰੀਖਿਆ ਨੂੰ ਰੱਦ ਕਰਨਾ ਤਰਕਸੰਗਤ ਨਹੀਂ ਹੋਵੇਗਾ। ਇਸ ਨਾਲ ਲੱਖਾਂ ਇਮਾਨਦਾਰ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਪੈ ਜਾਵੇਗਾ। ਉਮੀਦਵਾਰਾਂ, ਕੋਚਿੰਗ ਸੰਸਥਾਵਾਂ ਅਤੇ ਉਮੀਦਵਾਰਾਂ ਦੇ ਮਾਪਿਆਂ ਵੱਲੋਂ ਦਾਇਰ ਪਟੀਸ਼ਨਾਂ ਦੇ ਇੱਕ ਸਮੂਹ ਦੇ ਜਵਾਬ ਵਿੱਚ ਦਾਖਲ ਕੀਤੇ ਗਏ ਆਪਣੇ ਹਲਫਨਾਮੇ ਵਿੱਚ ਕੇਂਦਰੀ ਸਿੱਖਿਆ ਮੰਤਰਾਲੇ ਨੇ ਕਿਹਾ ਕਿ ਪੂਰੀ ਤਰ੍ਹਾਂ ਨਾਲ ਪ੍ਰੀਖਿਆ ਨੂੰ ਰੱਦ ਕਰਨਾ ਲੱਖਾਂ ਇਮਾਨਦਾਰ ਉਮੀਦਵਾਰਾਂ ਨਾਲ ਅਨਿਆਂ ਹੋਵੇਗਾ। ਕੇਂਦਰ ਸਰਕਾਰ ਨੇ ਕਿਹਾ ਹੈ ਕਿ ਜਦ ਤਕ ਪੂਰੇ ਭਾਰਤ ਵਿਚ ਪ੍ਰਸ਼ਨ ਪੱਤਰ ਲੀਕ ਹੋਣ ਦੇ ਸਬੂਤ ਨਹੀਂ ਮਿਲ ਜਾਂਦੇ ਤਦ ਤਕ ਇਹ ਪ੍ਰੀਖਿਆ ਰੱਦ ਨਹੀਂ ਕਰਨੀ ਚਾਹੀਦੀ ਕਿਉਂਕਿ ਨੀਟ ਦਾ ਨਤੀਜਾ ਆ ਚੁੱਕਿਆ ਹੈ। ਪ੍ਰੀਖਿਆ ਰੱਦ ਕਰਨਾ ਹੋਣਹਾਰ ਵਿਦਿਆਰਥੀਆਂ ਨਾਲ ਧੋਖਾ ਹੋਵੇਗਾ।

# ਪੰਜਾਬ 'ਚ ਵੱਡੀ ਵਾਰਦਾਤ, ਨਿਹੰਗਾਂ ਨੇ ਭਰੇ ਬਾਜ਼ਾਰ 'ਚ ਸੜਕ ਵਿਚਾਲੇ ਵੱਢਿਆ ਸ਼ਿਵ ਸੈਨਾ ਆਗੂ

**ਲੁਧਿਆਣਾ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਡਿਵੀਜ਼ਨ ਨੰਬਰ 2 ਦੇ ਖੇਤਰ ਵਿਚ ਸ਼ਿਵ ਸੈਨਾ ਆਗੂ ਸੰਦੀਪ ਉਰਫ਼ ਗੋਰਾ ਥਾਪਰ 'ਤੇ ਕੁਝ ਅਣਪਛਾਤੇ ਨਿਹੰਗਾਂ ਨੇ ਭਰੇ ਬਾਜ਼ਾਰ ਸ਼ਰੇਆਮ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ। ਨਿਹੰਗਾਂ ਦੇ ਬਾਣੇ ਵਿਚ ਤਿੰਨ ਲੋਕਾਂ ਨੇ ਐਕਟਿਵਾ 'ਤੇ ਜਾ ਰਹੇ ਸ਼ਿਵ ਸੈਨਾ ਆਗੂ ਸੰਦੀਪ ਉਰਫ਼ ਗੋਰਾ ਨੂੰ ਭਰੇ ਬਾਜ਼ਾਰ ਵਿਚ ਰੋਕਿਆ ਅਤੇ ਇਕ ਤੋਂ ਬਾਅਦ ਇਕ ਤਲਵਾਰ ਨਾਲ ਤਾਬੜ-ਤੋੜ ਵਾਰ ਕਰਨੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਖ਼ੂਨ ਨਾਲ ਲਥਪਥ ਸੰਦੀਪ ਉਰਫ਼ ਗੋਰਾ ਜ਼ਮੀਨ 'ਤੇ ਡਿੱਗ ਗਿਆ ਅਤੇ ਇਸ ਦੇ ਬਾਵਜੂਦ ਇਕ ਨਿਹੰਗ ਉਸ 'ਤੇ ਤਲਵਾਰ ਨਾਲ ਤਾਬੜਤੋੜ ਵਾਰ ਕਰਦਾ ਰਿਹਾ। ਜਿਸ ਤੋਂ ਬਾਅਦ ਬੇਹੱਦ ਗੰਭੀਰ ਹਾਲਤ ਵਿਚ ਗੋਰਾ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਜਿੱਥੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਸੀ. ਐੱਮ. ਸੀ. ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਸ਼ਿਵ ਸੈਨਾ ਦੇ ਆਗੂਆਂ ਨੇ ਪੁਲਸ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਹੈ। ਇਥੇ ਹੈਰਾਨ ਕਰ ਵਾਲੀ ਗੱਲ ਇਹ ਹੈ ਕਿ ਜਿਸ ਸਮੇਂ ਸ਼ਿਵ ਸੈਨਾ ਆਗੂ 'ਤੇ ਹਮਲਾ ਹੋਇਆ, ਉਸ ਸਮੇਂ ਉਸ ਨਾਲ ਪੰਜਾਬ ਪੁਲਸ ਦਾ ਸੁਰੱਖਿਆ ਮੁਲਾਜ਼ਮ ਵੀ ਮੌਜੂਦ ਸੀ ਅਤੇ ਇਕ ਨਿਹੰਗ ਉਸ ਨੂੰ ਗੱਲਾਂ ਵਿਚ ਪਾ ਕੇ ਪਿੱਛੇ ਲੈ ਗਿਆ ਜਿਸ ਤੋਂ ਬਾਅਦ ਉਹ ਨਜ਼ਰ ਨਹੀਂ ਆਇਆ।



# ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਸ਼ਿਵ ਸੈਨਾ ਆਗੂ ਸੰਦੀਪ ਥਾਪਰ 'ਤੇ ਕੀਤੇ ਗਏ ਹਮਲੇ ਦੀ ਸਖ਼ਤ ਨਿਖੇਧੀ

**ਪਟਿਆਲਾ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ, ਲੁਧਿਆਣਾ ਸ਼ਹਿਰ 'ਚ ਨਿਹੰਗਾਂ ਦੇ ਭੇਸ 'ਚ ਖਾਲਿਸਤਾਨੀਆਂ ਵੱਲੋਂ ਸ਼ਿਵ ਸੈਨਾ ਆਗੂ ਸੰਦੀਪ ਥਾਪਰ 'ਤੇ ਕੀਤੇ ਗਏ ਹਮਲੇ ਦੀ ਸਖ਼ਤ ਨਿਖੇਧੀ ਕਰਦਾ ਹੈ। ਜਿਸ ਤਰ੍ਹਾਂ ਨਿਹੰਗਾਂ ਦੇ ਭੇਸ ਵਿਚ ਖਾਲਿਸਤਾਨੀਆਂ ਨੇ ਦਿਨ-ਦਿਹਾੜੇ ਪੰਜਾਬ ਦੇ ਲੁਧਿਆਣਾ ਸ਼ਹਿਰ ਵਿਚ ਸ਼ਿਵ ਸੈਨਾ ਦੇ ਆਗੂ ਸ਼੍ਰੀ ਸੰਦੀਪ ਥਾਪਰ 'ਤੇ ਗੰਨਮੈਨ ਦੀ ਮੌਜੂਦਗੀ ਵਿਚ ਹਮਲਾ ਕੀਤਾ ਅਤੇ ਜਿਸ ਤਰ੍ਹਾਂ ਬੰਦੂਕਧਾਰੀ ਇਕ ਮੂਕ ਦਰਸ਼ਕ ਬਣਿਆ ਹੋਇਆ ਸੀ, ਉਹ ਬਹੁਤ ਚਿੰਤਾ ਦਾ ਵਿਸ਼ਾ ਹੈ। ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਸਮੇਂ ਵੀ 18 ਬੰਦੂਕਧਾਰੀ ਮੂਕ ਦਰਸ਼ਕ ਬਣੇ ਰਹੇ, ਅੱਜ ਇੱਕ ਵਾਰ ਫਿਰ ਪੰਜਾਬ ਪੁਲਿਸ ਦੇ ਗੰਨਮੈਨ ਦੀ ਮੌਜੂਦਗੀ ਵਿੱਚ ਸੰਦੀਪ ਥਾਪਰ 'ਤੇ ਹਮਲਾ ਕੀਤਾ ਗਿਆ ਅਤੇ ਗੰਨਮੈਨ ਨੇ ਇੱਕ ਵੀ ਗੋਲੀ ਨਹੀਂ ਚਲਾਈ ਹਿੰਦੂ ਨੇਤਾਵਾਂ ਨੂੰ ਅੱਤਵਾਦੀਆਂ ਤੋਂ ਬਚਾਉਣ ਦੇ ਸਮਰੱਥ ਨਹੀਂ? ਕੀ ਕਾਰਨ ਹੈ ਕਿ ਹਥਿਆਰ ਹੋਣ ਦੇ ਬਾਵਜੂਦ ਸੁਰੱਖਿਆ ਲਈ ਤਾਇਨਾਤ ਵਿਅਕਤੀ 'ਤੇ ਦਿਨ-ਦਿਹਾੜੇ ਹਮਲਾ ਹੋ ਜਾਂਦਾ ਹੈ ਅਤੇ ਸੁਰੱਖਿਆ ਮੁਲਾਜ਼ਮ ਇਕ ਗੋਲੀ ਵੀ ਨਹੀਂ ਚਲਾ ਸਕਦੇ? ਪੰਜਾਬ ਸਰਕਾਰ, ਪੰਜਾਬ ਪੁਲਿਸ, ਪੰਜਾਬ ਪੁਲਿਸ ਦੇ ਡੀਜੀਪੀ ਨੂੰ ਇਸ ਗੰਭੀਰ ਮਾਮਲੇ 'ਤੇ ਪੰਜਾਬ ਦੇ ਘੱਟ ਗਿਣਤੀ ਹਿੰਦੂ ਭਾਈਚਾਰੇ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕੀ ਪੰਜਾਬ ਦੇ ਹਿੰਦੂਆਂ ਨੂੰ ਪੰਜਾਬ ਪੁਲਿਸ 'ਤੇ ਭਰੋਸਾ ਕਰਨਾ ਚਾਹੀਦਾ ਹੈ ਜਾਂ ਨਹੀਂ? ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਪੰਜਾਬ ਦੇ ਹਿੰਦੂਆਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ। ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਦਿੱਲੀ ਵਿੱਚ ਸਹੁੰ ਚੁੱਕਣ ਵਾਲੇ ਦਿਨ ਕਿਉਂ ਵਾਪਰੀਆਂ ਸਾਰੀਆਂ ਘਟਨਾਵਾਂ? ਪੰਜਾਬ ਸਰਕਾਰ ਘੱਟ ਗਿਣਤੀ ਹਿੰਦੂਆਂ ਅਤੇ ਪੰਜਾਬ ਦੇ ਹਿੰਦੂ ਨੇਤਾਵਾਂ ਦੀ ਰਾਖੀ ਕਰਨ ਵਿੱਚ ਕਿਉਂ ਨਾਕਾਮ ਹੋ ਰਹੀ ਹੈ? ਕੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਖਾਲਿਸਤਾਨੀ ਵੱਖਵਾਦੀ ਵਿਚਾਰਧਾਰਾ ਵਾਲੇ ਲੋਕਾਂ ਦੇ ਹਵਾਲੇ ਕਰ ਦਿੱਤੀ ਹੈ? ਸ਼੍ਰੀ ਸੰਦੀਪ ਥਾਪਰ ਦੇ ਨਾਲ ਮੌਜੂਦ ਸੁਰੱਖਿਆ ਕਰਮਚਾਰੀ ਨੂੰ ਤੁਰੰਤ ਗ੍ਰਿਫਤਾਰ ਕਰਕੇ ਜਾਂਚ ਕੀਤੀ ਜਾਵੇ ਅਤੇ ਅਜਿਹੇ ਸੁਰੱਖਿਆ ਕਰਮਚਾਰੀਆਂ ਨੂੰ ਤੁਰੰਤ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ... ਪਵਨ ਗੁਪਤਾ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ।



# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਜਲੰਧਰ ਦੇ ਡਿਪਟੀ ਕਮਿਸ਼ਨਰ, ਪੁਲਿਸ ਕਮਿਸ਼ਨਰ ਅਤੇ ਐੱਸਐੱਸਪੀ ਨਾਲ ਚੋਣ ਤਿਆਰੀਆਂ ਨੂੰ ਲੈ ਕੇ ਮੀਟਿੰਗ

## ➢ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਬੂਥਾਂ ਉੱਤੇ ਸਾਰੇ ਪ੍ਰਬੰਧ ਮੁਕੰਮਲ ਕਰਨ ਲਈ ਕਿਹਾ ➢ ਪੁਲਿਸ ਅਧਿਕਾਰੀਆਂ ਨੂੰ ਚੌਕਸੀ ਵਧਾਉਣ ਅਤੇ ਸੀਸੀਟੀਵੀ ਰਾਹੀਂ 24 ਘੰਟੇ ਨਿਗਰਾਨੀ ਰੱਖਣ ਦੇ ਹੁਕਮ

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਸ਼ੁੱਕਰਵਾਰ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਬਾਬਤ ਜਲੰਧਰ ਦੇ ਡਿਪਟੀ ਕਮਿਸ਼ਨਰ, ਪੁਲਿਸ ਕਮਿਸ਼ਨਰ ਅਤੇ ਐਸਐਸਪੀ ਨਾਲ ਮੀਟਿੰਗ ਕੀਤੀ। ਵੀਡੀਓ ਕਾਨਫਰੰਸਿੰਗ ਜ਼ਰੀਏ ਹੋਈ ਮੀਟਿੰਗ ਦੌਰਾਨ ਸਿਬਿਨ ਸੀ ਨੇ ਅਧਿਕਾਰੀਆਂ ਨੂੰ ਵੋਟਿੰਗ ਲਈ ਲੋੜੀਂਦੇ ਪ੍ਰਬੰਧ ਪੂਰੀ ਤਰ੍ਹਾਂ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਤਰੀਕੇ ਨਾਲ ਚੋਣ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਮੁੱਖ ਚੋਣ ਅਧਿਕਾਰੀ ਨੇ ਡਿਪਟੀ ਕਮਿਸ਼ਨਰ ਨੂੰ ਪੋਲਿੰਗ ਸਟੇਸ਼ਨਾਂ 'ਤੇ ਵਾਟਰ ਕੂਲਰ, ਪੱਖੇ, ਬੈਠਣ ਲਈ ਢੁਕਵੀਂ ਥਾਂ, ਪਖਾਨਿਆਂ ਅਤੇ ਸ਼ੈੱਡਾਂ ਦਾ ਪ੍ਰਬੰਧ ਕਰਨ ਲਈ ਕਿਹਾ ਤਾਂ ਜੋ ਵੋਟਰਾਂ ਨੂੰ ਕੋਈ ਦਿੱਕਤ ਦਰਪੇਸ਼ ਨਾ ਆਵੇ।



ਉਨ੍ਹਾਂ ਅਧਿਕਾਰੀਆਂ ਨੂੰ ਬਿਰਧਾਂ ਅਤੇ ਗਰਭਵਤੀ ਔਰਤਾਂ ਲਈ ਵੱਖਰੀਆਂ ਕਤਾਰਾਂ ਅਤੇ ਸਰੀਰਕ ਤੌਰ ਉੱਤੇ ਅਪਾਹਜ ਵੋਟਰਾਂ ਲਈ ਹਰੇਕ ਪੋਲਿੰਗ ਸਟੇਸ਼ਨ 'ਤੇ ਰੈਂਪ ਤੇ ਵੀਲਚੇਅਰ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਵੋਟਿੰਗ ਲਈ ਕਤਾਰ ਲੰਬੀ ਹੁੰਦੀ ਹੈ ਤਾਂ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਵੀ ਕੀਤਾ ਜਾਵੇ ਅਤੇ ਪੋਲਿੰਗ ਸਟਾਫ਼ ਨੂੰ ਮੈਡੀਕਲ ਕਿੱਟਾਂ ਵੀ ਪ੍ਰਦਾਨ ਕੀਤੀਆਂ ਜਾਣ। ਇਸ ਤੋਂ ਇਲਾਵਾ ਉਨ੍ਹਾਂ ਨੇ ਰੀਅਲ-ਟਾਈਮ ਮਾਨੀਟਰਿੰਗ ਲਈ ਪੋਲਿੰਗ ਸਟੇਸ਼ਨਾਂ ਦੀ 100 ਫੀਸਦ ਲਾਈਵ ਵੈਬਕਾਸਟਿੰਗ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ।

ਮੁੱਖ ਚੋਣ ਅਧਿਕਾਰੀ ਨੇ ਪੁਲਿਸ ਕਮਿਸ਼ਨਰ ਅਤੇ ਐੱਸਐੱਸਪੀ ਨੂੰ ਚੋਣਾਂ ਤੋਂ ਪਹਿਲਾਂ ਦੇ 48 ਘੰਟਿਆਂ ਦੌਰਾਨ ਨਿਗਰਾਨੀ ਹੋਰ ਵਧਾਉਣ, ਨਾਕਿਆਂ ਉੱਤੇ ਸਖਤੀ ਕਰਨ ਅਤੇ ਸੀਸੀਟੀਵੀ ਰਾਹੀਂ 24 ਘੰਟੇ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੱਤੇ ਤਾਂ ਜੋ ਡਰੱਗ, ਸ਼ਰਾਬ, ਨਕਦੀ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਉੱਤੇ ਨੱਥ ਪਾਈ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਸੰਵੇਦਨਸ਼ੀਲ ਪੋਲਿੰਗ ਬੂਥਾਂ, ਸਟਰਾਂਗ ਰੂਮਾਂ ਅਤੇ ਕਾਊਂਟਿੰਗ ਸੈਂਟਰਾਂ ਉੱਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਲਈ ਕਿਹਾ।

ਸਿਬਿਨ ਸੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵੋਟਿੰਗ ਤੋਂ 48 ਘੰਟੇ ਪਹਿਲਾਂ ਬਾਹਰਲੇ ਵਿਅਕਤੀਆਂ ਦੀ ਹਲਕੇ ਵਿੱਚ ਐਂਟਰੀ ਪੂਰੀ ਤਰ੍ਹਾਂ ਬੈਨ ਕੀਤੀ ਜਾਵੇ ਅਤੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾਂ ਦੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾਵੇ।

ਵੋਟਰਾਂ ਲਈ ਮਾਡਲ, ਪਿੰਕ, ਯੂਥ ਅਤੇ ਪੀਡਬਲਯੂਡੀ ਪੋਲਿੰਗ ਬੂਥਾਂ ਦਾ ਹੋਵੇਗਾ ਪ੍ਰਬੰਧ ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਿੰਗ ਵਾਲੇ ਦਿਨ ਕੁੱਲ 11 ਮਾਡਲ ਪੋਲਿੰਗ ਬੂਥ ਬਣਾਏ ਜਾਣਗੇ। ਇਸ ਤੋਂ ਇਲਾਵਾ ਮਿੰਟਗੁਮਰੀ ਗੁਰੂ ਨਾਨਕ ਪਬਲਿਕ ਸਕੂਲ, ਆਦਰਸ਼ ਨਗਰ ਵਿਖੇ ਇੱਕ ਪਿੰਕ ਪੋਲਿੰਗ ਬੂਥ ਬਣਾਇਆ ਜਾਵੇਗਾ, ਜਿਸ ਦਾ ਪੂਰਾ ਸੰਚਾਲਨ ਮਹਿਲਾਵਾਂ ਵੱਲੋਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗ੍ਰੀਨ ਪੋਲਿੰਗ ਬੂਥ, ਨੌਜਵਾਨਾਂ ਵੱਲੋਂ ਸੰਚਾਲਿਤ ਕੀਤਾ ਜਾਣ ਵਾਲਾ ਯੂਥ ਪੋਲਿੰਗ ਸਟੇਸ਼ਨ ਅਤੇ ਦਿਵਿਆਂਗ ਵਿਅਕਤੀਆਂ ਵੱਲੋਂ ਪੀਡਬਲਯੂਡੀ ਪੋਲਿੰਗ ਬੂਥ ਵੀ ਬਣਾਇਆ ਜਾਵੇਗਾ।

**ਹਲਕੇ ਦੇ ਕੁੱਲ ਵੋਟਰਾਂ ਦੀ ਗਿਣਤੀ**

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੇ ਕੁੱਲ ਵੋਟਰਾਂ ਦੀ ਗਿਣਤੀ 1 ਲੱਖ 72 ਹਜ਼ਾਰ 20 ਹੈ, ਜਿਸ ਵਿੱਚ ਮਹਿਲਾ ਵੋਟਰਾਂ ਦੀ ਗਿਣਤੀ 82 ਹਜ਼ਾਰ 327 ਅਤੇ ਪੁਰਸ਼ ਵੋਟਰਾਂ ਦੀ ਗਿਣਤੀ 89 ਹਜ਼ਾਰ 685 ਹੈ। ਇਸ ਤੋਂ ਇਲਾਵਾ ਦਿਵਿਆਂਗ ਵੋਟਰਾਂ ਦੀ ਕੁੱਲ ਗਿਣਤੀ 873 ਹੈ ਜਿਸ ਵਿੱਚ 389 ਦਿਵਿਆਂਗ ਮਹਿਲਾ ਵੋਟਰ ਅਤੇ 484 ਦਿਵਿਆਂਗ ਪੁਰਸ਼ ਵੋਟਰ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਹਲਕੇ ਵਿੱਚ 18-19 ਸਾਲ ਦੇ ਨੌਜਵਾਨ ਵੋਟਰਾਂ ਗਿਣਤੀ 5005 ਹੈ, ਜਿਨ੍ਹਾਂ ਵਿੱਚ 2282 ਲੜਕੀਆਂ ਅਤੇ 2723 ਲੜਕੇ ਹਨ। ਇਸ ਤੋਂ ਇਲਾਵਾ 85 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਦੀ ਗਿਣਤੀ 746 ਹੈ, ਜਿਨ੍ਹਾਂ ਵਿੱਚ 382 ਮਹਿਲਾ ਵੋਟਰ ਅਤੇ 364 ਪੁਰਸ਼ ਵੋਟਰ ਹਨ। ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆ ਦੱਸਿਆ ਕਿ ਹਲਕੇ ਵਿੱਚ ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 181 ਹੈ।

ਜ਼ਿਕਰਯੋਗ ਹੈ ਕਿ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ 10 ਜੁਲਾਈ, 2024 (ਬੁੱਧਵਾਰ) ਨੂੰ ਸਵੇਰੇ 7.00 ਵਜੇ ਤੋਂ ਸ਼ਾਮ 6.00 ਵਜੇ ਤੱਕ ਵੋਟਾਂ ਪੈਣਗੀਆਂ ਅਤੇ 13 ਜੁਲਾਈ, 2024 (ਸ਼ਨੀਵਾਰ) ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

# ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਮੁੱਖ ਸਕੱਤਰ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਮਾਨਸੂਨ ਸੀਜ਼ਨ ਦੌਰਾਨ ਕਿਸੇ ਵੀ ਅਣਸੁਖਾਵੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਬਰ ਤਿਆਰ ਰਹਿਣ ਦੀ ਹਦਾਇਤ

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਨੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਵੀਡੀਓ ਕਾਨਫਰੰਸ ਕਰਦਿਆਂ ਉਨ੍ਹਾਂ ਨੂੰ ਮਾਨਸੂਨ ਸੀਜ਼ਨ ਦੌਰਾਨ ਤਿਆਰ-ਬਰ-ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਪ੍ਰਮੁੱਖ ਸਕੱਤਰ, ਜਲ ਸਰੋਤ ਨੇ ਦੱਸਿਆ ਕਿ ਮੌਜੂਦਾ ਸਮੇਂ ਭਾਖੜਾ ਡੈਮ ਦਾ ਪੱਧਰ 1590 ਫੁੱਟ ਹੈ, ਜੋ ਪਿਛਲੇ ਸਾਲ ਦੇ ਪੱਧਰ ਨਾਲੋਂ 8 ਫੁੱਟ ਘੱਟ ਹੈ। ਇਸੇ ਤਰ੍ਹਾਂ ਪੌਂਗ ਡੈਮ ਪਿਛਲੇ ਸਾਲ ਨਾਲੋਂ 30 ਫੁੱਟ ਅਤੇ ਰਣਜੀਤ ਸਾਗਰ ਡੈਮ ਦਾ ਪੱਧਰ 34 ਫੁੱਟ ਘੱਟ ਹੈ।

ਸ੍ਰੀ ਵਰਮਾ ਨੇ ਦੱਸਿਆ ਕਿ ਇਸ ਸਾਲ 252 ਕਰੋੜ ਰੁਪਏ ਦੀ ਲਾਗਤ ਨਾਲ ਹੜ੍ਹ ਰੋਕੂ ਕੰਮ ਕੀਤੇ ਜਾ ਰਹੇ ਹਨ, ਜੋ ਪਿਛਲੇ ਦੋ ਸਾਲਾਂ ਦੌਰਾਨ ਕੀਤੇ ਗਏ ਔਸਤ ਕੰਮਾਂ ਦਾ ਲਗਭਗ ਡੇਢ ਗੁਣਾ ਹੈ। ਸ੍ਰੀ ਵਰਮਾ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਸਬੰਧਤ ਜ਼ਿਲ੍ਹਿਆਂ ਵਿੱਚ ਮੁੜ ਤੋਂ ਸੰਵੇਦਨਸ਼ੀਲ ਥਾਵਾਂ ਦਾ ਦੌਰਾ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਉੱਥੇ ਹੜ੍ਹ ਰੋਕੂ ਕਾਰਜ ਤਸੱਲੀਬਖ਼ਸ਼ ਢੰਗ ਨਾਲ ਪੂਰੇ ਕੀਤੇ ਗਏ ਹਨ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਪੂਰੇ ਮਾਨਸੂਨ ਸੀਜ਼ਨ ਦੌਰਾਨ ਪਿੰਡਾਂ ਵਿੱਚ ਸੰਵੇਦਨਸ਼ੀਲ ਥਾਵਾਂ ਦੇ ਨੇੜਲੀ ਵਸੋਂ ਦੇ ਨਿਰੰਤਰ ਸੰਪਰਕ ਵਿੱਚ ਰਹਿਣ ਦੇ ਵੀ ਨਿਰਦੇਸ਼ ਦਿੱਤੇ।

ਸ੍ਰੀ ਵਰਮਾ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਸ਼ਹਿਰਾਂ ਵਿੱਚ ਸੀਵਰੇਜ ਸਿਸਟਮ ਦੀ ਸਫ਼ਾਈ ਦੀ ਮੁੜ ਜਾਂਚ ਕੀਤੀ ਜਾਵੇ। ਉਨ੍ਹਾਂ ਨੂੰ ਪਾਣੀ ਕੱਢਣ ਵਾਲੇ ਪੰਪਾਂ ਦੇ ਨਾਲ ਜੈਨਸੈੱਟ ਦੀ ਵਿਵਸਥਾ ਕਰਨਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਡਿਪਟੀ ਕਮਿਸ਼ਨਰਾਂ ਨੂੰ ਵਾਟਰ ਪੰਪਿੰਗ ਸਟੇਸ਼ਨਾਂ 'ਤੇ ਜਨਰੇਟਰਾਂ ਦੇ ਪ੍ਰਬੰਧ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ। ਉਨ੍ਹਾਂ ਨੂੰ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਨਾਲ ਬਿਜਲੀ ਪ੍ਰਬੰਧਾਂ ਦਾ ਜਾਇਜ਼ਾ ਲੈਣ ਦੇ ਵੀ ਨਿਰਦੇਸ਼ ਦਿੱਤੇ ਗਏ ਤਾਂ ਜੋ ਮੀਂਹ ਦੇ ਦਿਨਾਂ ਦੌਰਾਨ ਬਿਜਲੀ ਸਪਲਾਈ ਵਿੱਚ ਵਿਘਨ ਨਾ ਪਵੇ।

ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਗਭਗ 8.5 ਲੱਖ ਖਾਲੀ ਥੈਲੇ (ਈ.ਸੀ. ਬੈਗ) ਖਰੀਦੇ ਗਏ ਹਨ ਅਤੇ ਸੰਵੇਦਨਸ਼ੀਲ ਥਾਵਾਂ ਦੇ ਨੇੜੇ ਉਪਲਬਧ ਕਰਵਾਏ ਗਏ ਹਨ। ਡਿਪਟੀ ਕਮਿਸ਼ਨਰਾਂ ਨੇ ਦੱਸਿਆ ਕਿ ਉਹ ਐਮਰਜੈਂਸੀ ਦੀ ਸਥਿਤੀ ਵਿੱਚ ਪਾਣੀ ਵਾਲੀਆਂ ਥਾਵਾਂ 'ਚੋਂ ਬਾਹਰ ਕੱਢਣ ਸਬੰਧੀ ਯੋਜਨਾਵਾਂ ਨੂੰ ਅਮਲ ਵਿੱਚ ਲਿਆਉਣ ਲਈ ਪੂਰੀ ਤਰ੍ਹਾਂ ਤਿਆਰ ਹਨ। ਸਾਰੇ ਜ਼ਿਲ੍ਹਿਆਂ ਵਿੱਚ ਫਲੱਡ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ। ਐਮਰਜੈਂਸੀ ਦੀ ਸਥਿਤੀ ਵਿੱਚ ਮਨੁੱਖਾਂ ਅਤੇ ਪਸ਼ੂ ਧਨ ਲਈ ਸੁਰੱਖਿਅਤ ਸਥਾਨਾਂ (ਸ਼ੈਲਟਰਾਂ) ਦੀ ਪਛਾਣ ਕੀਤੀ ਗਈ ਹੈ।

ਸ੍ਰੀ ਵਰਮਾ ਨੇ ਕਿਹਾ ਕਿ ਸੂਬਾ ਸਰਕਾਰ ਦਿਨ-ਰਾਤ ਕੰਮ ਵਿੱਚ ਲੱਗੀ ਰਹੇਗੀ ਤਾਂ ਜੋ ਹੜ੍ਹਾਂ ਕਾਰਨ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਹੋਣਾ ਯਕੀਨੀ ਬਣਾਇਆ ਜਾ ਸਕੇ।

# ਕੈਂਪਾਂ ਵਿੱਚ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਸਮੇਂ ਸਿਰ ਕੀਤਾ ਜਾਵੇ ਨਿਪਟਾਰਾ : ਵਿਧਾਇਕ ਰਮਦਾਸ

## ਸ਼ਿਕਾਇਤ ਨਿਵਾਰਨ ਮਿਲਣੀ ਕੈਂਪਾਂ ਵਿੱਚ ਲੋਕ ਵੱਡੀ ਗਿਣਤੀ ਵਿੱਚ ਕੀਤੀ ਸ਼ਮੂਲੀਅਤ : ਡਿਪਟੀ ਕਮਿਸ਼ਨਰ

**ਅੰਮ੍ਰਿਤਸਰ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨੂੰ ਇੱਕੋ ਛੱਤ ਹੇਠ ਵੱਖ-ਵੱਖ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਹਫ਼ਤੇ ਵਿੱਚ 2 ਕੈਂਪ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਲਗਾਏ ਜਾਣ ਜਿਥੇ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਮੌਕੇ ਤੇ ਹੀ ਹਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਵੱਖ-ਵੱਖ ਦਫ਼ਤਰਾਂ ਦੇ ਚੱਕਰ ਨਾ ਮਾਰਨੇ ਪੈਣ।



ਹਲਕਾ ਵਿਧਾਇਕ ਅਟਾਰੀ ਸ: ਜਸਵਿੰਦਰ ਸਿੰਘ ਰਮਦਾਸ ਅਤੇ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਸ਼ਿਕਾਇਤ ਨਿਵਾਰਨ ਮਿਲਣੀ ਕੈਂਪ ਦਾ ਨਿਰੀਖਣ ਕਰਦੇ ਹੋਏ।

ਹਲਕਾ ਵਿਧਾਇਕ ਅਟਾਰੀ ਸ: ਜਸਵਿੰਦਰ ਸਿੰਘ ਰਮਦਾਸ ਨੇ ਬਲਾਕ ਵਿਕਾਸ ਪੰਚਾਇਤ ਅਫ਼ਸਰ ਅਟਾਰੀ ਵਿਖੇ ਲੱਗੇ ਸ਼ਿਕਾਇਤ ਨਿਵਾਰਨ ਮਿਲਣੀ ਕੈਂਪ ਦਾ ਨਿਰੀਖਣ ਕਰਦਿਆਂ ਕਿਹਾ ਕਿ ਲੋਕਾਂ ਨੂੰ ਮੌਕੇ ਤੇ ਹੀ ਸਾਰੀਆਂ ਸਰਕਾਰੀ ਸੇਵਾਵਾਂ ਮੁਹੱਈਆਂ ਕਰਵਾਈਆਂ ਜਾਣਗੀਆਂ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਸਾਡੀ ਸਰਕਾਰ ਦਾ ਮੁੱਖ ਉਦੇਸ਼ ਹੈ ਕਿ ਸਾਰੀਆਂ ਸੇਵਾਵਾਂ ਘਰ ਦੇ ਬੂਹੇ ਤੱਕ ਮੁਹੱਈਆ ਕਰਵਾਈਆਂ ਜਾਣ। ਉਨਾਂ ਦੱਸਿਆ ਕਿ ਲੋਕ 1076 ਨੰਬਰ ਤੇ ਡਾਇਲ ਕਰ ਕੇ ਘਰ ਬੈਠੇ ਹੀ ਇਹ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਉਨਾਂ ਦੱਸਿਆ ਕਿ ਅੱਜ ਦੇ ਇਸ ਕੈਂਪ ਵਿੱਚ ਅਟਾਰੀ ਪਿੰਡ ਦੇ ਕਲਸਟਰ ਵਿੱਚ ਅਟਾਰੀ, ਕਾਉਂਕੇ, ਢਾਂਡੇ, ਮੋਦੇ, ਧਨੋਆ ਕਲਾਂ, ਧਨੋਆ ਖੁਰਦ, ਰੋੜਾਂਵਾਲਾ ਖੁਰਦ, ਰੋੜਾਂਵਾਲਾ ਕਲਾਂ, ਕਾਹਨਗੜ, ਹਰਦੋਰਤਨ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਗਿਆ ਹੈ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਸ਼ਿਕਾਇਤ ਨਿਵਾਰਨ ਮਿਲਣੀ ਕੈਂਪਾਂ ਵਿੱਚ ਪ੍ਰਾਪਤ ਹੋਏ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾਵੇ।

ਕੈਂਪ ਦਾ ਨਿਰੀਖਣ ਕਰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਇਨ੍ਹਾਂ ਕੈਂਪਾਂ ਦੌਰਾਨ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦੇ 100 ਫੀਸਦੀ ਨਿਪਟਾਰੇ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਨਾਗਰਿਕ ਸੇਵਾਵਾਂ ਹਾਸਲ ਕਰਨ ਤੋਂ ਵਾਂਝਾ ਨਾ ਰਹੇ। ਉਨਾਂ ਕਿਹਾ ਕਿ ਇਨਾਂ ਕੈਂਪਾਂ ਵਿੱਚ ਲੋਕਾਂ ਨੂੰ ਸੇਵਾ ਕੇਂਦਰਾਂ ਤੋਂ ਮਿਲਣ ਵਾਲੀਆਂ ਸਾਰੀਆਂ ਸੇਵਾਵਾਂ ਮੌਕੇ ਤੇ ਹੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਮੌਕੇ ਤੇ ਹੀ ਜਨਮ ਸਰਟੀਫਿਕੇਟ, ਮੌਤ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨੇ, ਬਾਰਡਰ ਏਰੀਏ ਸਬੰਧੀ ਸਰਟੀਫਿਕੇਟ, ਬੈਕਵਰਡ ਏਰੀਆ ਸਰਟੀਫਿਕੇਟ, ਜ਼ਮੀਨ ਦੀ ਹੱਦਬੰਦੀ, ਐਨ.ਆਰ.ਆਈ. ਦੇ ਦਸਤਾਵੇਜ਼ਾਂ ਦੇ ਕਾਊਂਟਰ ਸਾਈਨ ਵਰਗੀਆਂ ਅਹਿਮ ਸੇਵਾਵਾਂ ਮੌਕੇ ਤੇ ਹੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਇਨਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾ ਦੇ ਸਮੇਂ ਅਤੇ ਪੈਸੇ ਦੀ ਬਚਤ ਕਰਨਾ ਹੈ। ਉਨਾਂ ਦੱਸਿਆ ਕਿ ਕਈ ਗਰੀਬ ਪਰਿਵਾਰ ਇਨਾਂ ਸਹੂਲਤਾਂ ਨੂੰ ਲੈਣ ਲਈ ਸੇਵਾ ਕੇਂਦਰਾਂ ਤੱਕ ਪਹੁੰਚ ਹੀ ਨਹੀਂ ਸਕਦੇ ਸਨ। ਉਨਾਂ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਇਹ ਸਾਰੀਆਂ ਸੇਵਾਵਾਂ ਘਰ ਦੇ ਬੂਹੇ ਤੱਕ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸ੍ਰੀ ਥੋਰੀ ਨੇ ਦੱਸਿਆ ਕਿ ਸ਼ਿਕਾਇਤ ਨਿਵਾਰਨ ਮਿਲਣੀ ਕੈਂਪ ਵਿੱਚ ਕੁੱਲ 151 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨਾਂ ਵਿਚੋਂ 144 ਦਾ ਮੌਕੇ ਤੇ ਹੀ ਨਿਪਟਾਰਾ ਕਰ ਦਿੱਤਾ ਗਿਆ ਅਤੇ 7 ਰਹਿੰਦੀਆਂ ਪੈਂਡਿੰਗ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨਾਂ ਕੈਂਪਾਂ ਵਿੱਚ ਪੀ.ਐਸ.ਪੀ.ਸੀ.ਐਲ, ਪੈਨਸ਼ਨ, ਸਿਹਤ ਵਿਭਾਗ, ਖੁਰਾਕ ਸਪਲਾਈ ਨਾਲ ਸਬੰਧਤ ਵਿਭਾਗਾਂ ਨਾਲ ਦਰਪੇਸ਼ ਆਉਂਦੀਆਂ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਮੌਕੇ ਤੇ ਹੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਨਾਂ ਮੁਸ਼ਕਿਲਾਂ ਦਾ ਨਿਪਟਾਰਾ ਤੁਰੰਤ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅਗਲਾ ਕੈਂਪ 6 ਜੁਲਾਈ ਨੂੰ ਕਮਿਊਨਿਟੀ ਹਾਲ ਨਿਊ ਅੰਮ੍ਰਿਤਸਰ ਵਿਖੇ ਲੱਗੇਗਾ, ਜਿਥੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਜਾਵੇਗਾ ਅਤੇ ਸੇਵਾ ਕੇਂਦਰ ਨਾਲ ਸਬੰਧਤ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਕੈਂਪ ਵਿੱਚ ਮੈਡਮ ਸੋਨਮ ਆਈ ਏ ਐਸ, ਐਸ.ਡੀ.ਐਮ. ਲਾਲ ਵਿਸ਼ਵਾਸ਼ , ਤਹਿਸੀਲਦਾਰ ਜਗਸ਼ੀਰ ਸਿੰਘ ਅਤੇ ਅਮਰਜੀਤ ਸਿੰਘ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਟਾਰੀ ਸ: ਬਲਜੀਤ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਤਜਿੰਦਰ ਸਿੰਘ ਹੁੰਦਲ, ਜ਼ਿਲ੍ਹਾ ਪ੍ਰਸ਼ਾਸ਼ਨਿਕ ਸੁਧਾਰ ਸ਼ਾਖਾ ਤੇ ਤਕਨੀਕੀ ਕੁਆਰਡੀਨੇਟਰ ਸ: ਪ੍ਰਿੰਸ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਤਾਜ਼ਾ ਸਮੱਗਰੀ ਤੋਂ ਬਣੇ ਘਰੇਲੂ ਮਸਾਲੇ ਅਤੇ ਪਕਵਾਨ ਸਵਾਦ ਨੂੰ ਵਧਾਉਂਦੇ ਹਨ

**ਨਿਊ ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਟ੍ਰਾਈਸਿਟੀ ਦੇ ਭੋਜਨ ਪ੍ਰੇਮੀਆਂ, ਖਾਸ ਤੌਰ 'ਤੇ ਸ਼ਾਕਾਹਾਰੀ ਲੋਕਾਂ ਲਈ ਇਹ ਇੱਕ ਖੁਸ਼ਖਬਰੀ ਹੈ - ਵਿਸ਼ਾਲ ਰੈਸਟੋਰੈਂਟ ਅਤੇ ਬੈਂਕੁਏਟ ਐਨਏਸੀ ਮਨੀਮਾਜਰਾ ਵਿੱਚ ਲਾਂਚ ਕੀਤਾ ਗਿਆ ਹੈ, ਵਿਸ਼ਾਲ ਦੇ ਭੋਜਨ ਪ੍ਰੇਮੀਆਂ ਨੂੰ ਉਨ੍ਹਾਂ ਦੇ ਭੋਜਨ ਦੇ ਸੁਆਦੀ ਸੁਆਦ ਨਾਲ ਸੰਤੁਸ਼ਟ ਕਰਨ ਲਈ ਤਿਆਰ ਹੈ। ਵਿਸ਼ਾਲ ਦੇ ਰੈਸਟੋਰੈਂਟ ਅਤੇ ਬੈਂਕੁਏਟ ਦੇ ਖੁੱਲਣ ਨਾਲ ਖੇਤਰ ਦੇ ਰਸੋਈ ਪ੍ਰਬੰਧ ਵਿੱਚ ਹੋਰ ਸੁਧਾਰ ਹੋਇਆ ਹੈ, ਹੁਣ ਪ੍ਰਮਾਣਿਕ ਸ਼ਾਕਾਹਾਰੀ ਪਕਵਾਨਾਂ ਵਿੱਚ ਮਾਹਰ ਇੱਕ ਰੈਸਟੋਰੈਂਟ ਸ਼ਾਮਲ ਕੀਤਾ ਗਿਆ ਹੈ। ਵਿਸ਼ਾਲ ਦੇ ਰੈਸਟੋਰੈਂਟ ਅਤੇ ਬੈਂਕੁਏਟ ਦੀ ਸਥਾਪਨਾ 35 ਸਾਲ ਦੇ ਵਿਸ਼ਾਲ ਚੁੱਘ ਦੁਆਰਾ ਕੀਤੀ ਗਈ ਹੈ, ਜਿਸ ਨੂੰ ਟ੍ਰਾਈਸਿਟੀ ਦੇ ਪ੍ਰਾਹੁਣਚਾਰੀ ਖੇਤਰ ਵਿੱਚ ਸਭ ਤੋਂ ਵਧੀਆ ਸੇਵਾ ਪ੍ਰਦਾਨ ਕਰਨ ਦਾ ਜਨੂੰਨ ਹੈ। ਉਸਦਾ ਸੁਪਨਾ ਉਸ ਵਿਰਾਸਤ ਨੂੰ ਜਾਰੀ ਰੱਖਣਾ ਹੈ ਜੋ ਉਸਦੇ ਪਿਤਾ ਸਵਰਗੀ ਸ਼੍ਰੀ ਰਾਮ ਪ੍ਰਕਾਸ਼ ਦੁਆਰਾ 1989 ਵਿੱਚ ਵਿਸ਼ਾਲ ਡੇਅਰੀ ਦੀ ਸਥਾਪਨਾ ਨਾਲ ਸ਼ੁਰੂ ਹੋਈ ਸੀ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਵਿਸ਼ਾਲ ਚੁੱਘ ਨੇ ਕਿਹਾ, 'ਵਿਸ਼ਾਲਜ਼ ਰੈਸਟੋਰੈਂਟ ਅਤੇ ਬੈਂਕੁਏਟ ਸਾਡੇ ਸਫ਼ਰ ਦਾ ਇੱਕ ਮਹੱਤਵਪੂਰਨ ਮੀਲ ਪੱਥਰ ਹੈ, ਜੋ ਕਿ ਇੱਕ ਸ਼ਾਨਦਾਰ ਖਾਣੇ ਦਾ ਅਨੁਭਵ ਅਤੇ ਅਤਿ-ਆਧੁਨਿਕ ਦਾਅਵਤ ਸਹੂਲਤਾਂ ਪ੍ਰਦਾਨ ਕਰਦਾ ਹੈ। ਰੈਸਟੋਰੈਂਟ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਜੋ ਕਿ ਸਮੱਗਰੀ ਦੀ ਗੁਣਵੱਤਾ ਅਤੇ ਤਾਜ਼ਗੀ 'ਤੇ ਧਿਆਨ ਕੇਂਦ੍ਰਤ ਕਰਦਾ ਹੈ, ਜੋ ਕਿ ਆਪਣੇ ਪਰਿਵਾਰ ਦੁਆਰਾ ਬਣਾਏ ਗਏ ਉੱਚ ਮਿਆਰਾਂ ਨੂੰ ਕਾਇਮ ਰੱਖਣ ਲਈ ਕਾਰੋਬਾਰ ਦੀ ਅਗਵਾਈ ਕਰ ਰਿਹਾ ਹੈ, ਜੋ ਕਿ ਇੱਕ ਖੇਡ ਰਹੇ ਹਨ ਇਸ ਦੇ ਪ੍ਰਬੰਧਨ ਵਿੱਚ ਅਨਿੱਖੜਵਾਂ ਭੂਮਿਕਾ. ਇਹ ਸਭ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਮਹਿਮਾਨ ਬੇਮਿਸਾਲ ਸੇਵਾ ਅਤੇ ਪਰਾਹੁਣਚਾਰੀ ਦਾ ਅਨੁਭਵ ਕਰੇ ਜਿਸ ਲਈ ਵਿਸ਼ਾਲ ਬ੍ਰਾਂਡ ਜਾਣਿਆ ਜਾਂਦਾ ਹੈ। ਵਿਸ਼ਾਲ ਬ੍ਰਾਂਡ ਦੀ ਯਾਤਰਾ ਬਾਰੇ ਗੱਲ ਕਰਦੇ ਹੋਏ, ਚੁੱਘ ਨੇ ਕਿਹਾ, ਵਿਸ਼ਾਲ ਬ੍ਰਾਂਡ ਪਿਛਲੇ ਸਾਲਾਂ ਵਿੱਚ ਵਿਕਸਤ ਹੋਇਆ ਹੈ। ਵਿਸ਼ਾਲ ਨੂੰ ਸ਼ੁਰੂ ਵਿੱਚ ਮਨੀਮਾਜਰਾ ਟਾਊਨ ਵਿੱਚ ਇੱਕ ਡੇਅਰੀ ਵਜੋਂ ਸਥਾਪਿਤ ਕੀਤਾ ਗਿਆ ਸੀ ਅਤੇ ਲਗਭਗ 3-4 ਸਾਲ ਪਹਿਲਾਂ ©13 ਮਨੀਮਾਜਰਾ ਸ਼ੋਰੂਮ ਵਿੱਚ ਵਿਸ਼ਾਲ ਡੇਅਰੀ ਦੇ ਖੁੱਲਣ ਨਾਲ ਇਸਦਾ ਵਿਸਤਾਰ ਹੋਇਆ। ਹੁਣ, ਇੱਕ ਪੂਰੀ ਤਰ੍ਹਾਂ ਨਾਲ ਰੈਸਟੋਰੈਂਟ ਅਤੇ ਦਾਅਵਤ ਦੀ ਸਹੂਲਤ - ਵਿਸ਼ਾਲ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਵਿਸ਼ਾਲ ਨੂੰ ਡੇਅਰੀ ਉਤਪਾਦਾਂ, ਮਿਠਾਈਆਂ, ਬੇਕਰੀ ਉਤਪਾਦਾਂ ਅਤੇ ਹੋਰ ਬਹੁਤ ਕੁਝ ਲਈ ਇੱਕ ਸਟਾਪ ਸ਼ੌਪ, ਇੱਕ ਵਧੀਆ ਰੈਸਟੋਰੈਂਟ ਅਤੇ ਦਾਅਵਤ ਦੀਆਂ ਸਹੂਲਤਾਂ ਉਪਲਬਧ ਹਨ। ਉਨ੍ਹਾਂ ਕਿਹਾ, ਸਾਡਾ ਭੋਜਨ ਤਾਜ਼ੇ, ਉੱਚ-ਗੁਣਵੱਤਾ ਵਾਲੀਆਂ ਸਮੱਗਰੀਆਂ ਦੀ ਵਰਤੋਂ ਕਰਕੇ ਤਿਆਰ ਕੀਤਾ ਜਾਂਦਾ ਹੈ, ਜਿਸ ਵਿੱਚ ਅਸੀਂ ਆਪਣੀ ਰਸੋਈ ਵਿੱਚ ਸਾਫ਼-ਸੁਥਰੇ ਕਾਰਖਾਨੇ ਵਿੱਚ ਬਣੇ ਦੇਸੀ ਘਿਓ, ਮੱਖਣ ਅਤੇ ਤਾਜ਼ੀਆਂ ਸਬਜ਼ੀਆਂ ਦੀ ਵਰਤੋਂ ਕਰਦੇ ਹਾਂ ਹਰ ਪਕਵਾਨ ਸਾਡੇ ਸਖ਼ਤ ਗੁਣਵੱਤਾ ਮਾਪਦੰਡਾਂ ਨੂੰ ਪੂਰਾ ਕਰਦਾ ਹੈ।÷ ਉਸ ਨੇ ਕਿਹਾ ਕਿ ਵਿਸ਼ਾਲ ਦੇ ਪੀਣ ਵਾਲੇ ਪਦਾਰਥਾਂ ਵਿੱਚ ਘਰ ਵਿੱਚ ਬਣੀ ਆਈਸਡ ਚਾਹ, ਘਰੇਲੂ ਸਮੱਗਰੀ ਨਾਲ ਬਣੇ ਸ਼ੇਕ ਅਤੇ ਤਾਜ਼ੇ ਫਲਾਂ ਨਾਲ ਬਣੀ ਸਮੂਦੀ ਸ਼ਾਮਲ ਹਨ। ਚੁੱਘ ਨੇ ਕਿਹਾ, ÷ਸਾਡਾ ਰੈਸਟੋਰੈਂਟ ਇੱਕ ਸੁਹਜ-ਪ੍ਰਸੰਨਤਾ ਵਾਲਾ ਮਾਹੌਲ ਪ੍ਰਦਾਨ ਕਰਦਾ ਹੈ। ਅੰਦਰੂਨੀ ਹਿੱਸੇ ਨੂੰ ਆਰਾਮਦਾਇਕ ਫਰਨੀਚਰ ਅਤੇ ਆਕਰਸ਼ਕ ਕੰਧ ਲੈਂਪਾਂ ਨਾਲ ਸ਼ਾਨਦਾਰ ਢੰਗ ਨਾਲ ਡਿਜ਼ਾਇਨ ਕੀਤਾ ਗਿਆ ਹੈ। ਅਸੀਂ ਸਫਾਈ ਦੇ ਉੱਚੇ ਮਿਆਰਾਂ ਨੂੰ ਵੀ ਬਰਕਰਾਰ ਰੱਖਦੇ ਹਾਂ, ਜਿਸ ਵਿੱਚ ਸਾਡੇ ਸਾਫ਼ ਅਤੇ ਚੰਗੀ ਤਰ੍ਹਾਂ ਰੱਖ-ਰਖਾਅ ਵਾਲੇ ਬਾਥਰੂਮ ਵੀ ਸ਼ਾਮਲ ਹਨ,÷ ਚੁੱਘ ਨੇ ਕਿਹਾ।

ਵਿਸ਼ਾਲ ਦੇ ਦਸਤਖਤ ਪਕਵਾਨਾਂ ਬਾਰੇ ਗੱਲ ਕਰਦੇ ਹੋਏ, ਚੁੱਘ ਨੇ ਕਿਹਾ, ਸਾਡੀਆਂ ਕੁਝ ਸਿਗਨੇਚਰ ਪਕਵਾਨਾਂ ਵਿੱਚ ਵੈਜ ਥਾਲੀ, ਵੇਜ ਕੰਬੋ, ਵਿਸ਼ਾਲ ਆਈਸ ਕਰੀਮ ਅਤੇ ਬੇਕਰੀ ਆਈਟਮਾਂ, ਵਿਸ਼ਾਲ ਕਾਜੂ ਕਟਲੀ, ਵਿਸ਼ਾਲ ਚਨਾ ਕੁਲਚਾ, ਵਿਸ਼ਾਲ ਸਪੈਸ਼ਲ ਪੀਜ਼ਾ, ਤੰਦੂਰੀ ਥਾਲੀ ਅਤੇ ਪਨੀਰ ਲਬਦਾਰ ਸ਼ਾਮਲ ਹਨ। ÷ ਵਿਸ਼ਾਲ ਦੀ ਦਾਅਵਤ ਦੀ ਸਹੂਲਤ ਬਾਰੇ ਬੋਲਦਿਆਂ, ਉਸਨੇ ਕਿਹਾ, ਸਾਡੀ ਦਾਅਵਤ ਵਾਲੀ ਥਾਂ 90 ਮਹਿਮਾਨਾਂ ਨੂੰ ਰੱਖ ਸਕਦੀ ਹੈ, ਇਸ ਨੂੰ ਪਾਰਟੀਆਂ ਅਤੇ ਫੰਕਸ਼ਨਾਂ ਲਈ ਸੰਪੂਰਨ ਬਣਾਉਂਦੀ ਹੈ, ਇਹ ਸਹੂਲਤ ਸੁਰੱਖਿਆ ਲਈ ਸੀਸੀਟੀਵੀ ਕੈਮਰਿਆਂ ਨਾਲ ਲੈਸ ਹੈ, ਨਵੀਂ ਥਾਂ 'ਤੇ ਆਰਾਮਦਾਇਕ ਫਰਨੀਚਰ ਵਾਈ-ਫਾਈ ਦੀ ਸਹੂਲਤ ਵੀ ਉਪਲਬਧ ਹੈ। ਮਹਿਮਾਨਾਂ ਦਾ ਲਾਭ।÷ ਉਨ੍ਹਾਂ ਦੇ ਵਿਸਤਾਰ ਯੋਜਨਾਵਾਂ ਬਾਰੇ ਪੁੱਛੇ ਜਾਣ 'ਤੇ, ਚੁੱਘ ਨੇ ਕਿਹਾ, ÷ਸਾਡਾ ਧਿਆਨ ਹੋਰ ਵਿਸਥਾਰ 'ਤੇ ਵਿਚਾਰ ਕਰਨ ਤੋਂ ਪਹਿਲਾਂ ਸਾਡੇ ਮੌਜੂਦਾ ਸਥਾਨ 'ਤੇ ਭੋਜਨ ਦੀ ਗੁਣਵੱਤਾ ਅਤੇ ਸੇਵਾ ਦਾ ਇੱਕ ਮਿਆਰ ਨਿਰਧਾਰਤ ਕਰਨ 'ਤੇ ਹੈ। ਸਾਡਾ ਟੀਚਾ ਭੋਜਨ ਦੀ ਸੇਵਾ ਕਰਨਾ ਹੈ ਜੋ ਭਾਰਤੀ ਸੰਸਕ੍ਰਿਤੀ ਅਤੇ ਲੋਕਾਚਾਰ ਨੂੰ ਦਰਸਾਉਂਦਾ ਹੈ, ਇਹ ਯਕੀਨੀ ਬਣਾਉਣ ਲਈ ਕਿ ਹਰ ਭੋਜਨ ਇੱਕ ਯਾਦਗਾਰ ਅਨੁਭਵ ਹੁੰਦਾ ਹੈ।

# ਬਰਸਾਤੀ ਪਾਣੀ ਦੀ ਨਿਕਾਸੀ ਦੇ ਰੋਕ ਟੋਕ ਪ੍ਰਬੰਧ ਯਕੀਨੀ ਬਣਾਏ ਜਾਣ- ਰਾਜਪਾਲ ਸੇਖੋ



**ਸ੍ਰੀ ਅਨੰਦਪੁਰ ਸਾਹਿਬ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਹੇਠ ਅੱਜ ਹੜ੍ਹ ਰੋਕੂ ਪ੍ਰਬੰਧਾਂ ਦੀਆਂ ਅਗਾਓ ਤਿਆਰੀਆਂ ਦਾ ਜਮੀਨੀ ਪੱਧਰ ਤੇ ਨਿਰੀਖਣ ਕਰਨ ਅਤੇ ਆਮ ਲੋਕਾਂ ਦੇ ਜਾਨ ਮਾਲ ਤੇ ਪਸ਼ੂ ਧੰਨ ਦੀ ਰਾਖੀ ਲਈ ਹੜ੍ਹਾਂ ਤੋਂ ਰੋਕਥਾਮ ਵਾਸਤੇ ਕੀਤੇ ਅਗਾਓ ਪ੍ਰਬੰਧਾਂ ਦਾ ਜਾਇਜਾ ਰਾਜਪਾਲ ਸਿੰਘ ਸੇਖੋਂ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਲਿਆ, ਉਨ੍ਹਾਂ ਦੇ ਨਾਲ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਸ੍ਰੀ ਅਨੰਦਪੁਰ ਸਾਹਿਬ ਮੌਜੂਦ ਸਨ।ਰਾਜਪਾਲ ਸਿੰਘ ਸੇਖੋ ਉਪ ਮੰਡਲ ਮੈਜਿਸਟ੍ਰੇਟ ਨੇ ਅੱਜ ਲੋਦੀਪੁਰ ਫਾਟਕ, ਤੰਦੂਰੀ ਪੁਆਇੰਟ, ਟੀ ਪੁਆਇੰਟ ਵੇਰਕਾਂ ਚੌਂਕ ਵਿਖੇ ਪਹੁੰਚ ਕੇ ਬਰਸਾਤੀ ਪਾਣੀ ਦੀ ਨਿਕਾਸੀ ਵਾਲੀਆਂ ਥਾਵਾ ਦੀ ਸਫਾਈ ਦਾ ਜਾਇਜਾ ਲਿਆ, ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਬਰਸਾਤੀ ਪਾਣੀ ਵਿਚ ਰੁਕਾਵਟਾ ਦੀ ਜਲਭਰਾਓ ਦਾ ਕਾਰਨ ਬਣਦੀਆਂ ਹਨ, ਸ਼ਹਿਰਾ ਵਿਚ ਪਾਣੀ ਰੁੱਕ ਜਾਣ ਕਾਰਨ ਸੀਵਰੇਜ ਓਵਰਫਲੋਅ ਹੋ ਜਾਂਦੇ, ਗਲਿਆ, ਨਾਲੀਆਂ ਤੇ ਸੜਕਾਂ ਤੇ ਪਾਣੀ ਖੜ੍ਹ ਜਾਂਦਾ ਤੇ ਲੋਕਾਂ ਤੇ ਘਰ ਅੰਦਰ ਦਾਖਲ ਹੋ ਜਾਂਦਾ ਹੈ।

ਜਿਸ ਕਾਰਨ ਗੰਦਗੀ ਫੈਲਦੀ ਹੈ ਤੇ ਬਿਮਾਰੀਆਂ ਵੱਧਣ ਦਾ ਖਤਰਾ ਵੱਧ ਜਾਂਦਾ ਹੈ, ਜਦੋ ਕਿ ਜੇਕਰ ਪਾਣੀ ਦੀ ਨਿਕਾਸੀ ਨਿਰਵਿਘਨ ਰਹੇ ਤਾਂ ਬਰਸਾਤਾ ਦੌਰਾਨ ਸ਼ਹਿਰਾ ਵਿਚ ਸਵੱਛਤਾ ਬਰਕਰਾਰ ਰਹਿੰਦੀ ਹੈ। ਉਨ੍ਹਾਂ ਨੇ ਕਿਹਾ ਕਿ ਨਿਕਾਸੀ ਨਾਲਿਆਂ, ਸੜਕਾਂ ਦੇ ਆਲੇ ਦੁਆਲੇ ਦੀਆਂ ਥਾਵਾਂ ਦੀ ਮੁਕੰਮਲ ਸਫਾਈ ਹੋਵੇ, ਰੇਲ ਲਾਈਨਾ ਦੇ ਹੇਠਾਂ ਸੜਕਾਂ ਦੀਆਂ ਪੁਲੀਆਂ ਨੂੰ ਸਾਫ ਰੱਖਿਆ ਜਾਵੇ, ਨਿਰੰਤਰ ਦਵਾਈ ਦਾ ਛਿੜਕਾਓ ਕੀਤਾ ਜਾਵੇ, ਲੋਕਾਂ ਨੂੰ ਸਿੰਗਲ ਯੂਜ ਪਲਾਸਟਿਕ ਤੇ ਕੂੜਾਂ ਸੜਕਾਂ, ਗਲੀਆਂ ਵਿਚ ਨਾ ਸੁੱਟਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਦੀ ਸੁਚਾਰੂ ਵਿਵਸਥਾ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਸ਼ਹਿਰਾ ਤੇ ਪਿੰਡਾਂ ਵਿਚ ਨਿਰੰਤਰ ਅਧਿਕਾਰੀ ਬਰਸਾਤੀ ਪਾਣੀ ਦੀ ਨਿਕਾਸੀ ਦੇ ਪ੍ਰਬੰਧਾਂ ਦਾ ਜਾਇਜਾ ਲੈ ਰਹੇ ਹਨ, ਖੁੱਦ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਇਨ੍ਹਾਂ ਪ੍ਰਬੰਧਾਂ ਦਾ ਮੋਨੀਟਰਿੰਗ ਕਰ ਰਹੇ ਹਨ, ਸਤਲੁਜ ਦਰਿਆ ਦੇ ਬੰਨ ਮਜਬੂਤ ਕੀਤੇ ਹਨ।

# ਜ਼ੀਰਕਪੁਰ ਤੋ ਡੇਰਾਬੱਸੀ ਤਕ ਲਗਿਆ ਜਾਮ , ਲੋਕ ਹੋਏ ਪ੍ਰੇਸ਼ਾਨ



**ਡੇਰਾ ਬਸੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੇਰੇ ਪਏ ਮੀਂਹ ਕਰਕੇ ਚਾਰੇ ਪਾਸੇ ਪਾਣੀ ਪਾਣੀ ਹੋ ਗਿਆ ਸੀ, ਉੱਥੇ ਹੀ ਅੰਬਾਲਾ ਤੋ ਚੰਡੀਗੜ੍ਹ ਜਾਂਦੇ ਰਾਹ ਤੇ ਵੱਡਾ ਜਾਮ ਲਗ ਗਿਆ। ਜ਼ੀਰਕਪੁਰ ਤੋ ਸ਼ੁਰੂ ਹੋਇਆ ਜਾਮ ਡੇਰਾਬੱਸੀ ਤਕ ਪਹੁੰਚ ਗਿਆ ਸੀ। ਜਾਮ ਕਰਕੇ ਰੇਲਵੇ ਓਵਰ ਬ੍ਰਿਜ ਤੇ ਘੜਮਸ ਪਿਆ ਹੋਇਆ ਸੀ ਉੱਥੇ ਹੀ ਡੇਰਾਬੱਸੀ ਫਲਾਈ ਓਵਰ ਤੱਕ ਵਾਹਨਾਂ ਦੀ ਲਾਈਨਾਂ ਲੱਗ ਚੁੱਕੀ ਸਨ। ਫਲਾਈ ਓਵਰ ਤੇ ਲਗਿਆ ਜਾਮ ਵੇਖ ਅੰਬਾਲਾ ਤੋ ਜ਼ੀਰਕਪੁਰ ਜਾਣ ਵਾਲੇ ਵਾਹਨ ਚਾਲਕ ਜਾਮ ਤੋ ਬਚਣ ਲਈ ਆਦਰਸ਼ ਨਗਰ ਤੋ ਹੋ ਕੇ ਤਹਿਸੀਲ ਸੜਕ ਤੇ ਨਿਕਲਣ ਦੀ ਕੋਸਿਸ਼ ਕਰਦੇ ਨਜ਼ਰ ਆਏ।

ਅੱਗੇ ਰਾਹ ਬੰਦ ਹੋਣ ਕਰਕੇ ਵਾਹਨ ਚਾਲਕਾਂ ਨੂੰ ਹੋਰ ਪ੍ਰੇਸ਼ਾਨੀ ਦਾ ਸਹਾਮਣਾ ਕਰਨਾ ਪਿਆ। ਮੁੱਖ ਸੜਕ ਤੇ ਲਗੇ ਜਾਮ ਕਰਕੇ ਵਾਹਨ ਚਾਲਕ ਤਹਿਸੀਲ ਸੜਕ ਤੋ ਹੁੰਦੇ ਹੋਏ ਈਸਾਪੁਰ ਨੂੰ ਹੋ ਕੇ ਨਿਕਲਣ ਦੀ ਕੋਸ਼ਿਸ਼ ਕਰਨ ਲਗੇ। ਇਸਦੇ ਚਲਦੇ ਤਹਿਸੀਲ ਸੜਕ ਤੇ ਵੀ ਜਾਮ ਲਗ ਗਿਆ। ਜਾਮ ਕਰਕੇ ਐਂਬੂਲੈਂਸ ਨੂੰ ਵੀ ਚੰਡੀਗੜ੍ਹ ਜਾਣ ਦਾ ਰਾਹ ਨਹੀਂ ਮਿਲਿਆ।

ਖ਼ੇਤਰ ਦੇ ਲੋਕਾਂ ਨੇ ਰੋਸ਼ ਪ੍ਰਗਟ ਕਰਦੇ ਕਿਹਾ ਕਿ ਡੇਰਾਬੱਸੀ ਪ੍ਰਸਾਸ਼ਨ ਜਾਮ ਦੀ ਸਤਿਥੀ ਤੋ ਨਜਿੱਠਣ ਲਈ ਕੋਈ ਉਪਰਾਲਾ ਨਹੀਂ ਕਰ ਰਿਹਾ। ਮੁੱਖ ਸੜਕ ਹੋਣ ਕਰਕੇ ਚੰਡੀਗੜ੍ਹ 32 ਸੈਕਟਰ ਦੇ ਸਰਕਾਰੀ ਹਸਪਤਾਲ, ਪੀ ਜੀ ਆਈ ਸਮੇਤ ਹੋਰਨਾਂ ਨਿੱਜੀ ਹਸਪਤਾਲਾਂ ਨੂੰ ਐਂਬੂਲੈਂਸ ਰਾਹੀਂ ਲੈ ਜਾਣ ਦਾ ਇਕਲੌਤਾ ਰਾਹ ਹੈ। ਇਸ ਤੇ ਜਦੋਂ ਜਾਮ ਲਗਦਾ ਹੈ ਤਾਂ ਕੋਈ ਰਾਹ ਨਹੀਂ ਬਚਦਾ ਅਜਿਹੇ ਵਿੱਚ ਮਰੀਜ਼ ਦੀ ਜਾਨ ਵੀ ਜਾ ਸਕਦੀ ਹੈ।

ਇਹ ਸਤਿਥੀ ਕਈ ਵਾਰ ਪੈਦਾ ਹੋ ਚੁੱਕੀ ਹੈ ਲੇਕਿਨ ਇਸ ਸਮੱਸਿਆ ਦਾ ਹੱਲ ਨਹੀਂ ਕੱਢਿਆ ਜਾ ਸਕਿਆ। ਟੋਲ ਟੈਕਸ ਵਸੂਲਣ ਵਾਲੀ ਕੰਪਨੀ ਵੀ ਇਸ ਪਾਸੇ ਕੋਈ ਕਦਮ ਚੁੱਕਦੇ ਨਹੀਂ ਚੁੱਕ ਰਹੀ। ਖ਼ੇਤਰ ਦੇ ਵੱਡੀ ਲੋਕਾ ਨੇ ਪ੍ਰਸਾਸ਼ਨਿਕ ਅਧਿਕਾਰੀਆ ਨੂੰ ਇਸ ਗੱਲ ਪਾਸੇ ਧਿਆਨ ਦੇਣ ਦੀ ਮੰਗ ਕੀਤੀ ਹੈ।

# ਤਰਨ ਤਾਰਨ ਵਿਖੇ ਲਗਾਇਆ ਜਾ ਰਿਹਾ ਹੈ ਪਲੇਸਮੈਂਟ ਕੈਂਪ- ਵਧੀਕ ਡਿਪਟੀ ਕਮਿਸ਼ਨਰ

**ਤਰਨ ਤਾਰਨ ,6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਬੇਰੋਜਗਾਰ ਨੌਜਵਾਨ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਮਿਤੀ 06 ਜੁਲਾਈ ਨੂੰ ਜਿਲ੍ਹਾਂ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਰਨ ਤਾਰਨ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ । ਇਹ ਜਾਣਕਾਰੀ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ, ਤਰਨ ਤਾਰਨ ਸ੍ਰੀ ਵਰਿੰਦਰ ਪਾਲ ਬਾਜਵਾ, ਪੀ.ਸੀ.ਐਸ. ਜੀ ਵੱਲੋ ਸਾਂਝੀ ਕੀਤੀ ਗਈ ।



ਇਸ ਦੇ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਦੱਸਿਆ ਗਿਆ ਕਿ ਪਲੇਸਮੈਂਟ ਕੈਂਪ ਵਿੱਚ ਰਖਸ਼ਾ ਸਕਿਉਰਿਟੀ ਸਰਵਿਸਜ਼ ਲਿਮਟਿਡ (ਜੀ.ਐਮ.ਆਰ.ਗਰੁੱਪ) ਕੰਪਨੀ ਭਾਗ ਲੈ ਰਹੀ ਹੈ, ਪਲੇਸਮੈਂਟ ਲਈ ਰਖਸ਼ਾ ਸਕਿਉਰਿਟੀ ਕੰਪਨੀ ਨੂੰ ਸਕਿਉਰਟੀ ਗਾਰਡ ਲਈ ਫਰੈਸ਼ਰ ਅਤੇ ਸਾਬਕਾ ਫੌਜੀਆਂ ਉਮੀਦਵਾਰਾਂ ਦੀ ਜਰੂਰਤ ਹੈ, ਸਾਬਕਾ ਫੋਜੀਆਂ ਲਈ ਯੋਗਤਾ ਘੱਟੋ-ਘੱਟ ਦਸਵੀਂ ਪਾਸ (ਤਨਖਾਹ 25000/-ਰੁ: Includes ESI+EPF) ਉਮਰ ਹੱਦ ਵੱਧ ਤੋਂ ਵੱਧ 40 ਸਾਲ ਹੋਵੇ ਅਤੇ ਇਸ ਤੋਂ ਇਲਾਵਾ ਕੰਪਨੀ ਨੂੰ ਫਰੈਸ਼ਰ ਉਮੀਦਵਾਰਾਂ ਦੀ ਵੀ ਜਰੂਰਤ ਹੈ, ਘੱਟੋ-ਘੱਟ ਯੋਗਤਾ ਦਸਵੀਂ ਪਾਸ (ਤਨਖਾਹ 15000/- ਤੋਂ 20000/- ਰੁ: Includes ESI+EPF) ਇਨ੍ਹਾਂ ਅਸਾਮੀਆਂ ਲਈ ਲੜਕਿਆਂ ਦੀ ਲੰਬਾਈ 5 ਫੁੱਟ 6 ਇੰਚ ਅਤੇ ਲੜਕੀਆਂ ਦੀ ਲੰਬਾਈ 5 ਫੁੱਟ 2 ਇੰਚ, ਉਮਰ ਹੱਦ 18 ਤੋਂ 35 ਸਾਲ ਹੈ ਇਨ੍ਹਾਂ ਅਸਾਮੀਆਂ ਲਈ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ, ਮਿਤੀ 04-07-2024 ਨੂੰ ਸਵੇਰੇ 9 ਵਜੇ ਤੋਂ ਦੁਪਿਹਰ 2 ਵੱਜੇ ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਉਰੋ, ਕਮਰਾ ਨੰਬਰ 115, ਪਹਿਲੀ ਮੰਜਿਲ ਡੀ.ਸੀ. ਦਫਤਰ ਕੰਪਲੈਕਸ, ਸਰਹਾਲੀ ਰੋਡ (ਪਿੰਡ ਪਿੱਦੀ) ਤਰਨ ਤਾਰਨ, ਵਿਖੇ ਆਪਣੇ ਪੜਾਈ ਦੇ ਸਰਟੀਫਿਕੇਟ, ਆਧਾਰ ਕਾਰਡ, ਹੋਰ ਦਸਤਾਵੇਜ, ਅਸਲ ਅਤੇ ਫੋਟੋ ਸਟੇਟ ਲੈ ਕੇ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ। ਸ੍ਰੀ ਵਿਕਰਮ ਜੀਤ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ, ਵਿਕਾਸ ਅਤੇ ਸਿਖਲਾਈ ਅਫਸਰ, ਤਰਨ ਤਾਰਨ ਵੱਲੋਂ ਬੇਰੋਜ਼ਗਾਰ ਉਮੀਦਵਾਰਾਂ ਨੂੰ ਇਸ ਪਲੇਸਮੈਂਟ ਕੈਂਪ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਕਿਹਾ ਗਿਆ । ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਰਨ ਤਾਰਨ ਦੇ ਹੈਲਪ ਲਾਈਨ ਨੰਬਰ 7717397013 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਧਰਤੀ ਤੇ ਹਰਿਆਵਲ ਹੀ ਵਾਤਾਵਰਣ ਦੇ ਪੌਣ ਪਾਣੀ ਨੂੰ ਸੰਤੁਲਿਤ ਕਰਨ ਦਾ ਸਰਲ ਮਾਧਿਅਮ- ਅਮਨਦੀਪ ਕੌਰ

**ਸ੍ਰੀ ਅਨੰਦਪੁਰ ਸਾਹਿਬ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜੋਕੇ ਸਮੇਂ ਜਦੋ ਪੂਰਾ ਵਿਸ਼ਵ ਗਲੋਬਲ ਵਾਰਮਿੰਗ ਦੇ ਪ੍ਰਭਾਵ ਵਿਚ ਜਕੜਿਆ ਜਾ ਰਿਹਾ ਹੈ, ਉਸ ਤੋ ਬਚਾਅ ਦਾ ਸਭ ਤੋ ਸਰਲ ਮਾਧਿਅਮ ਹਰਿਆਵਲ ਨੂੰ ਵੱਧ ਤੋ ਵੱਧ ਧਰਤੀ ਤੇ ਲਿਆ ਕੇ ਵਾਤਾਵਰਣ ਤੇ ਪੌਣ ਪਾਣੀ ਦੀ ਰੱਖਿਆ ਨਾਲ ਹੀ ਸੰਭਵ ਹੈ। ਇਸ ਦੇ ਲਈ ਹਰ ਵਰਗ ਨੂੰ ਆਪਣਾ ਸਹਿਯੋਗ ਦੇਣਾ ਪਵੇਗਾ, ਅੱਜ ਅਸੀ ਇਸ ਦੀ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਤੋਂ ਸੁਰੂਆਤ ਕੀਤੀ ਹੈ ਤੇ ਅਵਾਮ ਨੂੰ ਅਪੀਲ ਹੈ ਕਿ ਉਹ ਇਸ ਲਈ ਆਪਣਾ ਸਹਿਯੋਗ ਦੇਵੇ।




ਇਹ ਪ੍ਰਗਟਾਵਾ ਮਾਨਯੋਗ ਸ੍ਰੀਮਤੀ ਅਮਨਦੀਪ ਕੌਰ ਸੀਨੀਅਰ ਡਵੀਜਨ ਜੁਡੀਸੀਅਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਕੋਰਟ ਕੰਪਲੈਕਸ ਵਿੱਚ ਪੌਦੇ ਲਗਾਉਣ ਦੀ ਮੁਹਿੰਮ ਦੀ ਸੁਰੂਆਤ ਕਰਨ ਮੌਕੇ ਕੀਤਾ। ਉਨ੍ਹਾ ਨੇ ਕਿਹਾ ਕਿ ਜਿਲ੍ਹਾਂ ਕਾਨੂੰਨੀ ਸੇਵਾਵਾ ਅਥਾਰਟੀ ਰੂਪਨਗਰ ਵੱਲੋਂ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਮੁਹਾਲੀ ਦੇ ਦਿਸ਼ਾ ਨਿਰਦੇਸ਼ਾ ਮੁਤਾਬਿਕ ਸਥਾਨਕ ਕੋਰਟ ਕੰਪਲੈਕਸ ਵਿਚ ਰੁੱਖ ਲਗਾਉਣ ਦੀ ਮੁਹਿੰਮ ਦੀ ਸੁਰੂਆਤ ਕੀਤੀ ਗਈ। ਇਸ ਮੁਹਿੰਮ ਤਹਿਤ ਅੱਜ ਕੋਰਟ ਕੰਪਲੈਕਸ ਵਿੱਚ ਫਲਦਾਂਰ, ਫੁੱਲਦਾਰ, ਛਾਦਾਰ ਪੌਦੇ ਲਗਾਏ ਗਏ ਅਤੇ ਨਾਨਕ ਬਗੀਚੀ ਸਥਾਪਿਤ ਕੀਤੀ ਗਈ। ਅੱਜ ਪੌਦੇ ਲਗਾਉਣ ਲਈ ਵਿਸੇਸ਼ ਤੌਰ ਤੇ ਸ੍ਰੀ ਗੁਰਪ੍ਰੀਤ ਸਿੰਘ ਜੇ.ਐਮ.ਆਈ.ਸੀ ਅਤੇ ਸ੍ਰੀਮਤੀ ਵਿਸ਼ਵਜੋਤੀ ਜੇ.ਐਮ.ਆਈ.ਸੀ, ਸ੍ਰੀ ਅਨੰਦਪੁਰ ਸਾਹਿਬ ਨੇ ਵੀ ਰੁੱਖ ਲਗਾ ਕੇ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਦਾ ਸੁਨੇਹਾ ਦਿੱਤਾ।

ਇਸ ਮੌਕੇ ਜੁਡੀਸੀਅਲ਼ ਅਧਿਕਾਰੀਆਂ ਨੇ ਆਪਣੇ ਵਿਚਾਰ ਸਾਝੇ ਕਰਦੇ ਹੋਏ ਕਿਹਾ ਕਿ ਕੇਵਲ ਪੌਦੇ ਲਗਾਉਣਾ ਹੀ ਸਾਡੀ ਜਿੰਮੇਵਾਰੀ ਨਹੀ ਹੈ, ਸਗੋ ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ ਵੀ ਸਾਡੀ ਜਿੰਮੇਵਾਰੀ ਹੈ। ਅੱਜ ਜਿਹੜੇ ਰੁੱਖਾਂ ਦੀ ਛਾਂ ਦਾ ਨਿੱਘ ਮਾਣ ਰਹੇ ਹਾਂ, ਉਹ ਸਾਡੇ ਪੁਰਖਿਆ ਦੇ ਲਗਾਏ ਹੋਏ ਹਨ। ਫਲਦਾਰ ਤੇ ਫੁੱਲਦਾਰ ਪੌਦੇ ਵਾਤਾਵਰਣ ਨੂੰ ਸੁੰਦਰ ਤੇ ਮਨਮੋਹਕ ਬਣਾਉਦੇ ਹਨ। ਅੱਜ ਕੁਦਰਤ ਦੀ ਇਸ ਅਨਮੋਲ ਦਾਤ ਨੂੰ ਸੰਭਾਲਣ ਦੀ ਜਰੂਰਤ ਹੈ, ਅਸੀ ਸਭ ਨੇ ਰਲ ਮਿਲ ਕੇ ਆਪਣਾ ਭਰਪੂਰ ਯੋਗਦਾਨ ਪਾਉਣਾ ਹੈ

# ਤੇਜ਼ ਰ.ਫਤਾਰ ਕਾਰ ਨੇ ਮੋਟਸਾਈਕਲ ਨੂੰ ਮਾਰੀ ਟੱਕਰ

**ਡੇਰਾ ਬਸੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਰਾਤ ਸਰਕਾਰੀ ਕਾਲਜ ਨੂੰ ਜਾਂਦੀ ਸੜਕ ਤੇ ਵਾਪਰੇ ਹਾਦਸੇ ਵਿੱਚ ਮੋਟਰ ਸਾਈਕਲ ਸਵਾਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਜਿਸ ਨੂੰ ਆਉਣ ਇਲਾਜ ਲਈ ਚੰਡੀਗੜ੍ਹ ਸੈਕਟਰ 32 ਦੇ ਹਸਪਤਾਲ ਰੈਫਰ ਕਰ ਦਿੱਤਾ ਗਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।



ਹਾਸਲ ਜਾਣਕਾਰੀ ਮੁਤਾਬਕ ਗਣੇਸ਼ ਪੁੱਤਰ ਸੰਭੂ ਵਾਸੀ ਗੁਲਾਬ ਗੜ੍ਹ ਆਪਣੇ ਮੋਟਰ ਸਾਈਕਲ ਤੇ ਸਵਾਰ ਹੋ ਸ਼ਕਤੀ ਨਗਰ ਨੇੜੇ ਤੋ ਨਿਕਲ ਰਿਹਾ ਸੀ। ਇਸ ਦੌਰਾਨ ਉਨ੍ਹਾਂ ਇਕ ਤੇਜ ਰਫਤਾਰ ਕਾਰ ਨੇ ਉਸਦੇ ਮੋਟਰ ਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਹਾਦਸੇ ਤੋ ਬਾਅਦ ਕਾਰ ਚਾਲਕ ਨੇ ਭੱਜਣ ਦੀ ਕੋਸ਼ਿਸ਼ ਕੀਤੀ ਲੇਕਿਨ ਰਾਹਗੀਰਾਂ ਨੇ ਉਸਨੂੰ ਕਾਬੂ ਕਰ ਪੁਲਿਸ ਹਵਾਲੇ ਕਰ ਦਿੱਤਾ। ਰਾਹਗੀਰਾਂ ਨੇ ਦੱਸਿਆ ਕਿ ਮੋਟਰ ਸਾਈਕਲ ਚਾਲਕ ਦੀ ਲੱਤਾ ਤੇ ਜਿਆਦਾ ਸੱਟਾ ਲਗੀ ਹਨ। ਕਾਰ ਚਾਲਕ ਨੇ ਐਨੀ ਜ਼ੋਰ ਨਾਲ ਟੱਕਰ ਮਾਰੀ ਸੀ ਕਿ ਕਾਰ ਦਾ ਇਕ ਟਾਇਰ ਵਾਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਈਆ ਗਿਆ ਸੀ। ਕਾਰ ਚਾਲਕ ਨੁਕਸਾਨੀ ਕਾਰ ਲੈਕੇ ਮੌਕੇ ਤੋ ਭੱਜਣ ਲਗਾ ਸੀ ਜਿਸਨੂੰ ਕਾਬੂ ਕਰ ਅੱਜ ਲਿਆ ਸੀ। ਜਾਂਚ ਕਰ ਰਹੇ ਹੌਲਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਜ਼ਖ਼ਮੀ ਦੇ ਬਿਆਨ ਦਰਜ ਕਰਨ ਚੰਡੀਗੜ੍ਹ ਦੇ ਹਸਪਤਾਲ ਗਏ ਸਨ।

# ਵਿਸ਼ਵ ਆਬਾਦੀ ਦਿਵਸ ਪੰਦਰਵਾੜੇ ਸੰਬਧੀ ਤਿਆਰੀਆਂ ਮੁਕੰਮਲ: ਸਿਵਲ ਸਰਜਨ ਡਾ ਭਾਰਤ ਭੂਸ਼ਣ

**ਤਰਨ ਤਾਰਨ ,6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਵਲੋਂ ਵਿਸ਼ਵ ਆਬਾਦੀ ਦਿਵਸ ਪੰਦਰਵਾੜੇ ਦੀਆ ਤਿਆਰੀਆ ਸੰਬਧੀ ਜਿਲ੍ਹਾ ਤਰਨਤਾਰਨ ਵਿਖੇ ਸਮੂਹ ਸੀਨੀਅਰ ਮੈਡਕਿਲ ਅਫਸਰਾ , ਬਲਾਕ ਐਜੁਕੇਟਰਾਂ ਅਤੇ ਐਲ.ਐਚ.ਵੀ. ਦੀ ਇਕ ਮੀਟਿੰਗ ਕੀਤੀ ਗਈ।

ਇਸ ਅਵਸਰ ਤੇ ਸਿਵਲ ਸਰਜਨ ਡਾ ਭਾਰਤ ਭੂਸ਼ਣ ਵਲੋਂ ਸਮੂਹ ਸਿਹਤ ਸੰਸਥਾਵਾਂ ਵਿਚ ਮਨਾਏ ਜਾਣ ਵਾਲੇ ਵਿਸ਼ਵ ਆਬਾਦੀ ਦਿਵਸ ਪੰਦਰਵਾੜੇ ਸੰਬਧੀ ਜਾਇਜਾ ਲਿਆ ਅਤੇ ਸਮੂਹ ਅਧਿਕਾਰੀਆਂ ਨੂੰ ਇਸ ਪੰਦਰਵਾੜੇ ਦੀ ਕਾਮਯਾਬੀ ਲਈ ਹਦਾਇਤਾਂ ਜਾਰੀ ਕੀਤੀਆ। ਉਹਨਾਂ ਕਿਹਾ ਕਿ ਇਸ ਸਮੇਂ ਦੌਰਾਣ ਵਧੱਦੀ ਆਬਾਦੀ ਨੂੰ ਕਾਬੂ ਪਾਉਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ ਅਤੇ ਆਮ ਲੋਕਾਂ ਨੂੰ ਪਰਿਵਾਰ ਨਿਯੋਜਨ ਦੇ ਸਾਧਨ ਜਿਵੇਂ ਨਸਬੰਦੀ ਨਲਬੰਦੀ, ਆਈ ਯੂ ਡੀ, ਪੀ.ਪੀ.ਆਈ.ਯੂ.ਡੀ, ਉਰਲ ਪਿਲਜ, ਨਿਰੋਧ, ਛਾਯਾ ਗੋਲੀਆਂ, ਈ.ਸੀ.ਪੀ, ਅਤੇ ਇੰਜੈਕਟੇਬਲ ਕਾਂਟਰਾਸੈਪਟਿਵ ਆਦਿ ਬਾਰੇ ਪ੍ਰੇਰਿਤ ਕੀਤਾ ਜਾਵੇ ਅਤੇ ਹਰੇਕ ਸਬ ਸੈਂਟਰ ਪੱਧਰ ਤੇ ਫੈਮਲੀ ਪਲੈਨਿੰਗ ਕਾਰਨਰ ਬਣਾਉਣੇ ਯਕੀਨੀ ਬਣਾਏ ਜਾਣ।

ਇਸ ਮੌਕੇ ਤੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਆਸ਼ੀਸ਼ ਗੁਪਤਾ ਨੇ ਕਿਹਾ ਇਸ ਪ੍ਰੋਗਰਾਮ ਤਹਿਤ ਤਿੰਨ ਫੇਜ ਬਣਾਏ ਗਏ ਹਨ ।

# ਐਨਸੀਸੀ ਦੇ 10 ਦਿਨਾਂ ਦੇ ਸਾਂਝੇ ਸਲਾਨਾ ਕੈਂਪ ਦਾ ਸਮਾਂ ਦਾ ਸਮਾਪਨ



**ਜਲੰਧਰ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

2 ਪੰਜਾਬ ਐਨ ਸੀ ਸੀ ਬਟਾਲੀਅਨ ਦੇ ਅਧੀਨ ਚਲਾਇਆ ਜਾ ਰਿਹਾ 10 ਦਿਨ ਦਾ ਦਿਨ ਰਾਤ ਦਾ ਸਲਾਨਾ ਸਾਂਝਾ ਸੈਨਿਕ ਸਿਖਲਾਈ ਕੈਂਪ ਖਤਮ ਹੋ ਗਿਆ ਹੈ। ਇਸ ਕੈਂਪ ਵਿੱਚ 600 ਕੈਡਿਟਸ ਨੂੰ ਟਰੇਨਿੰਗ ਦਿੱਤੀ ਗਈ ਹੈ। ਟਰੇਨਿੰਗ ਦੇ ਦੌਰਾਨ ਕੈਡਿਟਸ ਨੂੰ ਬੈਟਲ ਫੀਡ, ਫੀਲਡ ਕ੍ਰਾਫਟ, ਡਰਿਲ, ਹਥਿਆਰਾਂ ਨੂੰ ਖੋਲਣਾ ਅਤੇ ਜੋੜਨਾ, ਨਕਸ਼ਿਆਂ ਦਾ ਅਧਿਐਨ, ਲੀਡਰਸ਼ਿਪ ਅਤੇ ਐਨਸੀਸੀ ਦੇ ਫਾਇਦਿਆਂ ਸਬੰਧੀ ਜਾਣਕਾਰੀ ਦਿੱਤੀ ਗਈ। ਕੈਂਪ ਕਮਾਂਡਟ ਕਰਨਲ ਵਿਨੋਦ ਜੋਸ਼ੀ ਨੇ ਪ੍ਰੈਸ ਰਿਲੀਜ ਵਿੱਚ ਦੱਸਿਆ ਕਿ ਕੈਡਿਟਸ ਨੂੰ ਇਹਨਾਂ ਦਸ ਦਿਨਾਂ ਦੇ ਅੰਦਰ ਸੈਨਿਕ ਜੀਵਨ ਸਬੰਧੀ ਸਿਖਲਾਈ ਦਿੱਤੀ ਗਈ ਹੈ ਤਾਂ ਜੋ ਉਹ ਆਪਣੇ ਅੰਦਰ ਅਨੁਸ਼ਾਸ਼ਨ ਅਤੇ ਮਿਹਨਤ ਦੇ ਗੁਣ ਵਿਕਸਿਤ ਕਰ ਸਕਣ। ਉਹਨਾਂ ਦੱਸਿਆ ਕਿ ਕੈਡਟਾਂ ਦੀ ਬਹੁਮੱਖੀ ਪ੍ਰਤਿਭਾ ਨੂੰ ਨਿਖਾਰਨ ਦੇ ਲਈ ਮਹਿਲਾ ਸਸ਼ਕਤੀਕਰਨ ਅਤੇ ਸਿਹਤ ਸੰਭਾਲ, ਫਾਇਰ ਬ੍ਰਿਗੇਡ ਅਤੇ ਆਫਤ ਪ੍ਰਬੰਧਨ, ਪਾਸਕੋ ਐਕਟ, ਸੈਕਸ ਉਤਪੀੜਨ ਅਤੇ ਸਾਈਬਰ ਕ੍ਰਾਈਮ ਵਰਗੇ ਵਿਸ਼ਿਆਂ ਉੱਤੇ ਵਿਸ਼ੇਸ਼ ਲੈਕਚਰ ਕਰਵਾਏ ਗਏ। ਕਰਨਲ ਜੋਸ਼ੀ ਨੇ ਹੋਰ ਦੱਸਿਆ ਕਿ ਐਨਸੀਸੀ ਵਿਸ਼ਵ ਦੀ ਸਭ ਤੋਂ ਵੱਡੀ ਵਰਦੀਧਾਰੀ ਸੰਸਥਾ ਹੈ ਜਿਹੜੀ ਸਮਾਜ ਵਿੱਚ ਜਿੰਮੇਵਾਰ ਨਾਗਰਿਕਾਂ ਦਾ ਨਿਰਮਾਣ ਕਰਦੀ ਹੈ। ਇਸ ਵਿੱਚ ਧਰਮ ਅਤੇ ਜਾਤੀ ਦੇ ਸੰਬੰਧਾਂ ਤੋਂ ਉੱਪਰ ਉੱਠ ਕੇ ਧਰਮ ਨਿਰਪੱਖ ਅਤੇ ਰਾਸ਼ਟਰ ਨਿਰਮਾਣ ਸਬੰਧੀ ਸਿਖਲਾਈ ਦਿੱਤੀ ਜਾਂਦੀ ਹੈ। ਕੈਡਿਟਸ ਨੇ ਗਰਮੀ ਦੇ ਦਿਨਾਂ ਵਿੱਚ 14 ਘੰਟੇ ਹਰ ਰੋਜ਼ ਸੈਨਿਕ ਸਿਖਲਾਈ ਪ੍ਰਾਪਤ ਕੀਤੀ ਹੈ।

ਡੀਏਵੀ ਯੂਨੀਵਰਸਿਟੀ ਵਿੱਚ ਲੱਗਿਆ ਇਹ ਕੈਂਪ 2 ਪੰਜਾਬ ਐਨਸੀਸੀ ਬਟਾਲੀਅਨ ਵੱਲੋਂ ਲਗਾਇਆ ਗਿਆ ਜਿਸ ਵਿੱਚ ਪੰਜ ਸਹਾਇਕ ਐਨਸੀਸੀ ਅਫਸਰਾਂ ਤੋਂ ਇਲਾਵਾ 50 ਦੇ ਕਰੀਬ ਸੈਨਿਕ ਅਧਿਕਾਰੀ ਦਿਨ ਰਾਤ ਆਪਣੀ ਡਿਊਟੀ ਨਿਭਾਉਂਦੇ ਰਹੇ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਮਨੋਜ ਕੁਮਾਰ, ਸਹਾਇਕ ਐਨਸੀਸੀ ਅਫਸਰ ਡਾਕਟਰ ਅਹਿਮਦ ਹੁਸੈਨ ਅਤੇ ਬਾਕੀ ਅਧਿਕਾਰੀਆਂ ਦਾ ਇਸ ਕੈਂਪ ਨੂੰ ਸਫਲ ਬਣਾਉਣ ਵਿੱਚ ਵਿਸ਼ੇਸ਼ ਯੋਗਦਾਨ ਰਿਹਾ। ਸ਼੍ਰੀਮਤੀ ਦੀਪਾਲੀ ਤਿਵਾਰੀ ਨੇ ਪੌਸਕੋ ਐਕਟ ਅਤੇ ਸੈਕਸ ਉਤਪੀੜਨ ਸਬੰਧੀ ਕੈਡਿਟਸ ਨੂੰ ਵਿਸ਼ੇਸ਼ ਜਾਣਕਾਰੀ ਦਿੱਤੀ। ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਸੈਲ ਦੇ ਇੰਸਪੈਕਟਰ ਚਮਕੌਰ ਸਿੰਘ ਨੇ ਸੋਸ਼ਲ ਮੀਡੀਆ ਰਾਹੀਂ ਹੋਣ ਵਾਲੇ ਫਰਾਡ ਅਤੇ ਦੁਸ਼ਟ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਕੈਂਪ ਵਿੱਚ ਵੱਖ-ਵੱਖ ਸੰਸਥਾਵਾਂ ਦੇ ਨਿਗਰਾਨ ਅਫਸਰਾਂ ਨੂੰ ਛੇ ਦਿਨ ਦੀ ਟ੍ਰੇਨਿੰਗ ਵੀ ਦਿੱਤੀ ਗਈ। ਕੈਂਪ ਦਾ ਸਮਾਪਨ ਸੱਭਿਆਚਾਰਿਕ ਪ੍ਰੋਗਰਾਮ ਰਾਹੀਂ ਕੀਤਾ ਗਿਆ।

# ਡਾਕਟਰ ਪ੍ਰੇਮ ਪ੍ਰਕਾਸ਼ ਧਾਲੀਵਾਲ ਦੀ ਯਾਦ ਨੂੰ ਸਮਰਪਿਤ 22ਵਾਂ ਸਮਰ ਥੀਏਟਰ ਫੈਸਟੀਵਲ ਸਫਲਤਾ ਨਾਲ ਹੋਇਆ ਸੰਪੰਨ

**ਪਟਿਆਲਾ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਰਥ ਜ਼ੋਨ ਕਲਚਰ ਸੈਂਟਰ ਦੇ ਸਹਿਯੋਗ ਨਾਲ ਨਾਟਕ ਵਾਲਾ ਗਰੁੱਪ ਵੱਲੋਂ 22ਵਾਂ ਸਮਰ ਥੀਏਟਰ ਫੈਸਟੀਵਲ ਸਫਲਤਾ ਨਾਲ ਹੋ ਨਿਬੜਿਆ ਥਿਏਟਰ ਦੀਆਂ ਉੱਗੀਆਂ ਸ਼ਖਸੀਅਤਾਂ ਤੇ ਸ਼ਹਿਰ ਦੇ ਮੁਅਜ਼ਜ਼ ਰੰਗ ਮੰਚ ਪ੍ਰੇਮੀ, ਕਲਾ ਪ੍ਰੇਮੀ, ਸਾਹਿਤਕਾਰ, ਬੁੱਧੀਜੀਵੀ ਇਸ ਨਾਟਕ ਮੇਲੇ ਚ ਉਪਸਥਿਤ ਹੋਏ।



ਮੁੱਖ ਖੇਤੀਬਾੜੀ ਅਫ਼ਸਰ ਅੰਮ੍ਰਿਤਸਰ ਸ. ਤਜਿੰਦਰ ਸਿੰਘ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਸਬੰਧੀ ਪ੍ਰਦਰਸ਼ਨੀ ਦੇਖਦੇ ਹੋਏ

ਹਰ ਸਾਲ ਇਹ ਮੇਲਾ ਜੂਨ ਮਹੀਨੇ ਚ ਕਰਵਾਇਆ ਜਾਂਦਾ ਹੈ। ਇਸ ਵਾਰ ਜੂਨ 28 ਤੋਂ ਜੂਨ 30 ਤੱਕ ਹੋਏ ਇਸ ਮੇਲੇ ਚ ਪੰਜ ਨਾਟਕਾਂ ਦੀ ਪੇਸ਼ਕਾਰੀ ਹੋਈ ਪਹਿਲਾਂ ਦਿਨ ਬੱਚਿਆਂ ਦਾ ਦਿਨ ਹੋ ਨਿਬੜਿਆ ਇਸ ਦਿਨ ਨਾਟਕ ਮੇਲੇ ਦੀ ਸ਼ੁਰੂਆਤ ਬੱਚਿਆਂ ਦੇ ਗਿੱਧੇ ਭੰਗੜੇ ਤੇ ਦੋ ਨਾਟਕਾਂ ਨਾਲ ਕੀਤੀ ਗਈ। ਛੋਟੇ ਬੱਚਿਆਂ ਨੇ ਰੇਖਾ ਜੈਨ ਦੁਆਰਾ ਲਿਖਿਆ ਨਾਟਕ ?÷ਬੈਲੋਂ ਕੀ ਕਥਾ÷ ਤੇ ਵੱਡੇ ਬੱਚਿਆਂ ਨੇ ਸਰਦਾਰ ਗੁਰਸ਼ਰਨ ਸਿੰਘ ਦੁਆਰਾ ਲਿਖਿਆ ਨਾਟਕ ÷ਤਿੰਨ ਸਵਾਲ ÷ਪੇਸ਼ ਕੀਤਾ ਗਿਆ। ਪਹਿਲੇ ਦਿਨ ਡਾਕਟਰ ਸੁਰਰਾਜ ਸਿੰਘ ਮੁੱਖ ਮਹਿਮਾਨ ਦੇ ਤੌਰ ਤੇ ਨਾਰਥ ਜੋਨ ਕਲਚਰ ਸੈਂਟਰ ਦੇ ਸਤਿਕਾਰਤ ਅਫ਼ਸਰ ਸ੍ਰੀ ਜਗਜੀਤ ਸਿੰਘ ਭਾਟੀਆ , ਸ੍ਰੀ ਰਾਜੇਸ਼ ਬੱਸੀ, ਮੈਡਮ ਕਮਲੇਸ਼ ਸ਼ਰਮਾ ਤੇ ਧਾਲੀਵਾਲ ਪਰਿਵਾਰ ਪ੍ਰੋਫੈਸਰ ਵਰਿੰਦਰ ਘੁੰਮਨ ਸ੍ਰੀਮਤੀ ਮਾਨਵਤਾ ਘੁੰਮਣ ਤੇ ਉਹਨਾਂ ਦੀ ਬੇਟੀ ਗੁਰ ਨੰਦਨ ਘੁੰਮਣ ਤੇ ਇਸ ਤੋਂ ਇਲਾਵਾ ਸਰਦਾਰ ਸਰੂਪ ਇੰਦਰ ਸਿੰਘ ਜੀ ਸ੍ਰੀ ਪਵਨ ਗੋਇਲ ਜੀ ਰਮਨੀਕ ਘੁੰਮਣ ਤੇ ਸਰਦਾਰ ਹਰਵਿੰਦਰ ਪਾਲ ਸੇਠੀ ਜੀ ਵੀ ਉਪਸਥਿਤ ਸਨ।

ਡਾਕਟਰ ਸਵਰਾਜ ਸਿੰਘ ਨੇ ਇਸ ਮੇਲੇ ਨੂੰ ਗਿਆਨ, ਕਲਾ, ਸਾਹਿਤ ਦਾ ਸੰਗਮ ਦੱਸਿਆ ਛੋਟੇ ਛੋਟੇ ਬੱਚਿਆਂ ਦੁਆਰਾ ਪੇਸ਼ ਕੀਤੀਆਂ ਅਦਾਕਾਰੀਆਂ ਨੇ ਦਰਸ਼ਕਾਂ ਦੀਆਂ ਭਰਪੂਰ ਤੇ ਜ਼ੋਰਦਾਰ ਤਾੜੀਆਂ ਤੇ ਰਜਵਾਂ ਸੁਨੇਹ ਮਿਲਿਆ।

ਨਾਟਕ ਮੇਲੇ ਦੇ ਦੂਸਰੇ ਦਿਨ ਯੁਵਾ ਰੰਗ ਮੰਚ ਜਲੰਧਰ ਵੱਲੋਂ ਨਾਟਕ ਵਿਕਾਸ ਦਾ ਬੰਬ ਦੀ ਪ੍ਰਸਤੁਤੀ ਹੋਈ ਜੇ ਇਰਵਿਨ ਦੁਆਰਾ ਲਿਖੇ ਨਾਟਕ ਦਾ ਪੰਜਾਬੀ ਰੂਪਾਂਤਰਨ ਸਰਦਾਰ ਗੁਰਸ਼ਰਨ ਸਿੰਘ ਦੁਆਰਾ ਹੋਇਆ ਹੈ। ਤਿੰਨ ਪਾਤਰੀ ਇਸ ਨਾਟਕ ਚ ਯੁੱਧ ਤੇ ਮਾਨਵ ਦੁਆਰਾ ਨਿਰਮਿਤ ਭਿਅੰਕਰ ਭਿਅੰਕਰ ਹਥਿਆਰ, ਜੋ ਵਿਸ਼ਵ ਨੂੰ ਤੇ ਮਾਨਵ ਨੂੰ ਪੂਰੀ ਤਰ੍ਹਾਂ ਮਿਟਾ ਸਕਦੇ ਹਨ, ਇਹੋ ਜਿਹੇ ਵਿਗਿਆਨ ਤੇ ਵਿਕਾਸ ਦੀ ਨਿਖੇਦੀ ਕੀਤੀ ਗਈ। ਪਿਛਲੇ ਦੋ ਵਿਸ਼ਵ ਯੁੱਧਾਂ ਦੀ ਤਬਾਹੀ ਚੋਂ ਅਸੀਂ ਕੀ ਸਬਕ ਲਿਆ ਜੋ ਅੱਜ ਅਸੀਂ ਤੀਜੇ ਯੁੱਧ ਦੀ ਤਿਆਰੀ ਦਾ ਮਾਹੌਲ ਬਣਾ ਰਹੇ ਹਾਂ ?

ਇਸ ਨਾਟਕ ਦਾ ਨਿਰਦੇਸ਼ਨ ਕੀਤਾ ਡਾਕਟਰ ਅੰਕੁਰ ਸ਼ਰਮਾ ਨੇ ਇਸ ਦਿਨ ਵੀ ਪ੍ਰਧਾਨਗੀ ਮੰਡਲ ਚ ਡਾਕਟਰ ਸਵਰਾਜ ਸਿੰਘ ਸਰਦਾਰ ਹਰਵਿੰਦਰ ਪਾਲ ਸੇਠੀ ਜੀ ਮਾਨਵਤਾ ਘੁਮਨ ਜੀ ਪ੍ਰੋਫੈਸਰ ਵਰਿੰਦਰ ਘੁੰਮਨ ਗਿਆਨ ਗਖੜ ਜੀ ਡਾਕਟਰ ਸਵਰਾਜ ਸਿੰਘ ਨੇ ਨਾਟਕ ਦੀ ਪ੍ਰਸ਼ਨਸਾ ਕੀਤੀ ਤੇ ਕਿਹਾ ਵਿਸ਼ਵ ਸ਼ਾਂਤੀ ਲਈ ਪੂਰਵੀ ਸੋਚ ਹੀ ਸਰਵਸ਼ੇਸ਼ਟ ਸੋਚ ਹੈ।

ਨਾਟਕ ਮੇਲੇ ਦੇ ਤੀਜੇ ਤੇ ਅੰਤਿਮ ਦਿਨ ਦੋ ਨਾਟਕਾਂ ਦਾ ਮੰਚਨ ਹੋਇਆ ਪਹਿਲਾ ਸੁਰਿੰਦਰ ਬਾਠ ਦਾ ਲਿਖਿਆ ÷ਮਾਂ ਨਾ ਬੇਗਾਨੀ ਹੋ ÷ਜਿਸ ਵਿੱਚ ਮਾਂ ਬੋਲੀ ਦੀ ਵਿਸ਼ੇਸ਼ ਮਹੱਤਤਾ ਨੂੰ ਦਰਸਾਉਂਦੇ ਹੋਏ ਇਸ ਭੇਤ ਨੂੰ ਵੀ ਉਜਾਗਰ ਕੀਤਾ ਗਿਆ ਕਿ ਕਿਵੇਂ ਵਿਦੇਸ਼ੀਆਂ ਵੱਲੋਂ ਸਾਡੀ ਮਾਂ ਬੋਲੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਡੇ ਸੱਭਿਆਚਾਰ ਬੋਲੀ ਤੇ ਕਵਿਤਾ ਨੂੰ ਕਿਵੇਂ ਉਜੱਡਾ ਤੇ ਗਵਾਰਾਂ ਦੀ ਭਾਸ਼ਾ ਆਖਿਆ ਜਾ ਰਿਹਾ ਹੈ। ਤੇ ਵਿਦੇਸ਼ੀ ਭਾਸ਼ਾ ਨੂੰ ਪੜ੍ਹੇ ਲਿਖੇ ਤੇ ਸਭਿਅਕ ਲੋਕਾਂ ਦੀ ਭਾਸ਼ਾ ਬਣਾਇਆ ਜਾ ਰਿਹਾ ਹੈ ਮਾਂ ਬੋਲੀ ਦੇ ਇਸ ਨਾਟਕ ਨੂੰ ਵੇਖ ਕੇ ਲੋਕਾਂ ਨੇ ਖੜੇ ਹੋ ਕੇ ਤਾੜੀਆਂ ਵਜਾਈਆਂ ਦਰਸ਼ਕਾਂ ਨੇ ਇਸ ਗੱਲ ਤੇ ਮੋਹਰ ਲਗਾਈ ਕਿ ਉਹ ਆਪਣੀ ਭਾਸ਼ਾ ਨੂੰ ਕਿੰਨਾ ਪਿਆਰ ਕਰਦੇ ਨੇ।

ਡਾਕਟਰ ਸਵਰਾਜ ਨੇ ਟਿੱਪਣੀ ਕਰਦੇ ਕਿਹਾ ਕਿ ਇਹੋ ਜਿਹੇ ਨਾਟਕਾਂ ਦੀ ਅੱਜ ਲੋੜ ਹੈ। ਵਿਦੇਸ਼ੀ ਭਾਸ਼ਾ ਇੱਕ ਖਾਸ ਕਿਸਮ ਦੀ ਦਾਦਾਗਿਰੀ ਦਿਖਾਉਂਦਿਆਂ ਸੰਸਾਰ ਦੀਆਂ ਬਾਕੀ ਲੋਕ ਭਾਸ਼ਾਵਾਂ ਨੂੰ ਕੁਚਲਣਾ ਚਾਹੁੰਦੀ ਹੈ ਜੋ ਕਿ ਖਤਰਨਾਕ ਹੈ ਪ੍ਰਧਾਨਗੀ ਚ ਮੈਡਮ ਡੇਜੀ ਵਾਲਿਆਂ ਨੇ ਬੜੇ ਹੀ ਸੁੰਦਰ ਸ਼ਬਦਾਂ ਚ ਕਿਹਾ ਕਿ ਸਾਨੂੰ ਸਭ ਤੋਂ ਪਹਿਲਾਂ ਆਪਣੇ ਘਰ ਤੋਂ ਹੀ ਪੰਜਾਬੀ ਭਾਸ਼ਾ ਆਪਣੇ ਬੱਚਿਆਂ ਨੂੰ ਸਿਖਾਉਣੀ ਚਾਹੀਦੀ ਹੈ। ਇਸੇ ਦਿਨ ਇੱਕ ਹੋਰ ਨਾਟਕ ਵੀ ਪੇਸ਼ ਕੀਤਾ ਗਿਆ ਫਨੀਸ਼ਵਰ ਨਾਥ ਰੇਨੂ ਦੀ ਕਹਾਣੀ ਤੇ ਅਧਾਰਿਤ ਰਣਜੀਤ ਕਪੂਰ ਦੁਆਰਾ ਨਾਟ ਰੂਪਾਂਤਰਨ ਕੀਤਾ ਤੇ ਕਵਿਤਾ ਸ਼ਰਮਾ ਦੁਆਰਾ ਨਿਰਦੇਸ਼ਿਤ ਨਾਟਕ ਦਾ ਮੰਚਨ ਆਪਣੇ ਆਪ ਚ ਇੱਕ ਵਿਲੱਖਣ ਰੰਗ ਨਾਲ ਦਰਸ਼ਕਾਂ ਨੂੰ ਲਵਰੇਜ ਕਰ ਗਿਆ ਕਿਉਂਕਿ ਇਹ ਨਾਟਕ ਨੌਟੰਕੀ ਸ਼ੈਲੀ ਚ ਖੇਡਿਆ ਗਿਆ ਜਿਸ ਚ ਬਿਹਾਰੀ ਭਾਸ਼ਾ ਦਾ ਰੰਗ ,ਨੌਟੰਕੀ ਦਾ ਰੰਗ ਮੌਜੂਦ ਸੀ ਡਾਕਟਰ ਸਵਰਾਜ ਸਿੰਘ ਨੇ ਕਿਹਾ ਜੋ ਜੀਵਨ ਇਸ ਕਹਾਣੀ ਚ ਦਿਖਾਇਆ ਗਿਆ ਹੈ ਉਹ ਭਾਰਤ ਦੇ ਪਿੰਡਾਂ ਦੀ ਸਾਦਗੀ ਨੂੰ ਬਿਆਨ ਕਰਦਾ, ਉਹ ਮਾਸੂਮੀਅਤ ਜੋ ਸਭ ਤੋਂ ਖੂਬਸੂਰਤ ਹੈ ਦੋਨਾਂ ਨਾਟਕਾਂ ਦਾ ਰੌਸ਼ਨੀ ਪ੍ਰਬੰਧ ਹਰਸ਼ ਸੇਠੀ ਨੇ ਕੀਤਾ ਜੋ ਕਿ ਕਾਬਿਲੇ ਤਾਰੀਫ ਸੀ ਤੇ ਤਿੰਨੋ ਦਿਨ ਡਾਕਟਰ ਸਵਰਾਜ ਸਿੰਘ ਜੀ ਨੇ ਸਵਰਗੀਏ ਡਾਕਟਰ ਪ੍ਰੇਮ ਪ੍ਰਕਾਸ਼ ਦੀ ਮਹਾਨਤਾ ਨੂੰ ਬਿਆਨ ਕਰਦਿਆਂ ਹੱਡ ਬੀਤੀਆਂ ਗੱਲਾਂ ਦਰਸ਼ਕਾਂ ਨੂੰ ਦੱਸੀਆਂ ਕਿ ਉਹਨਾਂ ਚ (ਡਾਕਟਰ ਪ੍ਰੇਮ ਪ੍ਰਕਾਸ਼) ਜੀ ਦੇ ਅੰਦਰ ਵਿਦਵਤਾ ਦਾ ਕਿੱਡਾ ਵੱਡਾ ਖਜ਼ਾਨਾ ਮੌਜੂਦ ਸੀ, ਤੇ ਪੰਜਾਬੀ ਦੇ ਨਾਲ ਨਾਲ ਸੰਸਕ੍ਰਿਤ ਤੇ ਹਿੰਦੀ ਦਾ ਵੀ ਬਹੁਤ ਵੱਡਾ ਗਿਆਨ ਰੱਖਦੇ ਸਨ ਅੰਤ ਚ ਪ੍ਰੋਫੈਸਰ ਮਾਨਵਤਾ ਘੁੰਮਣ ਜੀ ਨੇ ਦਰਸ਼ਕਾਂ ਦਾ ਤੇ ਐਨ ਜੈਡ ਸੀਸੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਕਿ ਨਾਰਥ ਜੋਨ ਕਲਚਰ ਸੈਂਟਰ ਦਾ ਸ਼ਹਿਰ ਵਿੱਚ ਆਉਣਾ ਬਹੁਤ ਹੀ ਸ਼ੁਭ ਹੈ।

# ਹਰਿਆਣਾ ਦੇ ਮੁੱਖ ਮੰਤਰੀ ਨੇ ਸਰਪੰਚਾਂ ਲਈ ਕੀਤੇ ਅਨੇਕ ਐਲਾਨ: ਹੁਣ 21 ਲੱਖ ਤਕ ਦੇ ਵਿਕਾਸ ਕੰਮ ਬਿਨ੍ਹਾਂ ਟੈਂਡਰ ਕਰਵਾ ਸਕਣਗੇ ਸਰਪੰਚ

## ਸਰਪੰਚਾਂ ਨੂੰ ਵਿਭਾਗੀ ਕਾਰਜ ਕਰਨ ਲਈ 16 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਮਿਲੇਗਾ ਯਾਤਰਾ ਭੱਤਾ - ਨਾਇਬ ਸਿੰਘ

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਪੰਚਾਇਤ ਪ੍ਰਤੀਨਿਧੀਆਂ ਨੂੰ ਕਈ ਸੌਗਾਤਾਂ ਦਿੰਦੇ ਹੋਏ ਐਲਾਨ ਕੀਤਾ ਕਿ ਹੁਣ ਸਰਪੰਚ ਈ-ਟੈਂਡਰਿੰਗ ਦੇ ਬਗੈਰ 21 ਲੱਖ ਰੁਪਏ ਤਕ ਦੇ ਵਿਕਾਸ ਕੰਮ ਆਪਣੀ ਗ੍ਰਾਮ ਪੰਚਾਇਤਾਂ ਵਿਚ ਕਰਵਾ ਸਕਣਗੇ। ਇਸ ਤੋਂ ਪਹਿਲਾਂ ਇਹ ਲਿਮਿਟ 5 ਲੱ ਰੁਪਏ ਸੀ। ਇਸ ਦੇ ਨਾਲ ਹੀ ਸਰਪੰਚਾਂ ਨੂੰ ਟੀਏ/ਡੀਏ ਦੇਣ ਦਾ ਵੀ ਐਲਾਨ ਵੀ ਮੁੱਖ ਮੰਤਰੀ ਨੇ ਕੀਤਾ। ਹੁਣ ਸਰਪੰਚ ਪਿੰਡ ਪੰਚਾਇਤਾਂ ਦੇ ਕੰਮਾਂ ਲਈ ਆਪਣੀ ਗੱਡੀ ਜਾਂ ਟੈਕਸੀ ਨਾਲ ਯਾਤਰਾ ਕਰਨ 'ਤੇ 16 ਰੁਪਏ ਪ੍ਰਤੀ ਕਿਲੋਮੀਟਰ ਦੀ ਦਰ ਨਾਲ ਯਾਤਰਾ ਖਰਚ ਕਲੇਮ ਕਰ ਸਕਣਗੇ। ਇੰਨ੍ਹਾਂ ਹੀ ਨਹੀਂ, ਟੀਏ/ਡੀਏ ਕਲੇਮ ਕਰਨ ਦੇ ਬਿੱਲ ਦਾ ਅਨੁਮੋਦਨ ਵੀ ਬੀਡੀਪੀਓ ਦੇ ਪੱਧਰ 'ਤੇ ਹੀ ਜਾਵੇਗੀ।

ਮੁੱਖ ਮੰਤਰੀ ਨਾਇਬ ਸਿੰਘ ਅੱਜ ਕੁਰੂਕਸ਼ੇਤਰ ਵਿਚ ਪ੍ਰਬੰਧਿਤ ਰਾਜ ਪੱਧਰੀ ਪੰਚਾਇਤੀ ਰਾਜ ਅਤੇ ਸਰਪੰਚ ਸਮੇਲਨ ਵਿਚ ਪੂਰੇ ਸੂਬੇ ਤੋਂ ਆਏ ਪੰਚਾਇਤ ਪ੍ਰਤੀਨਿਧੀਆਂ ਨੂੰ ਸੰਬੋਧਿਤ ਕਰ ਰਹੇ ਸਨ।

ਪਿੰਡ ਪੰਚਾਇਤਾਂ ਦੇ ਸਾਹਮਣੇ ਮਿੱਟੀ ਦੇ ਭਰਤ ਨੂੰ ਲੈ ਕੇ ਆ ਰਹੀ ਸਮਸਿਆ 'ਤੇ ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਪਿੰਡ ਪੰਚਾਇਤ ਵੱਲੋਂ ਭਰਤ (ਮਿੱਟੀ ਦੀ ਲਾਗਤ) ਦਾ ਪ੍ਰਸਤਾਵ ਪਾਸ ਕਰ ਕੇ ਭੇਜਣ 'ਤੇ ਇਸ ਦਾ ਖਰਚ ਵੀ ਏਸਟੀਮੇਟ ਵਿਚ ਸ਼ਾਮਿਲ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਭਰਤ ਦੀ ਲਾਗਤ ਕਾਰਜ ਦੇ ਏਸਟੀਮੇਟ ਵਿਚ ਸ਼ਾਮਿਲ ਨਹੀਂ ਹੁੰਦੀ ਸੀ ਅਤੇ ਭਰਤ ਦਾ ਕੰਮ ਮਨਰੇਗਾ ਤੋਂ ਅਤੇ ਪਿੰਡ ਵੱਲੋਂ ਆਪਣੇ ਖਰਚ 'ਤੇ ਕਰਵਾਉਣਾ ਪੈਂਦਾ ਸੀ।

ਜੂਨੀਅਰ ਇੰਜੀਨੀਅਰ ਵੱਲੋਂ ਕਈ ਮਹੀਨਿਆਂ ਤਕ ਏਸਟੀਮੇਟ ਨਹੀਂ ਬਨਾਉਣ ਦੀ ਸਮਸਿਆ ਦਾ ਹੱਲ ਕਰਦੇ ਹੋਏ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸਰਪੰਚ ਵਰਗੀ ਹੀ ਕਿਸੇ ਵਿਕਾਸ ਕੰਮ ਦਾ ਪੰਚਾਇਤ ਵੱਲੋਂ ਪਾਸ ਕੀਤਾ ਗਿਆ ਪ੍ਰਸਤਾਵ ਐਚਈਡਬਲਿਊ ਪੋਰਟਲ 'ਤੇ ਪਾਵੇਗਾ, ਤਾਂ ਜੂਨੀਅਰ ਇੰਜੀਨੀਅਰ ਨੂੰ ਉਸ ਦੇ 10 ਦਿਨ ਦੇ ਅੰਦਰ ਏਸਟੀਮੇਟ ਵਜਾ ਕੇ ਅਪਲੋਡ ਕਰਨਾ ਹੋਵੇਗਾ। ਇਸ ਨਾਲ ਵਿਕਾਸ ਕੰਮਾਂ ਵਿਚ ਹੋਰ ਤੇਜੀ ਯਕੀਨੀ ਹੋ ਸਕੇਗੀ।

ਕੋਰਟ ਕੇਸਾਂ ਦੀ ਪੈਰਵੀ ਕਰਨ ਲਈ ਵਕੀਲਾਂ ਦੀ ਨਿਰਧਾਰਿਤ ਫੀਸ ਵਿਚ ਵਾਧਾ ਕਰਨ ਦਾ ਐਲਾਨ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਜਿਲ੍ਹਾ ਜਾਂ ਸਬ-ਡਿਵੀਜਨ ਪੱਧਰ 'ਤੇ ਕੋਰਟ ਕੇਸ ਦੇ ਲਈ ਵਕੀਲਾਂ ਦੀ ਫੀਸ 1100 ਰੁਪਏ ਤੋਂ ਵਧਾ ਕੇ 5500 ਰੁਪਏ ਅਤੇ ਹਾਈ ਕੋਰਟ ਤੇ ਸੁਪਰੀਮ ਕੋਰਟ ਵਿਚ ਪੈਰਵੀ ਤਹਿਤ ਫੀਸ 5500 ਰੁਪਏ ਤੋਂ ਵਧਾ ਕੇ 33,000 ਰੁਪਏ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਪਿੰਡ ਪੰਚਾਇਤ ਵੱਲੋਂ ਪਿੰਡ ਵਿਚ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ 'ਤੇ ਕੀਤੇ ਜਾਣ ਵਾਲੇ ਪ੍ਰਬੰਧ ਤੇ ਕਿਸੇ ਵਿਸ਼ੇਸ਼ ਅਧਿਕਾਰੀ ਜਾਂ ਮੰਤਰੀ ਦੇ ਪਿੰਡ ਵਿਚ ਆਗਮਨ 'ਤੇ ਕੀਤੇ ਜਾਣ ਵਾਲੇ ਪ੍ਰੋਗ੍ਰਾਮ ਲਈ ਪੰਚਾਇਤ ਫੰਡ ਤੋਂ ਖਰਚ ਦੀ ਸੀਮਾ ਨੂੰ 3000 ਰੁਪਏ ਤੋਂ ਵਧਾ ਕੇ 30,000 ਰੁਪਏ ਕਰਨ ਦਾ ਐਲਾਨ ਕੀਤਾ।

ਇਸ ਤਰ੍ਹਾ, ਕੌਮੀ ਝੰਡਾ ਖਰੀਦਣ ਜਾਂ ਕੌਮੀ ਪਰਵ 'ਤੇ ਮਿਠਾਈ ਵੰਡਣ, ਪੰਚਾਇਤ ਦੀ ਗਤੀਵਿਧੀਆਂ ਦੇ ਪ੍ਰਚਾਰ ਕਰਨ ਆਦਿ 'ਤੇ ਖਰਚ ਦੀ ਸੀਮਾ ਨੂੰ 500 ਰੁਪਏ ਤੋਂ ਵੱਧ ਕੇ 5000 ਰੁਪਏ ਕਰਨ ਦਾ ਵੀ ਐਲਾਨ ਕੀਤਾ। ਨਾਲ ਹੀ ਪਿੰਡ ਵਿਚ ਹੋਣ ਵਾਲੇ ਸਰਕਾਰੀ ਪ੍ਰੋਗ੍ਰਾਮਾਂ ਦੇ ਮੱਦੇਨਜਰ ਸਰਪੰਚ ਦੇ ਅਹੁਦੇ ਨੂੰ ਪ੍ਰੋਟੋਕਾਲ ਸੂਚੀ ਵਿਚ ਸ਼ਾਮਿਲ ਕਰਨ ਦਾ ਵੀ ਐਲਾਨ ਕੀਤਾ। ਹੁਣ ਸਰਪੰਚ ਦੇ ਬੈਠਣ ਦਾ ਸਥਾਨ ਡੀਸੀ ਤੇ ਐਸਪੀ ਦੇ ਨਾਲ ਹੋਵੇਗਾ।

ਗ੍ਰਾਮੀਣ ਖੇਤਰ ਤੇ ਨਗਰਪਾਲਿਕਾ ਵਿਚ ਤੈਨਾਤ ਸਫਾਈ ਕਰਮਚਾਰੀ ਦੇ ਮਹੀਨਾ ਮਾਣਪੱਤੇ ਵਿਚ ਕੀਤਾ ਇਜਾਫਾ

ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸ਼ਹਿਰੀ ਅਤੇ ਗ੍ਰਾਮੀਣ ਖੇਤਰ ਵਿਚ ਤੈਨਾਤ ਸਫਾਈ ਕਰਮਚਾਰੀਆਂ ਦੇ ਮਾਨਭੱਤੇ ਵਿਚ 1000 ਰੁਪਏ ਦਾ ਵਾਧਾ ਕਰਨ ਦਾ ਐਲਾਨ ਕੀਤਾ।

ਪਿੰਡ ਦੀ ਸਰਕਾਰ ਲੋਕਤੰਤਰ ਦੀ ਮਜਬੂਤ ਤਸਵੀਰ - ਮੁੱਖ ਮੰਤਰੀ

ਪਿੰਡ ਦੀ ਸਰਕਾਰ ਨੂੰ ਲੋਕਤੰਤਰ ਦੀ ਮਜਬੂਤ ਤਸਵੀਰ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2047 ਤਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਦਾ ਟੀਚਾ ਰੱਖਿਆ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਹਰੇਕ ਪਿੰਡ ਦਾ ਵਿਕਸਿਤ ਹੋਣਾ ਵੀ ਉਨ੍ਹਾਂ ਹੀ ਜਰੂਰੀ ਹੈ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਪਿੰਡ ਵਿਚ ਵਿਕਾਸ ਨੂੰ ਤੇਜੀ ਦੇਣ ਲਈ ਸੂਬਾ ਸਰਕਾਰ ਵੱਲੋਂ ਧਨ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਪਿਛਲੀ ਸਰਕਾਰਾਂ ਵੱਲੋਂ ਪਿੰਡ ਦੇ ਵਿਕਾਸ ਨੂੰ ਲੈ ਕੇ ਕੀਤੇ ਗਏ ਭੇਦਭਾਵ ਦਾ ਜਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਪਿੰਡ ਦੇ ਵਿਕਾਸ ਲਈ ਪੈਸਾ ਖਰਚ ਕਰਨ ਤੋਂ ਬੱਚਦੀ ਸੀ। ਜਿੱਥੇ ਸਾਲ 2014 ਤੋਂ ਪਹਿਲਾਂ ਪੰਚਾਇਤਾਂ ਲਈ ਰਾਜ ਵਿੱਤ ਆਯੋਗ ਦਾ ਗ੍ਰਾਂਟ 600 ਕਰੋੜ ਰੁਪਏ ਸੀ ਉੱਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਹਰਿਆਣਾ ਦੇ ਲਈ ਗ੍ਰਾਂਟ ਦੀ ਇਸ ਰਕਮ ਨੂੰ ਵਧਾ ਕੇ 2968 ਕਰੋੜ ਰੁਪਏ ਕੀਤਾ ਗਿਆ ਹੈ। ਇੰਨ੍ਹਾਂ ਹੀ ਨਹੀਂ ਵਿੱਤ ਸਾਲ 2024-25 ਦੇ ਬਜਟ ਵਿਚ ਗ੍ਰਾਮੀਣ ਵਿਕਾਸ ਲਈ 7276.77 ਕਰੋੜ ਅਲਾਟ ਕੀਤੇ ਗਏ ਹਨ ਜਦੋਂ ਕਿ ਪਹਿਲਾਂ ਦੀ ਸਰਕਾਰ ਵਿਚ 2013-14 ਦੌਰਾਨ ਇਹ ਰਕਮ 1898.48 ਕਰੋੜ ਰੁਪਏ ਸੀ।

ਪਿੰਡ ਪੰਚਾਇਤਾਂ ਵਿਚ 3000 ਕੰਪਿਊਟਰ ਆਪਰੇਟਰ ਨਿਯੁਕਤ

ਪੰਚਾਇਤੀ ਰਾਜ ਸੰਸਥਾਵਾਂ ਨੂੰ ਪ੍ਰਦਾਨ ਕੀਤੀ ਗਈ ਵੱਖ-ਵੱਖ ਸ਼ਕਤੀਆਂ ਦਾ ਵਰਨਣ ਕਰਦੇ ਹੋਏ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਮੌਜੂਦਾ ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜਬੂਤ ਕਰਨ ਦੇ ਲਈ ਲਗਾਤਾਰ ਕੰਮ ਕਰ ਰਹੀ ਹੈ। ਮਹਿਲਾਵਾਂ ਨੂੰ 50 ਫੀਸਦੀ ਪ੍ਰਤੀਨਿਧੀ ਦੇਣ ਤੋਂ ਇਲਾਵਾ ਸੂਬੇ ਦੇ ਪੜ੍ਹੀ-ਲਿਖੀ ਪੰਚਾਇਤਾਂ ਨੂੰ ਹੋਰ ਸਮਾਰਟ ਬਣਾਇਆ ਜਾ ਰਿਹਾ ਹੈ। ਮੌਜੂਦਾ ਸਰਕਾਰ ਵੱਲੋਂ ਪਿੰਡ ਪੰਚਾਇਤਾਂ ਵਿਚ 3000 ਕੰਪਿਊਟਰ ਆਪ੍ਰੇਟਰ ਨਿਯੁਕਤ ਕੀਤੇ ਗਏ ਹਨ। ਨਾਲ ਹੀ ਪਿੰਡ ਪੰਚਾਇਤਾਂ ਨੂੰ ਆਪਣੇ ਖੁਦ ਦੇ ਫੰਡ ਤੋਂ ਜੀਈਐਮ ਰਾਹੀਂ ਇਕ ਡੇਸਕਟਾਪ , ਪ੍ਰਿੰਟਰ ਅਤੇ ਯੂਪੀਐਸ ਖਰੀਦਣ ਦੀ ਮੰਜੂਰੀ ਪ੍ਰਦਾਨ ਕੀਤੀ ਹੈ ਤਾਂ ਜੋ ਪੰਚਾਇਤ ਆਈ ਟੀ ਸਮਰੱਥ ਅਤੇ ਆਧੁਨਿਕ ਹੋ ਕੇ ਕੇਂਦਰ ਅਤੇ ਸੂਬਾ ਪੱਧਰ ਦੇ ਪੋਰਟਲ ਸੰਚਾਲਿਤ ਕਰ ਸਕਣ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਵਿਕਾਸ ਕੰਮਾਂ ਨੂੰ ਤੇਜੀ ਦੇਣ ਲਈ ਫੈਸਲਾ ਕੀਤਾ ਹੈ ਕਿ ਅਣਰਜਿਸਟਰਡ ਠੇਕੇਦਾਰ ਹੁਣ ਇਕ ਸਾਲ ਵਿਚ 50 ਲੱਖ ਰੁਪਏ ਤਕ ਦੇ ਕੰਮ ਲੈ ਪਾਉਣਗੇ। ਇਹ ਕੰਮ ਸਮੇਂ 'ਤੇ ਕਰਵਾਉਣ 'ਤੇ ਇਹ ਠੇਕੇਦਾਰ ਅਗਲੇ ਸਾਲ 1 ਕਰੋੜ ਰੁਪਏ ਦੇ ਕੰਮ ਲੈਣ ਯੋਗ ਹੋਣਗੇ।

ਇਸ ਮੌਕੇ 'ਤੇ ਮਹੀਪਾਲ ਢਾਂਡਾ ਅਤੇ ਸੁਭਾਸ਼ ਸੁਧਾ ਨੇ ਵੀ ਸੰਬੋਧਿਤ ਕੀਤਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਅਤੇ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਕਮਿਸ਼ਨਰ ਐਂਡ ਸੈਕ੍ਰੇਟਰੀ ਡਾ. ਅਮਿਤ ਅਗਰਵਾਲ ਨੇ ਮੁੱਖ ਮੰਤਰੀ ਵੱਲੋਂ ਸਾਰੀ ਪੰਚਾਇਤ ਪ੍ਰਤੀਨਿਧੀਆਂ ਦਾ ਸਵਾਗਤ ਕਰਦੇ ਹੋਏ ਵਿਭਾਗ ਵੱਲੋਂ ਕੀਤੀ ਜਾ ਰਹੀ ਵੱਖ-ਵੱਖ ਵਿਕਾਸਾਤਮਕ ਯੋਜਨਾਵਾ 'ਤੇ ਚਾਨਣ ਪਾਇਆ।

## ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਮੰਤਰੀ ਸਹਾਇਤਾ ਅਤੇ ਸਵਾਗਤ ਕੇਂਦਰ ਸਥਾਪਿਤ




**ਫਰੀਦਕੋਟ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਹੁਕਮਾਂ ਤੇ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਫਰੀਦਕੋਟ ਵਿਖੇ ਹਰ ਵਿਭਾਗ ਨਾਲ ਸਬੰਧਤ ਕੰਮ ਲੈ ਕੇ ਆਉਣ ਵਾਲੇ ਪ੍ਰਾਰਥੀਆਂ ਦੀ ਤੁਰੰਤ ਸਹਾਇਤਾ ਲਈ ਮੁੱਖ ਮੰਤਰੀ ਸਹਾਇਤਾ ਅਤੇ ਸਵਾਗਤ ਕੇਂਦਰ ਖੋਲ੍ਹ ਦਿੱਤਾ ਗਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਇਹ ਸਹਾਇਤਾ ਕੇਂਦਰ ਕੰਪਲੈਕਸ ਦੀ ਪਹਿਲੀ ਮੰਜ਼ਿਲ ਤੇ ਖੋਲ੍ਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਕਿਸੇ ਵੀ ਪ੍ਰਾਰਥੀ ਨੂੰ ਕਿਸੇ ਮਹਿਕਮੇ, ਕੰਮ, ਸ਼ਿਕਾਇਤ ਅਤੇ ਸ਼ਿਕਾਇਤ ਤੇ ਕੀਤੀ ਜਾ ਰਹੀ ਕਾਰਵਾਈ ਸਬੰਧੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਸ ਉਪਰਾਲੇ ਦਾ ਮੁੱਖ ਮੰਤਵ ਲੋਕਾਂ ਦੀ ਇਸ ਕੰਪਲੈਕਸ ਵਿਖੇ ਸਥਾਪਿਤ ਸਾਰੇ ਦਫਤਰਾਂ ਵਿੱਚ ਹਰ ਕਿਸਮ ਦੀ ਖੱਜਲ ਖੁਆਰੀ ਤੋਂ ਨਿਜ਼ਾਤ ਦਿਵਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਅਕਸਰ ਦੇਖਿਆ ਗਿਆ ਹੈ ਕਿ ਦਫਤਰਾਂ ਵਿੱਚ ਦੂਰ ਦੁਰਾਡੇ ਇਲਾਕਿਆਂ ਅਤੇ ਖਾਸਕਰ ਪਿੰਡਾਂ ਚੋਂ ਆਉਣ ਵਾਲੇ ਲੋਕ ਪ੍ਰਸ਼ਾਸਨਿਕ ਕੰਮਾਂ ਅਤੇ ਦਫਤਰਾਂ ਦੇ ਪਤੇ ਸਬੰਧੀ ਅਣਜਾਣ ਹੁੰਦੇ ਹਨ। ਇਸ ਵਜ੍ਹਾਂ ਕਰਕੇ ਪ੍ਰਾਥੀਆਂ ਦਾ ਜਿਆਦਾਤਰ ਸਮਾਂ ਬਿਨਾਂ ਕਿਸੇ ਉਸਾਰੂ ਕੰਮ ਦੇ ਜਾਇਆ ਹੋ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੀ ਇਸ ਸਮੱਸਿਆ ਨੂੰ ਤੁਰੰਤ ਪ੍ਰਭਾਵ ਨਾਲ ਦੂਰ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਤਹਿਤ ਬੁੱਧਵਾਰ ਤੋਂ ਰੋਜ਼ ਸਵੇਰੇ 9 ਤੋਂ 5 ਵਜੇ ਤੱਕ ਸਰਕਾਰੀ ਮੁਲਾਜ਼ਮ ਇਸ ਸਰਕਾਰੀ ਕੇਂਦਰ ਵਿਖੇ ਮੌਜੂਦ ਰਹਿਣਗੇ। ਇਹ ਮੁਲਾਜ਼ਮ ਇਸ ਗੱਲ ਨੂੰ ਸੁਨਿਸ਼ਚਿਤ ਕਰਨਗੇ ਕਿ ਹਰ ਕਿਸਮ ਦੀ ਦਰਖਾਸਤ ਲੈ ਕੇ ਆਉਣ ਵਾਲੇ ਲੋਕਾਂ ਦੀ ਬਿਨਾਂ ਖੱਜਲ ਖੁਆਰੀ ਦੇ ਕੰਮ ਨੇਪਰੇ ਚੜ੍ਹ ਸਕੇ।

ਇਸ ਉਪਰਾਲੇ ਦੀ ਪੂਰਤੀ ਲਈ ਸੀਨੀਅਰ ਸਹਾਇਕ ਹਰੀਸ਼ ਚੰਦਰ (95019-01180), ਜਗਦੀਪ ਸਿੰਘ ਸੀਨੀਅਰ ਸਹਾਇਕ (96460-13400)ਅਤੇ ਸ੍ਰੀਮਤੀ ਕਮਲਜੀਤ ਕੌਰ ਸਟੈਨੋ ( 94171-07815) ਨੂੰ ਇਸ ਸੁਵਿਧਾ ਕੇਂਦਰ ਵਿਖੇ ਤਾਇਨਾਤ ਕੀਤਾ ਗਿਆ ਹੈ।

## ਸਿਵਲ ਸਰਜਨ ਫਾਜ਼ਿਲਕਾ ਵੱਲੋਂ ਦਸਤ ਰੋਕੂ ਮੁਹਿੰਮ ਦੀ ਸਿਵਲ ਹਸਪਤਾਲ ਤੋਂ ਸ਼ੁਰੂਆਤ



**ਫ਼ਾਜ਼ਿਲਕਾ , 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸਨਰ ਡਾ. ਸੇਨੂੰ ਦੁੱਗਲ ਆਈ ਏ ਐਸ ਦੇ ਦਿਸਾ ਨਿਰਦੇਸਾਂ ਤਹਿਤ ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਾਜ਼ਿਲਕਾ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਫ਼ਾਜ਼ਿਲਕਾ ਵਿਖੇ ਓ ਆਰ ਐਸ ਜਿੰਕ ਕਾਰਨਰ ਤੋਂ ਦਸਤ ਰੋਕੂ ਮੁਹਿੰਮ ਦੀ ਸੁਰੂਆਤ ਕੀਤੀ ਗਈ।

ਇਸ ਸਮੇਂ ਸਿਵਲ ਸਰਜਨ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ ਹੈ ਅਤੇ ਦਸਤ ਰੋਗ ਨਾਲ ਹੋਣ ਵਾਲੀਆਂ ਮੌਤਾ ਦੀ ਗਿਣਤੀ ਨੂੰ ਜੀਰੋ ਤੇ ਲਿਆਉਣਾ ਹੈ। ਦਸਤਾਂ ਦੀ ਰੋਕਥਾਮ ਲਈ ਸਿਹਤ ਵਿਭਾਗ ਵਲੋਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ।

ਡਾ. ਏਰਿਕ ਜਿਲਾ ਟੀਕਾਕਰਨ ਅਫਸਰ/ਨੋਡਲ ਅਫਸਰ ਨੇ ਦੱਸਿਆ ਕਿ ਇਹ ਮੁਹਿੰਮ 1 ਜੁਲਾਈ ਤੋਂ 31 ਅਗਸਤ ਤੱਕ ਚਲਾਈ ਜਾਵੇਗੀ।ਮੁਹਿੰਮ ਦੌਰਾਨ 5 ਸਾਲ ਤੋਂ ਛੋਟੇ ਕਰੀਬ 46000 ਬੱਚਿਆਂ ਨੂੰ ਓ ਆਰ ਐਸ ਪੈਕਟ ਆਸ਼ਾ ਅਤੇ ਆਂਗਨਵਾੜੀ ਵਰਕਰਾਂ ਵਲੋਂ ਮੁਫਤ ਵੰਡੇ ਜਾਣਗੇ ਅਤੇ ਸਾਰੇ ਸਿਹਤ ਕੇਂਦਰਾਂ ਚ ਓ ਆਰ ਐਸ ਜਿੰਕ ਕਾਰਨਰ ਬਣਾਏ ਗਏ ਹਨ ਜਿਥੇ ਦਸਤ ਹੋਣ ਦੀ ਹਾਲਤ ਵਿਚ ਓ ਆਰ ਐਸ ਅਤੇ ਜਿੰਕ ਦੀਆਂ ਗੋਲੀਆਂ ਮੁਫਤ ਦਿੱਤੀਆਂ ਜਾਣਗੀਆਂ।

ਸੀਨੀਅਰ ਮੈਡੀਕਲ ਅਫਸਰ ਡਾਕਟਰ ਨੀਰਜਾ ਗੁਪਤਾ ਅਤੇ ਡਾ ਰੋਹਿਤ ਗੋਇਲ ਨੇ ਦੱਸਿਆ ਕਿ ਦਸਤਾਂ ਦੌਰਾਨ ਓ ਆਰ ਐਸ ਅਤੇ ਜਿੰਕ ਬਹੁਤ ਜਰੂਰੀ ਹੈ। ਦਸਤ ਲੱਗ ਜਾਣ ਕਾਰਨ ਸਿਵਲ ਹਸਪਤਾਲ ਫਾਜ਼ਿਲਕਾ, ਅਬੋਹਰ ਅਤੇ ਜਲਾਲਾਬਾਦ ਦੇ ਨਾਲ ਸੀ ਐਚ ਸੀ ਵਿਖੇ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਾਉਣਾ ਚਾਹੀਦਾ ਹੈ ਅਤੇ ਪੁਰਾਣੇ ਸਿਵਲ ਹਸਪਤਾਲ ਵਿਖੇ ਕਾਰਨਰ ਤੋਂ ਓ ਆਰ ਐਸ ਅਤੇ ਜਿੰਕ ਦੀ ਵਰਤੋਂ ਕਰਕੇ ਬਹੁਤ ਸਾਰੇ ਬੱਚਿਆਂ ਦੀ ਜਾਨ ਬਚਾਈ ਜਾ ਸਕਦੀ ਹੈ।

ਵਿਨੋਦ ਕੁਮਾਰ ਅਤੇ ਦਿਵੇਸ਼ ਕੁਮਾਰ ਜਿਲਾ ਮਾਸ ਮੀਡੀਆ ਅਫਸਰ ਅਤੇ ਹਰਮੀਤ ਸਿੰਘ ਨੇ ਦੱਸਿਆ ਕਿ ਦਸਤ ਲੱਗ ਜਾਣ ਤੇ ਜਲਦੀ ਇਲਾਜ ਕਰਾਉਣਾ ਚਾਹੀਦਾ ਹੈ ਕਿਉਂਕਿ ਇਲਾਜ ਚ ਦੇਰੀ ਕਈ ਵਾਰ ਖਤਰੇ ਦਾ ਕਾਰਨ ਬਣ ਸਕਦੀ ਹੈ। ਇਸ ਲਈ ਸਿਹਤ ਕਰਮਚਾਰੀਆਂ ਅਤੇ ਆਸਾ ਵੱਲੋਂ ਲੋਕਾਂ ਨੂੰ ਦਸਤਾਂ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਦੌਰਾਨ ਸਿਹਤ ਕਰਮਚਾਰੀ ਸੰਜੇ ਕੁਮਾਰ, ਭਾਰਤ ਸੇਠੀ, ਏ ਐਨ ਐਮ ਦਿਨੇਸ਼ ਰਾਣੀ, ਸਿਹਤ ਵਿਭਾਗ ਦੇ ਕਰਮਚਾਰੀ ਅਤੇ ਆਸਾ ਹਾਜਰ ਸਨ।

## ਸੀਵਰੇਜ 'ਚ ਨਾ ਸੁੱਟੇ ਜਾਣ ਕੱਪੜੇ ਤੇ ਲਿਫਾ਼ਫੇ : ਮੇਅਰ

**ਫ਼ਾਜ਼ਿਲਕਾ , 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਅਰ ਨਗਰ ਨਿਗਮ ਹੁਸ਼ਿਆਰਪੁਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਸ਼ਹਿਰ ਅਧੀਨ ਆਉਂਦੇ ਵੱਖ-ਵੱਖ ਇਲਾਕਿਆਂ ਵਿਚ ਸਮੇਂ-ਸਮੇਂ 'ਤੇ ਸੀਵਰੇਜ ਬੰਦ ਹੋਣ ਅਤੇ ਓਵਰਫਲੋਅ ਹੋਣ ਸਬੰਧੀ ਸ਼ਿਕਾਇਤਾਂ ਨਗਰ ਨਿਗਮ ਨੂੰ ਪ੍ਰਾਪਤ ਹੋ ਰਹੀਆਂ ਹਨ, ਜਿਸ ਨੂੰ ਸਮੇਂ-ਸਮੇਂ 'ਤੇ ਠੀਕ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ ਲੋਕ ਹਿਤ ਵਿਚ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੰਦ ਹੋਏ ਸੀਵਰੇਜ ਨੂੰ ਤੁਰੰਤ ਖੁੱਲ੍ਹਵਾ ਕੇ ਪਾਣੀ ਦਾ ਨਿਰੰਤਰ ਵਹਾਅ ਬਹਾਲ ਕਰਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀ ਕੀਰਤੀ ਨਗਰ ਦਾ ਸੀਵਰੇਜ ਬੰਦ ਹੋ ਗਿਆ ਸੀ ਅਤੇ ਕਈ ਦਿਨਾਂ ਤੱਕ ਕਾਫੀ



ਮੁਸ਼ੱਕਤ ਤੋਂ ਬਾਅਦ ਨਗਰ ਨਿਗਮ ਦੀਆਂ ਟੀਮਾਂ ਵੱਲੋਂ ਜੋ ਵੀ ਮਸ਼ੀਨਰੀ ਦਫ਼ਤਰ ਦੇ ਕੋਲ ਉਪਲਬੱਧ ਸੀ, ਉਸ ਨਾਲ ਸੀਵਰੇਜ ਖੋਲ੍ਹਣ ਦੀ ਕੋਸ਼ਿਸ਼ ਕੀਤੀ ਗਈ, ਅੰਤ ਵਿਚ ਸੁਪਰ ਸੰਕਸ਼ਨ ਮਸ਼ੀਨ ਨਗਰ ਨਿਗਮ ਜਲੰਧਰ ਤੋਂ ਮੰਗਵਾ ਕੇ ਇਹ ਸੀਵਰੇਜ ਖੋਲ੍ਹਿਆ ਗਿਆ।

ਮੇਅਰ ਨੇ ਕਿਹਾ ਕਿ ਬਹੁਤ ਹੀ ਅਫ਼ਸੋਸ ਦੀ ਗੱਲ ਹੈ ਕਿ ਸੀਵਰੇਜ 'ਚੋਂ ਕਾਫੀ ਮਾਤਰਾ ਵਿਚ ਰਜਾਈਆਂ, ਗੱਦੇ, ਸਿਰਹਾਣੇ ਅਤੇ ਪਲਾਸਟਿਕ ਦੇ ਲਿਫਾ਼ਫ਼ੇ ਆਦਿ ਨਿਕਲੇ ਹਨ, ਜੋ ਕਿ ਬਹੁਤ ਹੀ ਗੰਭੀਰ ਮਾਮਲਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਅਤੇ ਮੁਹੱਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੀਵਰੇਜ ਬਲਾਕੇਜ ਦੀ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਸੀਵਰੇਜ ਵਿਚ ਕਿਸੇ ਵੀ ਕਿਸਮ ਦੇ ਕੱਪੜੇ ਜਾਂ ਠੋਸ ਵਸਤੂਆਂ ਨਾ ਸੁਟੀਆਂ ਜਾਣ ਅਤੇ ਪਲਾਸਟਿਕ ਦੇ ਲਿਫਾਫ਼ਿਆਂ ਨੂੰ ਸੀਵਰੇਜ ਵਿਚ ਸੁੱਟਣਾ ਪੂਰਨ ਤੌਰ 'ਤੇ ਬੰਦ ਕੀਤਾ ਜਾਵੇ।

## ਅਕਾਦਮੀ ਵੱਲੋਂ ਪੰਜਾਬੀ ਭਾਸ਼ਾ ਦੇ ਪੁਰਸਕਾਰਾਂ ਦਾ ਐਲਾਨ

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਦਮੀ ਦੇ ਬੁਲਾਰੇ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸਾਲ-2012 ਦੇ ਲਈ ਡਾ. ਜੀ ਡੀ ਚੌਧਰੀ, ਸਿਰਸਾ ਦਾ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ ਡਾ. ਸੁਰਜੀਤ ਕੁਜਾਹੀ, ਫਰੀਦਾਬਾਦ ਦਾ ਮਹਾਕਵੀ ਭਾਈ ਸੰਤੋਖ ਸਿੰਘ ਪੁਰਸਕਾਰ ਗੁਰਦਰਪਾਲ ਸਿੰਘ, ਨਨਿਆਲਾ ਦਾ ਬਾਬਾ ਸ਼ੇਖ ਫਰੀਦ ਪੁਰਸਕਾਰ ਸਤਨਾਮ ਸਿੰਘ, ਸ਼ਾਹਬਾਦ ਦਾ ਪੰਜਾਬੀ ਪੱਤਰਕਾਰਤਾ ਪੁਰਸਕਾਰ ਜਸਵਿੰਦਰ ਸਿੰਘ ਭਿੰਡਰ, ਸਿਰਸਾ ਦਾ ਰਾਗੀ/ਢਾਡੀ/ਲੋਕ ਗਾਇਕ ਪੁਰਸਕਾਰ ਦੇ ਲਈ ਚੋਣ ਕੀਤਾ ਗਿਆ ਹੈ।

ਉਨ੍ਹਾਂ ਨੇ ਦਸਿਆ ਕਿ ਸਾਲ-2018 ਲਈ ਡਾ. ਸਾਹਿਬ ਸਿੰਘ ਅਰਸ਼ੀ, ਸਿਰਸਾ ਦਾ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ ਡਾ. ਚਰਣਜੀਤ ਕੌਰ, ਕਰਨਾਲ ਦਾ ਮਹਾਕਵੀ ਭਾਈ ਸੰਤੋਖ ਸਿੰਘ ਪੁਰਸਕਾਰ ਕਰਨੈਲ ਸਿੰਘ ਹਸਪਤਾਲ, ਸਿਰਸਾ ਦਾ ਸੰਤ ਤਰਣ ਸਿੰਘ ਵਹਿਮੀ ਪੁਰਸਕਾਰ ਡਾ. ਨਿਸ਼ਾਨ ਸਿੰਘ ਰਾਠੌੜ, ਪਿਪਲੀ ਦਾ ਕਵੀ ਹਰੀਭਜਨ ਸਿੰਘ ਰੈਨ ਪੁਰਸਕਾਰ ਪ੍ਰਭੂ ਦਿਆਲ, ਸਿਰਸਾ ਦਾ ਪੰਜਾਬੀ ਪੱਤਰਕਾਰਤਾਪੁਰਸਕਾਰ, ਸੁਖਵਿੰਦਰ ਕੌਰ ਹੁੰਦਲ, ਸਿਰਸਾ ਦਾ ਰਾਗੀ/ਢਾਡੀ/ਲੋਕ ਗਾਇਕ ਪੁਰਸਕਾਰ ਲਈ ਚੋਣ ਕੀਤਾ ਗਿਆ ਹੈ।

ਬੁਲਾਰੇ ਨੇ ਦਸਿਆ ਕਿ ਸਾਲ 2019 ਦੇ ਲਈ ਗੁਰਬਖਸ਼ ਸਿੰਘ ਸੈਨੀ, ਪੰਚਕੂਲਾ ਦਾ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ ਡਾ. ਜੀਵਨ ਬਖਸ਼ੀ, ਕੁਰੂਕਸ਼ੇਤਰ ਦਾ ਮਹਾਕਵੀ ਭਾਈ ਸੰਤੋਖ ਸਿੰਘ ਪੁਰਸਕਾਰ ਲਖਵਿੰਦਰ ਸਿੰਘ ਬਾਜਵਾ, ਸਿਰਸਾ ਦਾ ਬਾਬਾ ਸ਼ੇਖ ਫਰੀਦ ਪੁਰਸਕਾਰ ਕੈਸਰਾ ਰਾਮ, ਏਲਨਾਬਾਦ ਦਾ ਸੰਤ ਤਰਣ ਸਿੰਘ ਵਹਿਮੀ ਪੁਰਸਕਾਰ ਡਾ. ਇੰਦੂ ਗੁਪਤਾ, ਫਰੀਦਾਬਾਦਦਾ ਕਵੀ ਹਰਿਭਜਨ ਸਿੰਘ ਰੇਣੂ ਪੁਰਸਕਾਰ ਦੇ ਲਈ ਚੋਣ ਕੀਤਾ ਗਿਆ ਹੈ।

ਇਸੀ ਤਰ੍ਹਾ ਸਾਲ-2020 ਦੇ ਲਈ ਹਰਕਮਲ ਕੌਰ, ਫਰੀਦਾਬਾਦ ਦਾ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ ਗੁਰਦਾਸ ਸਿੰਘ ਪਾਲਣਾ, ਸਿਰਸਾ ਦਾ ਮਹਾਕਵੀ ਭਾਈ ਸੰਤੋਖ ਸਿੰਘ ਪੁਰਸਕਾਰ ਤਿਰਲੋਚਨ ਮੀਰ, ਕੈਥਲ ਦਾ ਸੰਤ ਤਰਣ ਸਿੰਘ ਵਹਿਮੀ ਪੁਰਸਕਾਰ ਪੂਰਨ ਸਿੰਘ ਨਿਰਾਲਾ, ਏਲਨਾਬਾਦ ਦਾ ਕਵੀ ਹਰੀਭਜਨ ਸਿੰਘ ਰੈਣੂ ਪੁਰਸਕਾਰ ਗੁਰਪ੍ਰੀਤ ਕੌਰ ਸੈਨੀ, ਹਿਸਾਰ ਦਾ ਬੀਬੀ ਗਾਗੀਰ ਕੌਰ ਸੰਧੂ ਪੁਰਸਕਾਰ ਜਗਤਾਰ ਸਮਾਲਸਰ, ਏਲਨਾਬਾਦ ਦਾ ਪੰਜਾਬੀ ਪੱਤਰਕਾਰਿਤਾ ਪੁਰਸਕਾਰ ਸੋਮ ਦੱਤ ਸ਼ਰਮਾ, ਪੰਚਕੂਲਾ ਦਾ ਰਾਗੀ/ਢਾਡੀ/ਲੋਕ ਗਾਇਕ ਪੁਰਸਕਾਰ ਦੇ ਲਹੀ ਚੋਣ ਕੀਤਾ ਗਿਆ ਹੈ।

ਉਨ੍ਹਾਂ ਨੇ ਦਸਿਆ ਕਿ ਸਾਲ - 2021 ਲਈ ਗਰਦਿਆਲ ਸਿੰਘ ਨਿਮਰ, ਯਮੁਨਾਂਨਗਰ ਦਾ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ ਮਨਜੀਤ ਕੌਰ ਅੰਬਾਲਵੀ, ਅੰਬਾਲਾ ਕੈਂਟ ਦਾ ਮਹਾਕਵੀ ਭਾਈ ਸੰਤੋਖ ਸਿੰਘ ਪੁਰਸਕਾਰ ਮੀਨਾ ਨਵੀਨ, ਅੰਬਾਲਾ ਕੇਂਟ ਦਾ ਕਵੀ ਹਰਿਭਜਨ ਸਿੰਘ ਰੇਣੂ ਪੁਰਸਕਾਰ ਡਾ. ਪਰਮਜੀਤ ਕੌਰ, ਚੰਡੀਗੜ੍ਹ ਦਾ ਬੀਬੀ ਜਗੀਰ ਕੌਰ ਸੰਧੂ ਪੁਰਸਕਾਰ ਦੇ ਲਈ ਚੋਣ ਕੀਤਾ ਗਿਆ ਹੈ।

ਸਾਲ 2022 ਲਈ ਡਾ. ਨਾਇਬ ਸਿੰਘ ਮੰਡੇਰ, ਰਤਿਆ ਦਾ ਮਹਾਕਵੀ ਭਾਈ ਸੰਤੋਖ ਸਿੰਘ ਪੁਰਸਕਾਰ ਇਕਬਾਲ ਸਿੰਘ ਹਮਜਾਪੁਰ, ਫਤਿਹਾਬਾਦ ਦਾ ਬਾਬਾ ਸ਼ੇਖ ਫਰੀਦ ਪੁਰਸਕਾਰ ਪ੍ਰੇਮ ਕੁਮਾਰ ਸੇਠੀ, ਕਰਨਾਲ ਦਾ ਹਰੀ ਸਿੰਘ ਦਿਲਬਰ ਪੁਰਸਕਾਰ ਹਰਬੰਸ ਸਿੰਘ ਮੰਡੇਰ, ਰਤਿਆ ਦਾ ਪੰਜਾਬੀ ਪੱਤਰਕਾਰਿਤਾ ਪੁਰਸਕਾਰ ਲਈ ਚੋਣ ਕੀਤਾ ਗਿਆ ਹੈ।

ਵਰਨਦਯੋਗ ਹੈ ਕਿ ਅਕਾਦਮੀ ਦੇ ਪੰਜਾਬੀ ਭਾਸ਼ਾ ਲਈ ਦਿੱਤੇ ਜਾਣ ਵਾਲੇ ਪੁਰਸਕਾਰਾਂ ਵਿਚ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ 2 ਲੱਖ ਰੁਪਏ, ਮਹਾਕਵੀ ਭਾਈ ਸੰਤੋਖ ਸਿੰਘ ਪੁਰਸਕਾਰ 2.50 ਲੱਖ ਰੁਪਏ, ਬਾਬਾ ਸ਼ੇਖ ਫਰੀਦ ਪੁਰਸਕਾਰ 2.25 ਲੱਖ ਰੁਪਏ, ਸੰਤ ਤਰਨ ਸਿੰਘ ਵਹਿਮੀ ਪੁਰਸਕਾਰ ਦੋ ਲੱਖ ਰੁਪਏ , ਕਵੀ ਹਰਿਭਜਨ ਸਿੰਘ ਰੇਣੂ ਪੁਰਸਕਾਰ ਇਕ ਲੱਖ ਰੁਪਏ, ਬੀਬੀ ਜਾਗਰੀ ਕੌਰ ਸੰਧੂ ਪੁਰਸਕਾਰ ਤਹਿਤ ਇਕ ਲੱਖ ਰੁਪਏ, ਹਰੀ ਸਿੰਘ ਦਿਲਬਰ ਕੌਮੀ ਪੁਰਸਕਾਰ ਇਕ ਲੱਖ ਰੁਪਏ, ਪੰਜਾਬੀ ਪੱਤਰਕਾਰਤਾ ਪੁਰਸਕਾਰ ਇਕ ਲੱਖ ਰੁਪਏ , ਰਾਗੀ/ਢਾਡੀ/ਲੋਕ ਗਾਇਕ ਪੁਰਸਕਾਰ ਦੇ ਲਈ ਇਕ ਲੱਖ ਰੁਪਏ ਦੀ ਰਕਮ ਪੁਰਸਕਾਰ ਵਜੋ ਪ੍ਰਦਾਨ ਕੀਤੀ ਜਾਂਦੀ ਹੈ।

## ਡਾ. ਕਮਲ ਗੁਪਤਾ ਨੇ ਹਿਸਾਰ ਵਿਚ ਵਿਸ਼ੇਸ਼ ਪ੍ਰਚਾਰ ਮੁਹਿੰਮ ਵਾਹਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਹਤ, ਆਯੂਸ਼ ਤੇ ਸਿਵਲ ਏਵੀਏਸ਼ਨ ਮੰਤਰੀ ਡਾ. ਕਮਲ ਗੁਪਤਾ ਨੇ ਕਿਹਾ ਕਿ ਸਰਕਾਰ ਦੀ ਜਨਭਲਾਈਕਾਰੀ ਨੀਤੀਆਂ ਨੂੰ ਆਮ ਜਨਤਾ ਤਕ ਪਹੁੰਚਾਉਣ ਦੇ ਉਦੇਸ਼ ਨਾਲ ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਤੱਤਵਾਧਾਨ ਵਿਚ ਵਿਸ਼ੇਸ਼ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਗਈ ਹੈ ਜੋ ਕਿ 31 ਜੁਲਾਈ ਤਕ ਜਾਰੀ ਰਹੇਗੀ।

ਡਾ. ਕਮਲ ਗੁਪਤਾ ਨੇ ਅੱਜ ਹਿਸਾਰ ਵਿਚ ਵਿਸ਼ੇਸ਼ ਪ੍ਰਚਾਰ ਮੁਹਿੰਮ ਦੇ ਵਾਹਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦੇ ਹੋਏ ਕਿਹਾ ਕਿ ਜਾਗਰੁਕਤਾ ਪ੍ਰੋਗ੍ਰਾਮ ਵਿਚ ਆਮਜਨਤਾ ਨੂੰ ਹਰਿਆਣਾ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਦਿੱਤੀ ਜਾਣ ਵਾਲੀ ਸਹੂਲਤਾਂ, ਸੇਵਾਵਾਂ ਤੇ ਯੋਜਨਾਵਾਂ ਦੇ ਨਾਲ ਹੀ ਜਨਹਿਤਕਾਰੀ ਉਪਲਬਧਤੀਆਂ ਦੇ ਬਾਰੇ ਵਿਚ ਵੀ ਵਿਆਪਕ ਪ੍ਰਚਾਰ ਪ੍ਰਸਾਰ ਕੀਤਾ ਜਾਵੇ।

ਉਨ੍ਹਾਂ ਨੇ ਕਿਹਾ ਕਿ ਸੂਚਨਾ, ਜਨਸੰਪਰਕ, ਭਾਸ਼ਾ ਤੇ ਸਭਿਆਚਾਰ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਮਨਦੀਪ ਸਿੰਘ ਬਰਾੜ ਦੀ ਅਗਵਾਈ ਹੇਠ ਇਕ ਮਹੀਨੇ ਤਕ ਚੱਲਣ ਵਾਲੇ ਵਿਸ਼ੇਸ਼ ਪ੍ਰਚਾਰ ਮੁਹਿੰਮ ਵਿਚ ਹਿਸਾਰ ਜਿਲ੍ਹੇ ਦੇ ਸ਼ਹਿਰੀ ਤੇ ਗ੍ਰਾਮੀਣ ਖੇਤਰ ਨੂੰ ਕਵਰ ਕਰਦੇ ਹੋਏ ਆਮਜਨਤਾ ਨੂੰ ਹਰਿਆਣਵੀ ਲੋਕ ਸ਼ੈਲੀ ਵਿਚ ਸਰਕਾਰ ਦੀ ਯੋਜਨਾਵਾਂ ਤੇ ਉਪਲਬਧੀਆਂ ਦੇ ਪ੍ਰਤੀ ਜਾਗਰੁਕ ਕੀਤਾ ਜਾਵੇਗਾ। ਭਜਨ ਪਾਰਟੀ ਵੱਲੋਂ ਹਰੇਕ ਦਿਨ 'ਤੇ ਇਕ ਪਿੰਡ ਵਿਚ ਪ੍ਰਭਾਵੀ ਰੂਪ ਨਾਲ ਜਾਗਰੁਕਤਾ ਪ੍ਰੋਗ੍ਰਾਮ ਦਾ ਪ੍ਰਬੰਧ ਹੋਵੇਗਾ।

## ਭਾਰਤ ਪੂਰੀ ਦੁਨੀਆ ਦਾ ਸਭ ਤੋਂ ਨੌਜਵਾਨ ਦੇਸ਼ ਹੈ - ਰਾਘਵ ਚੱਢਾ



**ਨਵੀਂ ਦਿੱਲੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਮੰਗਲਵਾਰ ਨੂੰ ਰਾਜ ਸਭਾ ਵਿੱਚ ਨੀਟ ਅਤੇ ਹੋਰ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਲੀਕ ਹੋਣ ਦਾ ਮੁੱਦਾ ਉਠਾਇਆ। ਉਨ੍ਹਾਂ ਇਸ ਸਰਕਾਰ ਦੌਰਾਨ ਹੋਏ ਪੇਪਰ ਲੀਕ ਦੀ ਪੂਰੀ ਸੂਚੀ ਸਦਨ ਦੇ ਅੰਦਰ ਰੱਖੀ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਦੋ ਆਈ.ਪੀ.ਐਲ. ਚੱਲ ਰਹੇ ਹਨ, ਪਹਿਲਾ ਹੈ ਇੰਡੀਅਨ ਪ੍ਰੀਮੀਅਰ ਲੀਗ, ਜਿਸ ਵਿੱਚ ਬੱਲੇ ਅਤੇ ਬਾੱਲ ਨਾਲ ਖੇਡ ਖੇਡੀ ਜਾਂਦੀ ਹੈ। ਇਸ ਦੇ ਨਾਲ ਹੀ ਦੂਜਾ ਇੰਡੀਆ ਪੇਪਰ ਲੀਕ ਹੈ, ਜਿਸ ਵਿੱਚ ਪੇਪਰ ਲੀਕ ਕਰਕੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇੰਡੀਆ ਪੇਪਰ ਲੀਕ ਕਾਰਨ ਨੀਟ- ਯੂਜੀਸੀ ਨੈਟ ਦੀ ਪ੍ਰੀਖਿਆ ਦੇਣ ਵਾਲੇ 35 ਲੱਖ ਬੱਚਿਆਂ ਦਾ ਭਵਿੱਖ ਹਨੇਰੇ ਵਿੱਚ ਹੈ। ਪਿਛਲੇ 10 ਸਾਲਾਂ ਵਿੱਚ ਕੇਂਦਰ ਸਰਕਾਰ ਸਾਡੇ ਨੌਜਵਾਨਾਂ ਨੂੰ ਚੰਗੀ ਸਿੱਖਿਆ ਪ੍ਰਣਾਲੀ ਪ੍ਰਦਾਨ ਨਹੀਂ ਕਰ ਸਕੀ ਹੈ। ਇਸ ਲਈ ਇਸ ਸਰਕਾਰ ਵਿੱਚ ਵਿਆਪਮ ਘੋਟਾਲਾ, ਨੀਟ- ਯੂਜੀਸੀ ਨੈਟ, ਯੂਪੀ ਪੁਲਿਸ ਭਰਤੀ ਸਮੇਤ ਸਾਰੇ ਪੇਪਰ ਲੀਕ ਹੋ ਗਏ ਹਨ।

ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਮੰਗਲਵਾਰ ਨੂੰ ਰਾਜ ਸਭਾ ਵਿੱਚ ਕਿਹਾ ਕਿ ਇਸ ਦੇਸ਼ ਵਿੱਚ ਦੋ ਸਿੱਖਿਆ ਪ੍ਰਣਾਲੀਆਂ ਹਨ। ਇੱਕ ਪਾਸੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿੱਚ ਸਿੱਖਿਆ ਦਾ ਪ੍ਰਬੰਧ ਕੀਤਾ ਹੈ, ਜਿਸ ਤਹਿਤ ਉਨ੍ਹਾਂ ਨੇ ਦਿੱਲੀ ਵਿੱਚ ਵਿਸ਼ਵ ਪੱਧਰੀ ਸਕੂਲ ਬਣਾਏ ਹਨ। ਬੱਚਿਆਂ ਨੂੰ ਵਧੀਆ ਪਾਠਕ੍ਰਮ ਅਤੇ ਮਿਆਰੀ ਸਿੱਖਿਆ ਦਿੱਤੀ ਗਈ। ਅਰਵਿੰਦ ਕੇਜਰੀਵਾਲ ਪੜ੍ਹੇ-ਲਿਖੇ ਰਾਸ਼ਟਰ ਦੀ ਸਿਰਜਣਾ ਦਾ ਸੁਪਨਾ ਲੈ ਕੇ ਅੱਗੇ ਵਧੇ। ਉੱਥੇ ਹੀ ਇਕ ਦੂਸਰੇ ਪਾਸੇ ਸਿੱਖਿਆ ਪ੍ਰਣਾਲੀ ਹੈ, ਜਿਸ ਦੇ ਤਹਿਤ ਪ੍ਰੀਖਿਆ ਮਾਫੀਆ ਪੈਦਾ ਹੋ ਰਿਹਾ ਹੈ, ਜਿਸ ਦੇ ਤਹਿਤ ਦੇਸ਼ ਦੇ ਲੱਖਾਂ ਬੱਚਿਆਂ ਦਾ ਭਵਿੱਖ ਹਨੇਰੇ ਦੀ ਕਗਾਰ 'ਤੇ ਖੜ੍ਹਾ ਹੈ। ਅੱਜ ਨੀਟ ਅਤੇ ਯੂਜੀਸੀ ਨੈਟ ਪ੍ਰੀਖਿਆ ਦੇ ਪੇਪਰ ਲੀਕ ਹੋਣ ਕਾਰਨ ਦੇਸ਼ ਦੇ 35 ਲੱਖ ਬੱਚਿਆਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ। ਉਹ 35 ਲੱਖ ਬੱਚੇ ਅੱਜ ਇਸ ਉਮੀਦ ਨਾਲ ਦੇਸ਼ ਦੀ ਸੰਸਦ ਵੱਲ ਦੇਖ ਰਹੇ ਹਨ ਕਿ ਸ਼ਾਇਦ ਉਨ੍ਹਾਂ ਦੇ ਹੱਕਾਂ ਦੀ ਗੱਲ ਹੋਵੇਗੀ। ਭਾਰਤ ਦੀ 65 ਫ਼ੀਸਦੀ ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ। ਅਸੀਂ ਦੁਨੀਆ ਦੇ ਸਭ ਤੋਂ ਨੌਜਵਾਨ ਦੇਸ਼ ਵਿਚੋਂ ਹਾਂ। ਭਾਰਤ ਦੀ ਔਸਤ ਉਮਰ ਸਿਰਫ਼ 29 ਸਾਲ ਹੈ। ਇੱਥੇ ਪ੍ਰਾਇਮਰੀ, ਸੈਕੰਡਰੀ ਅਤੇ ਉੱਚ ਸਿੱਖਿਆ ਲੈਣ ਵਾਲੇ ਬੱਚਿਆਂ ਦੀ ਗਿਣਤੀ ਲਗਭਗ 31 ਕਰੋੜ ਹੈ। ਪਰ ਸਾਡੀ ਸਰਕਾਰ ਨੇ ਇਹਨਾਂ ਨੌਜਵਾਨਾਂ ਲਈ ਕੀ ਕੀਤਾ ਹੈ ?

ਰਾਘਵ ਚੱਢਾ ਨੇ ਕਿਹਾ ਕਿ ਸਾਡੇ ਦੇਸ਼ 'ਚ ਦੋ ਤਰ੍ਹਾਂ ਦੇ ਆਈ.ਪੀ.ਐੱਲ. ਚੱਲ ਰਹੇ ਹਨ। ਪਹਿਲਾਂ, ਗੇਂਦ ਅਤੇ ਬੱਲੇ ਦੀ ਇੱਕ ਖੇਡ ਹੁੰਦੀ ਹੈ, ਜਿਸ ਨੂੰ ਇੰਡੀਅਨ ਪ੍ਰੀਮੀਅਰ ਲੀਗ ਕਿਹਾ ਜਾਂਦਾ ਹੈ ਅਤੇ ਦੂਜਾ ਭਾਰਤੀ ਪੇਪਰ ਲੀਕ ਹੈ।

## ਹਰਿਆਣਾ ਵਿਚ ਸਟਿਲਟ ਪਲੱਸ ਚਾਰ ਮੰਜਿਲ ਨਿਰਮਾਣ ਨੂੰ ਮਿਲੀ ਮੰਜੂਰੀ

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਨਗਰ ਅਤੇ ਆਯੋਜਨਾ ਅਤੇ ਸ਼ਹਿਰੀ ਸੰਪਦਾ ਮੰਤਰੀ ਸ੍ਰੀ ਜੇ ਪੀ ਦਲਾਲ ਨੇ ਅੱਜ ਐਲਾਨ ਕਰਦੇ ਹੋਏ ਕਿਹਾ ਕਿ ਪੂਰੇ ਸੂਬੇ ਵਿਚ ਸੂਬਾ ਸਰਕਾਰ ਵੱਲੋਂ ਹੁਣ ਸਟਿਲਟ ਪਲੱਸ ਚਾਰ ਮੰਜਿਲਾਂ (ਐਸ੍ਹ+4) ਨਿਰਮਾਣ ਨੂੰ ਮੰਜੂਰੀ ਦਿੱਤੀ ਗਈ ਹੈ। ਪੁਰਾਣੀ ਕਲੋਨੀਆਂ ਵਿਚ ਵੀ ਸ਼ਰਤਾਂ ਦੇ ਨਾਲ ਐਸ+4 ਦੇ ਨਿਰਮਾਣ ਨੂੰ ਮੰਜੂਰੀ ਦਿੱਤੀ ਗਈ ਹੈ। ਸਰਕਾਰ ਦੇ ਇਸ ਫੈਸਲੇ ਨਾਲ ਆਮ ਜਨਤਾ ਨੂੰ ਕਾਫੀ ਫਾਇਦਾ ਹੋਵੇਗਾ।

ਸ੍ਰੀ ਜੇਪੀ ਦਲਾਲ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਸਟਿਲਟ+4 ਮੰਜਿਲਾਂ ਦੇ ਨਿਰਮਾਣ ਦੀ ਮੰਜੂਰੀ ਉਨ੍ਹਾਂ ਕਲੋਨੀਆਂ/ਸੈਕਟਰਾਂ ਵਿਚ ਸਥਿਤ ਰਿਹਾਇਸ਼ੀ ਪਲਾਟਾਂ ਦੇ ਲਈ ਬਿਨ੍ਹਾਂ ਕਿਸੇ ਸ਼ਰਤ ਦੇ ਦਿੱਤੀ ਜਾਵੇਗੀ, ਜਿਨ੍ਹਾਂ ਦਾ ਲੇਆਊਟ ਪਲਾਨ ਪ੍ਰਤੀ ਪਲਾਂਟ ਚਾਰ ਰਿਹਾਇਸ਼ੀ ਇਕਾਈਆਂ ਦੇ ਨਾਲ ਅਨੁਮੋਦਿਤ ਹੈ।

ਇਸ ਤੋਂ ਇਲਾਵਾ, ਪਹਿਲਾਂ ਤੋਂ ਹੀ ਲਾਇਸੈਂਸ ਪ੍ਰਾਪਤ ਦੀਨ ਦਿਆਲ ਉਪਾਘਿਆਏ ਜਨ ਆਵਾਸ ਯੋਜਨਾ ਕਲੋਨੀਆਂ ਵਿਚ, ਜਿੱਥੇ ਪ੍ਰਤੀ ਪਲਾਟ ਚਾਰ ਰਿਹਾਇਸ਼ੀ ਇਕਾਈਆਂ ਲਈ ਸੇਵਾ ਯੋਜਨਾ ਅਨੁਮੋਦਿਤ/ਸੋਧ ਹੋਵੇ, ਉੱਥੇ ਵੀ ਐਸ+4 ਮੰਜਿਲਾਂ ਦੇ ਨਿਰਮਾਣ ਦੀ ਮੰਜੂਰੀ ਦਿੱਤੀ ਜਾਵੇਗੀ।

ਸ੍ਰੀ ਜੇ ਪੀ ਦਲਾਲ ਨੇ ਕਿਹਾ ਕਿ ਅਜਿਹੀ ਕਲੋਨੀਆਂ ਅਤੇ ਸੈਕਟਰਾਂ ਵਿਚ ਜਿੱਥੇ ਲੇਆਊਟ ਪਲਾਨ ਪ੍ਰਤੀ ਪਲਾਟ ਤਿੰਨ ਰਿਹਾਇਸ਼ੀ ਇਕਾਈਆਂ ਦੇ ਨਾਲ ਅਨੁਮੋਦਿਤ ਹਨ, ਪਰ ਸਿਰਫ ਅਜਿਹੇ ਰਿਹਾਇਸ਼ੀ ਪਲਾਟਾਂ, ਜਿਨ੍ਹਾਂ ਦੇ ਕੋਲ 10 ਮੀਟਰ ਜਾਂ ਉਸ ਤੋਂ ਵੱਧ ਚੌੜੀ ਸੜਕ ਹੈ, ਉਨ੍ਹਾਂ ਵਿਚ ਵੀ ਕੁੱਝ ਸ਼ਰਤਾਂ ਦੇ ਨਾਲ ਸਟਿਲਟ+4 ਮੰਜਿਲ ਦੇ ਨਿਰਮਾਣ ਦੀ ਮੰਜੂਰੀ ਹੋਵੇਗੀ। ਉਨ੍ਹਾਂ ਨੇ ਦਸਿਆ ਕਿ ਅਜਿਹੀ ਕਲੋਨੀਆਂ ਵਿਚ ਜਿੱਥੇ ਵਿਅਕਤੀ ਹੁਣ ਐਸ+4 ਦਾ ਨਿਰਮਾਣ ਕਰਨਾ ਚਾਹੁੰਦਾ ਹੈ, ਤਾਂ ਉਸ ਸਥਿਤੀ ਵਿਚ ਮਾਲਿਕ ਨੂੰ ਪਹਿਲਾਂ ਗੁਆਂਢੀਆਂ ਤੋਂ ਮੰਜੂਰੀ ਪ੍ਰਾਪਤ ਕਰਨੀ ਹੋਵੇਗੀ।

ਜੇਕਰ ਗੁਆਂਢੀ ਮੰਜੂਰੀ ਪ੍ਰਦਾਨ ਨਹੀਂ ਕਰਦੇ ਹਨ ਤਾਂ ਉਹ ਵਿਅਕਤੀ ਨਾਲ ਲਗਦੇ ਮਕਾਨ ਤੋਂ ਸਾਰੀ ਮੰਜਿਲਾਂ ਲਈ 1.8 ਮੀਟਰ ਦੀ ਥਾਂ (ਸਾਇਡ ਸੈਟਬੈਕ) ਛੱਡ ਕੇ ਐਸ+4 ਦਾ ਨਿਰਮਾਣ ਕਰ ਸਕਦਾ ਹੈ। ਹਾਲਾਂਕਿ ਸਰਕਾਰ ਨੇ ਇਹ ਪ੍ਰਾਵਘਾਨ ਕੀਤਾ ਹੈ ਕਿ ਜੇਕਰ ਗੁਆਂਢੀ ਐਸ+4 ਦੇ ਨਿਰਮਾਣ ਲਈ ਆਪਣੀ ਸਹਿਮਤੀ ਨਹੀਂ ਦਿੰਦਾ ਹੈ, ਤਾਂ ਉਹ ਖੁਦ ਵੀ ਭਵਿੱਖ ਵਿਚ ਐਸ+4 ਦਾ ਨਿਰਮਾਣ ਕਰਨ ਲਈ ਅਯੋਗ ਹੋਵੇਗਾ।

ਸ੍ਰੀ ਜੇ ਪੀ ਦਲਾਲ ਨੇ ਸਪਸ਼ਟ ਕੀਤਾ ਕਿ ਜੇਕਰ ਪਲਾਟ 'ਤੇ ਪਹਿਲਾਂ ਤੋਂ 3 ਮੰਜਿਲ ਤੇ ਬੇਸਮੈਂਟ ਬਣਾਉਣ ਦੀ ਮੰਜੂਰੀ ਹੈ ਅਤੇ ਹੁਣ ਸਟਿਲਟ +4 ਨਿਰਮਾਣ ਦੀ ਮੰਜੂਰੀ ਲਈ ਗਈ ਹੈ, ਤਾਂ ਬੇਸਮੈਂਟ ਦੇ ਨਿਰਮਾਣ ਅਤੇ ਕਾਮਨ ਦੀਵਾਰ 'ਤੇ ਭਾਰ ਪਾਉਣ ਦੀ ਮੰਜੂਰੀ ਨਹੀਂ ਦਿੱਤੀ ਜਾਵੇਗੀ। ਹਾਲਾਂਕਿ ਅਜਿਹੇ ਮਾਮਲਿਆਂ ਵਿਚ ਨੇੜੇ ਦੇ ਪਲਾਟ ਮਾਲਿਕਾਂ ਦੀ ਆਪਸੀ ਸਹਿਮਤੀ ਨਾਲ ਬੇਸਮੈਂਟ ਦੇ ਨਿਰਮਾਣ ਅਤੇ ਕਾਮਨ ਦੀਵਾਰ 'ਤੇ ਭਾਰ ਪਾਉਣ ਦੀ ਮੰਜੂਰੀ ਹੋਵੇਗੀ। ਇਸ ਤੋਂ ਇਲਾਵਾ, ਜੇਕਰ ਬਿਲਡਿੰਗ ਪਲਾਨ ਦੇ ਅਨੁਮੋਦਨ ਅਤੇ ਨਿਰਮਾਣ ਲਈ ਰਿਹਾਇਸ਼ੀ ਪਲਾਟਾਂ ਦੀ ਪੂਰੀ ਲਾਇਨ ਨੂੰ ਇਕ ਵਾਰ ਵਿਚ ਬਣਾਇਆ ਜਾਂਦਾ ਹੈ, ਤਾਂ ਕਾਮਨ ਦੀਵਾਰ ਦੇ ਨਿਰਮਾਣ ਦੀ ਮੰਜੂਰੀ ਦਿੱਤੀ ਜਾਵੇਗੀ। ਕਿਸੇ ਵੀ ਸਥਿਤੀ ਵਿਚ 10 ਮੀਟਰ ਚੌੜਾਈ ਅਤੇ 250 ਵਰਗ ਮੀਟਰ ਖੇਤਰ ਤੋਂ ਘੱਟ ਦੇ ਪਲਾਟਾਂ 'ਤੇ ਬੇਸਮੈਂਟ ਦੇ ਨਿਰਮਾਣ ਦੀ ਮੰਜੂਰੀ ਨਹੀਂ ਦਿੱਤੀ ਜਾਵੇਗੀ।

ਸ੍ਰੀ ਜੇ ਪੀ ਦਲਾਲ ਨੇ ਦਸਿਆ ਕਿ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਵੱਲੋਂ ਜੋ ਪਲਾਟ ਇਨਬਿਲਟ ਪਰਚੇਜਏਬਲ ਫਲੋਰ ਏਰਿਆ ਰੇਸ਼ੋ (ਐਫਏਆਰ) ਦੇ ਨਾਲ ਨੀਲਾਮ ਕੀਤੇ ਗਏ ਅਤੇ ਗੁਆਂਢੀਆਂ ਦੀ ਸਹਿਮਤੀ ਜਾਂ ਲਈ 1.8 ਮੀਟਰ ਦੀ ਥਾਂ (ਸਾਇਡ ਬੈਟਬੈਕ) ਦੀ ਸ਼ਰਤ ਪੂਰੀ ਕਰਦੇ ਹਨ, ਉਨ੍ਹਾਂ ਦੇ ਮਾਲਿਕ ਜਾਂ ਤਾਂ ਐਸ+4 ਨਿਰਮਾਣ ਕਰ ਸਕਦੇ ਹਨ ਅਤੇ ਪਰਚੇਜਏਬਲ ਡਿਵੇਲਪਮੈਂਟ ਰਾਈਟਸ (ਪੀਡੀਆਰ) ਰਿਫੰਡ ਦੀ ਮੰਗ ਕਰ ਸਕਦੇ ਹਨ।

ਜੇਕਰ ਪਲਾਟ ਮਾਲਿਕ ਸਟਿਲਟ+4 ਮੰਜਿਲ ਨਹੀਂ ਬਨਾਉਣਾ ਚਾਹੁੰਦਾ ਅਤੇ ਘੱਟ ਪੀਡੀਆਰ ਦਾ ਲਾਭ ਲੈਣਾ ਚਾਹੁੰਦਾ ਹੈ, ਤਾਂ ਉਹ ਰਿਫੰਡ ਦੇ ਬਿਨੈ ਦੀ ਮਿੱਤੀ ਤੋਂ 8 ਫੀਸਦੀ ਵਿਆਜ ਸਮੇਤ ਰਿਫੰਡ ਲੈਣ ਦਾ ਯੋਗ ਹੈ। ਇਸ ਮਾਮਲੇ ਵਿਚ ਰਿਫੰਡ ਦਾ ਬਿਨੈ ਰਿਫੰਡ ਦੇ ਆਦੇਸ਼ ਜਾਰੀ ਹੋਣ ਦੀ ਮਿੱਤੀ ਤੋਂ 60 ਦਿਨ ਦੇ ਅੰਦਰ ਕੀਤਾ ਜਾ ਸਕਦਾ ਹੈ। ਉੱਥੇ ਜੇਕਰ ਪਲਾਟ 4 ਜਾਂ 3 ਮੰਜਿਲ ਨਿਰਮਾਣ ਦੀ ਮੰਜੂਰੀ ਵਿਚ ਨਹੀਂ ਆਉਂਦਾ ਹੈ, ਤਾਂ ਅਲਾਟੀ ਰਿਫੰਡ ਦੀ ਅਪੀਲ ਦੀ ਮਿੱਤੀ ਤੋਂ 8 ਫੀਸਦੀ ਵਿਆਜ ਸਮੇਤ ਨੀਲਾਮੀ ਦੀ ਪੂਰੀ ਰਕਮ ਵਾਪਸ ਪਾਉਣ ਦਾ ਯੋਗ ਹੋਵੇਗਾ। ਇਸ ਮਾਮਲੇ ਵਿਚ ਵੀ ਰਿਫੰਡ ਦਾ ਬਿਨੈ ਰਿਫੰਡ ਦੇ ਆਦੇਸ਼ ਜਾਰੀ ਹੋਣ ਦੀ ਮਿੱਤੀ ਤੋਂ 60 ਦਿਨਾਂ ਦੇ ਅੰਦਰ ਕੀਤਾ ਜਾ ਸਕਦਾ ਹੈ।

ਉਨ੍ਹਾਂ ਨੇ ਦਸਿਆ ਕਿ ਸਬੰਧਿਤ ਏਜੰਸੀਆਂ ਵੱਲੋਂ ਐਸ+4 ਦੇ ਅਨੁਮੋਦਨ ਦੀ ਏਵਜ ਵਿਚ 1178.95 ਕਰੋੜ ਰੁਪਏ ਦੀ ਰਕਮ ਇਕੱਠੀ ਹੋਈ, ਜਿਨ੍ਹਾਂ ਵਿਚ ਨਗਰ ਨਿਗਮ ਗ੍ਰਾਮ ਆਯੋਜਨਾ ਵੱਲੋਂ 689.8 ਕਰੋੜ ਰੁਪਏ ਐਚਐਸਵੀਪੀ ਵੱਲੋਂ 466.3 ਕਰੋੜ ਰੁਪਏ ਐਚਐਸਆਈਆਈਡੀਸੀ ਵੱਲੋਂ 2.62 ਕਰੋੜ ਰੁਪਏ, ਸ਼ਹਿਰੀ ਸਥਾਨਕ ਵਿਭਾਗ ਵੱਲੋਂ 20.23 ਕਰੋੜ ਰੁਪਏ ਦੀ ਰਕਮ ਸ਼ਾਮਿਲ ਹੈ। ਇਸ ਰਕਮ ਦੀ ਵਰਤੋ ਸਾਰੇ ਸੈਕਟਰਾਂ/ਕਲੋਨੀਆਂ ਦੇ ਬੁਨਿਆਦੀ ਢਾਂਚੇ ਵਿਚ ਵਾਧਾ ਕਰਨ ਲਈ ਕੀਤੀ ਜਾਵੇਗੀ।

ਉਨ੍ਹਾਂ ਨੇ ਕਿਹਾ ਕਿ ਵਿਭਾਗ ਐਸ+4 ਮਾਮਲਿਆਂ ਨਾਲ ਸਬੰਧਿਤ ਮੁਦਿਆਂ ਦੇ ਨਿਪਟਾਨ ਅਤੇ ਸਮੇਂ-ਸਮੇਂ 'ਤੇ ਐਸ+4 ਮੰਜਿਲਾਂ ਨਾਲ ਸਬੰਧਿਤ ਮੰਜੂਰੀਆਂ ਸਮੇਤ ਵੱਖ-ਵੱਖ ਸੂਚਨਾਵਾਂ ਨੂੰ ਪਬਲਿਕ ਕਰਨ ਦੇ ਲਈ ਪੋਰਟਲ ਸਥਾਪਿਤ ਕਰੇਗਾ। ਉਨ੍ਹਾਂ ਨੇ ਦਸਿਆ ਕਿ ਸਟਿਲਟ ਖੇਤਰ ਦੇ ਕਵਰ ਕਰਨ ਦੀ ਪੱਦਤੀ ਨੂੰ ਖਤਮ ਕਰਨ ਲਈ ਭਵਿੱਖ ਵਿਚ ਬਿਲਡਿੰਗ ਪਲਾਨ ਨੂੰ ਮੰਜੂਰੀ ਦਿੰਦੇ ਸਮੇਤ ਜਾਂ ਕਬਜਾ ਪ੍ਰਮਾਣ ਪੱਤਰ ਪ੍ਰਦਾਨ ਕਰਦੇ ਸਮੇਤ, ਸ਼ਰਤ ਲਗਾਈ ਜਾਵੇਗੀ ਕਿ ਜੇਕਰ ਸਟਿਲਟ ਖੇਤਰ ਵਿਚ ਪੂਰੀ ਤਰ੍ਹਾ ਜਾਂ ਆਂਸ਼ਿਕ ਰੂਪ ਤੋਂ ਕਰਵ ਹੋਇਆ ਹੈ ਤਾਂ ਬਿਲਡਿੰਗ ਪਲਾਨ ਦੀ ਮੰਜੂਰੀ ਜਾਂ ਕਬਜਾ ਪ੍ਰਮਾਣ ਪੱਤਰ ਦਾ ਅਨੁਮੋਦਨ ਵਾਪਸ ਲਿਆ ਮੰਨਿਆ ਜਾਵੇਗਾ।

ਸ੍ਰੀ ਜੇ ਪੀ ਦਲਾਲ ਨੇ ਕਿਹਾ ਕਿ ਅਜਿਹੇ ਸਾਰੇ ਮਾਮਲਿਆਂ ਲਈ ਜਿੱਥੇ ਅੱਜ ਤਕ ਬਿਲਡਿੰਗ ਪਲਾਨ ਦੀ ਮੰਜੂਰੀ ਦੇ ਬਿਨ੍ਹਾਂ ਐਸ+4 ਨਿਰਮਾਣ ਕੀਤਾ ਗਿਆ ਹੈ, ਉਨ੍ਹਾਂ ਦੇ ਲਈ ਮਾਨਕ ਸੰਚਾਲਨ ਪ੍ਰਕ੍ਰਿਆ ਤਿਆਰ ਕੀਤੀ ਗਈ ਹੈ। ਇੰਨ੍ਹਾਂ ਦੇ ਅਨੁਸਾਰ ਅਜਿਹੇ ਸਾਰੇ ਵਿਅਕਤੀ, ਜਿੰਨ੍ਹਾਂ ਨੇ ਇਸ ਤਰ੍ਹਾ ਦਾ ਅਣਅਥੋਰਾਇਜਡ ਨਿਰਮਾਣ ਕੀਤਾ ਹੈ, ਉਹ ਕੰਪੋਜਿਸ਼ਨ ਆਫ ਆਫੇਂਸ ਦੇ ਲਈ ਸਮਰੱਥ ਅਧਿਕਾਰੀ ਨੂੰ ਬਿਨੈ ਕਰ ਸਕਦੇ ਹਨ। ਅਣਅਥੋਰਾਇਜਡ ਨਿਰਮਾਣ ਦੇ ਅਜਿਹੇ ਸਾਰੇ ਮਾਮਲਿਆਂ ਵਿਚ ਜਿੱਥੇ ਨਿਰਮਾਣ ਦੇ ਸਮੇਂ, ਨਾਲ ਲਗਦੇ ਪਲਾਟ ਸਵਾਮੀਆਂ ਵੱਲੋਂ ਕੋਈ ਇਤਰਾਜ ਦਰਜ ਨਹੀਂ ਕੀਤੀ ਗਈ ਸੀ, ਤਾਂ ਕੰਪੋਜਿਸ਼ਨ ਆਫ ਆਫੇਂਸ ਦੇ ਲਈ ਬਿਨੈ ਪ੍ਰਾਪਤ ਹੋਣ ਦੇ 90 ਦਿਨਾਂ ਦੇ ਅੰਦਰ ਮੰਜੂਰੀ ਕੰਪੋਜਿਸ਼ਨ ਫੀਸ ਦੀ ਵਸੂਲੀ ਕੀਤੀ ਜਾਵੇਗੀ।

ਸ੍ਰੀ ਜੇ ਪੀ ਦਲਾਲ ਨੇ ਦਸਿਆ ਕਿ ਪਹਿਲਾਂ 2.5 ਮੰਜਿਲ ਦੇ ਨਿਰਮਾਣ ਦੇ ਨਾਲ ਐਫਏਆਰ ਦੀ ਮੰਜੂਰੀ ਮਿਲਦੀ ਸੀ। ਉਸ ਦੇ ਬਾਅਦ ਜੇਕਰ ਮਾਲਿਕ ਤੀਜੀ ਜਾਂ ਚੌਥੀ ਮੰਜਿਲ ਬਨਾਉਣਾ ਚਾਹੁੰਦਾ ਹੈ, ਤਾਂ ਉਸ ਨੂੰ ਵੱਧ ਰਕਮ ਦਾ ਭੁਗਤਾਨ ਕਰ ਐਫਏਆਰ ਦੀ ਮੰਜੂਰੀ ਲੈਣੀ ਪੈਂਦੀ ਹੈ। ਹੁਣ ਸਰਕਾਰ ਨੇ 250 ਵਰਗ ਮੀਟਰ ਤੋਂ ਵੱਧ ਅਤੇ 350 ਵਰਗ ਮੀਟਰ ਤਕ ਦੇ ਪਲਾਟ ਦੇ ਲਈ ਨਿਰਧਾਰਿਤ ਦਰਾਂ ਵਿਚ 25 ਫੀਸਦੀ ਤਕ ਦਾ ਵਾਧਾ ਕੀਤਾ ਹੈ।

## ਮੋਟਰਸ ਦੀ ਪੂਰੀ ਆਫਟਰ-ਸੇਲਸ ਦੀ ਮੱਦਦ ਨਾਲ ਪੰਜਾਬ ਦੇ ਟਰੱਕਾਂ ਦਾ ਚੱਲਣਾ ਲਗਾਤਾਰ ਜਾਰੀ

**ਲੁਧਿਆਣਾ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਸਭ ਤੋਂ ਵੱਡੀ ਗੁਜਰਾਤੀ ਵਾਹਨ ਨਿਰਮਾਤਾ, ਟਾਟਾ ਮੋਟਰਸ ਨੇ ਭਾਰਤੀ ਟਰੱਕਿੰਗ ਉਦਯੋਗ ਵਿੱਚ ਕਈ ਉਲ ?ਲੇਖਯੋਗ ਕਦਮ ਉਠਾਏ ਹਨ। ਕੰਪਨੀ ਲਗਾਤਾਰ ਤੁਹਾਡੀ ਸਰਵਿਸ ਇਕੋਸਿਸ ?ਟਮ ਨੂੰ ਮਜ਼ਬੂਤ ਕਰ ਰਹੀ ਹੈ ਅਤੇ ਵਾਹਨਾਂ ਦਾ ਜ਼ਿਆਦਾ ਅਪਟਾਈਮ ਯਕੀਨੀ ਬਣਾਉਣ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਵੀ ਨਿਭਾ ਰਹੀ ਹੈ। ਮੌਜੂਦਾ ਸਮੇਂ ਵਿੱਚ ਫਰੀਟ ਡਿਲਿਵਰੀ ਦੀ ਸਮਾਂ-ਸੀਮਾਵਾਂ ਨੂੰ ਛੁਟਕਾਰਾ ਦਿੱਤਾ ਗਿਆ ਹੈ।

ਕੰਪਨੀ ਇੱਕ ਮਜ਼ਬੂਤ ਸਰਵਿਸ ਨੈੱਟਵਰਕ, ਮੂਲ ?ਯ-ਵਰਧਿਤ ਸੇਵਾ ਦੀ ਲੜੀ ਅਤੇ ਅਸਲ ਸ ?ਪੇਅਰ ਪਾਰਟਸ ਮਿਲਣੇ ਵਿੱਚ ਆਸਾਨੀ ਦੀ ਪੇਸ਼ਕਸ਼ ਕਰ ਰਹੀ ਹੈ। ਕੰਪਨੀ ਦੇ ਡ੍ਰਾਈਵਰਾਂ ਦੀ ਸੇਵਾ ਨੂੰ ਵੀ ਤਰਜੀਹ ਦਿੰਦੀ ਹੈ ਅਤੇ ਗਾਹਕਾਂ ਦੇ ਮਾਲਕਾਂ ਨੂੰ ਵਧੀਆ ਅਨੁਭਵ ਮਿਲਦਾ ਹੈ। ਘੱਟ ਤੋਂ ਘੱਟ ਡਾਊਨ ਟਾਈਮ ਦੇ ਨਾਲ ਵਾਹਨ ਦਾ ਸਹੀ ਢੰਗ ਨਾਲ ਚੱਲਣਾ ਗਾਹਕਾਂ ਦੇ ਵਾਯਵਸਾਯ ਦੀ ਸਫਲਤਾ ਲਈ ਮਹੱਤਵਪੂਰਣ ਹੈ। ਇਹ ਗੱਲ ਜਲ਼ਦੀ ਸਮਝਦੀ ਹੈ, ਟਾਟਾ ਮੋਟਰਸ ਨੇ ਪੰਜਾਬ ਵਿੱਚ ਇੱਕ ਵਿਸਤ੍ਰਿਤ ਸਰਵਿਸ ਨੈੱਟਵਰਕ ਸਥਾਪਤ ਕੀਤਾ ਗਿਆ ਹੈ।

ਰਾਜ ਉਨ੍ਹਾਂ 111 ਸਰਵਿਸ ਟਾਚਪੌਇੰਟਸ ਮਹੱਤਵਪੂਰਨ ਲੋਕੇਸ਼ਾਂ 'ਤੇ ਮੌਜੂਦ ਹਨ। ਇਸ ਤੋਂ ਇਲਾਵਾ, ਸਟੋਕ ਸੇਟ੍ਰੀਟੀ ਡੀਲਰਸ਼ਿਪ ?ਸ ਜੇਰੀਅਨ ਅਸਲ ਸ ?ਪੇ ਪਾਰਟਸ ਆਸਾਨੀ ਨਾਲ ਮਿਲ ਜਾਂਦੇ ਹਨ। ਉੱਚ ਕੁਸ਼ਲ ਤਕਨੀਸ਼ੀਅਨ, ਜਿੰਨ੍ਹਾਂ ਕੰਪਨੀ ਲਗਾਤਾਰ ਸਿੱਖਿਆ ਕਰ ਰਹੀ ਹੈ, ਟਾਟਾ ਮੋਟਰਸ ਦੀ ਸੇਵਾ ਵਿੱਚ ਉਤਪਤੀ ਦਾ ਆਧਾਰ ਹੈ। ਲੜੀਵਾਰ ਦੇ ਅਨੁਭਵ ਨੂੰ ਹੋਰ ਵੀ ਬਿਹਤਰ ਬਣਾਉਣ ਲਈ ਟਾਟਾ ਮੋਟਰਸ ਕਈ ਮੂਲ-ਵਰਧਿਤ ਸੇਵਾ ਪ੍ਰਦਾਨ ਕਰਦਾ ਹੈ। ਤੁਹਾਡੇ ਅਪਟਾਈਮ ਦੀ ਬਜਟ, ਔਨ-ਸਾਈਟ ਸਰਵਿਸ, ਮੈਂਟੇਨੇਨ ਦਾ ਸਾਲਾਨਾ ਅਤੇ ਫਲੀਟ ਮੇਰੀਮੈਂਟ ਸੌਲਯੂਸ਼ੰਸ ਸ਼ਾਮਲ ਹਨ। ਟਾਟਾ ਅਲਰਟ ਅਤੇ ਟਾਟਾ ਕਵਚ ਵਰਗੀਆਂ ਪਹਿਲੀਆਂ ਦੁਰਘਟਨਾਵਾਂ ਦੀ ਸਥਿਤੀ ਸੜਕ 'ਤੇ ਹੀ ਵਾਹਨਾਂ ਦੀ ਸਹਾਇਤਾ ਅਤੇ ਮਰੰਮਤ ਕਰਦੀ ਹੈ। ਜਦੋਂ ਟਾਟਾ ਜਿਪ ਪੀ ਐਸ਼ ਯੋਰੇਨਸ ਸੇ ਸਰਵਿਸ ਦੀ ਚਿੰਤਾਵਾਂ ਦਾ ਸਹੀ ਸਮਾਂ ਨਿਸ਼ਚਤ ਹੋ ਜਾਂਦਾ ਹੈ।

ਇਹ ਸੇਵਾ ਪ੍ਰਾਪਤ ਕਰਨ ਲਈ ਡਾਊਨ ਟਾਈਮ ਨੂੰ ਕਮ ਕਰਦੀ ਹੈ ਅਤੇ ਵਾਹਨਾਂ ਦੀ ਵਿਸ਼ਵਾਸਯੋਗਤਾ ਵਧਦੀ ਹੈ, ਵਿਸ਼ਵ ਦੀ ਸਮਰੱਥਾ ਵਿੱਚ ਵਾਧਾ ਹੁੰਦਾ ਹੈ।

# ਗੈਰ-ਕਾਨੂੰਨੀ ਢੰਗ ਨਾਲ ਲੋਕਾਂ ਨੂੰ ਕੰਬੋਡੀਆ ਭੇਜਣ ਵਾਲੇ ਦੋ ਟਰੈਵਲ ਏਜੰਟਾਂ ਨੂੰ ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਨੇ ਕੀਤਾ ਗ੍ਰਿਫਤਾਰ

**➢ ਗ੍ਰਿਫ਼ਤਾਰ ਵਿਅਕਤੀਆਂ ਨੇ ਧੋਖੇ ਨਾਲ ਬਹੁਤ ਲੋਕਾਂ ਨੂੰ ਕੰਬੋਡੀਆ ਭੇਜਿਆ, ਜਿੱਥੇ ਉਹ ਜ਼ਬਰਨ ਸਾਈਬਰ ਗੁਲਾਮੀ ਦੇ ਹੋ ਰਹੇ ਹਨ ਸ਼ਿਕਾਰ : ਡੀਜੀਪੀ ਗੌਰਵ ਯਾਦਵ ➢ ਅਜਿਹੇ ਹੋਰ ਟਰੈਵਲ ਏਜੰਟਾਂ ਦੀ ਪਛਾਣ ਕਰਨ ਲਈ ਕੀਤੀ ਜਾ ਰਹੀ ਹੈ ਹੋਰ ਤ.ਫ਼ਤੀਸ਼ : ਏਡੀਜੀਪੀ ਵੀ. ਨੀਰਜਾ**

**ਚੰਡੀਗੜ੍ਹ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਨੇ ਪੰਜਾਬ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਲੋਕਾਂ ਨੂੰ ਕੰਬੋਡੀਆ ਅਤੇ ਹੋਰ ਦੱਖਣ ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਭੇਜਣ ਵਾਲੇ ਦੋ ਟਰੈਵਲ ਏਜੰਟਾਂ ਨੂੰ ਮਨੁੱਖੀ ਤਸਕਰੀ ਕਰਨ ਦੇ ਦੋਸ਼ ਹੇਠ ਗ੍ਰਿ.ਫ਼ਤਾਰ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਅਮਰਜੀਤ ਸਿੰਘ, ਜੋ ਕਿ ਮੋਹਾਲੀ ਸਥਿਤ ਵੀਜ਼ਾ ਪੈਲੇਸ ਇਮੀਗ੍ਰੇਸ਼ਨ ਦਾ ਮਾਲਕ ਹੈ ਅਤੇ ਉਸ ਦੇ ਸਾਥੀ ਗੁਰਜੋਧ ਸਿੰਘ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਕਾਬੂ ਕੀਤੇ ਗਏ ਟਰੈਵਲ ਏਜੰਟ ਭੋਲੇ-ਭਾਲੇ ਲੋਕਾਂ ਨੂੰ ਡਾਟਾ ਐਂਟਰੀ ਦੀਆਂ ਨੌਕਰੀਆਂ ਦਾ ਲਾਲਚ ਦੇ ਕੇ ਪੰਜਾਬ ਤੋਂ ਕੰਬੋਡੀਆ ਭੇਜਦੇ ਸਨ। ਕੰਬੋਡੀਆ ਵਿੱਚ ਸਿਆਮ ਰੀਪ ਪਹੁੰਚਣ 'ਤੇ, ਉਹਨਾਂ ਦੇ ਪਾਸਪੋਰਟ ਖੋਹ ਲਏ ਜਾਂਦੇ ਹਨ ਅਤੇ ਫਿਰ ਉਹਨਾਂ ਨੂੰ ਸਾਈਬਰ ਸਕੈਮਿੰਗ ਕਾਲ ਸੈਂਟਰਾਂ ਵਿੱਚ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ ਤਾਂ ਜੋ ਸਾਈਬਰ ਫਾਈਨਾਂਸ਼ੀਅਲ ਫਰਾਡ ਲਈ ਭਾਰਤੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਕੰਬੋਡੀਆ ਸਥਿਤ ਭਾਰਤੀ ਦੂਤਾਵਾਸ ਦੇ ਸੰਪਰਕ ਵਿੱਚ ਆਉਣ ਵਾਲੇ ਪੀੜਤ ਦੀ ਜਾਣਕਾਰੀ ਤੋਂ ਬਾਅਦ ਸਟੇਟ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਨੇ ਐਫਆਈਆਰ ਦਰਜ ਕਰਕੇ ਇਸ ਕੇਸ ਸਬੰਧੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਆਈਪੀਸੀ ਦੀ ਧਾਰਾ 370,406,420 ਅਤੇ 120-ਬੀ ਅਤੇ ਇਮੀਗਰੇਸ਼ਨ ਐਕਟ ਦੀ ਧਾਰਾ 24 ਤਹਿਤ ਸਟੇਟ ਕ੍ਰਾਈਮ ਪੁਲਿਸ ਸਟੇਸ਼ਨ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮਾਂ ਨੇ ਕਈ ਵਿਅਕਤੀਆਂ ਨੂੰ ਧੋਖੇ ਨਾਲ ਕੰਬੋਡੀਆ ਅਤੇ ਹੋਰ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਭੇਜਿਆ ਹੈ, ਜਿੱਥੇ ਉਨ੍ਹਾਂ ਤੋਂ ਭਾਰਤੀਆਂ ਨਾਲ ਸਾਈਬਰ ਸਕੈਮਿੰਗ ਵਾਲੇ ਕੇਂਦਰਾਂ ਵਿੱਚ ਜ਼ਬਰਦਸਤੀ ਕੰਮ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਈਬਰ ਗੁਲਾਮੀ ਵਿੱਚ ਫਸੇ ਹੋਰ ਵਿਅਕਤੀਆਂ ਦੇ ਵੇਰਵੇ ਪ੍ਰਾਪਤ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸੰਪਰਕ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਏਡੀਜੀਪੀ ਸਾਈਬਰ ਕ੍ਰਾਈਮ ਡਿਵੀਜ਼ਨ ਵੀ. ਨੀਰਜਾ ਨੇ ਹੋਰ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਸਟੇਟ ਸਾਈਬਰ ਕ੍ਰਾਈਮ ਦੀ ਪੁਲਿਸ ਟੀਮ ਨੇ ਇੰਸਪੈਕਟਰ ਦੀਪਕ ਭਾਟੀਆ ਦੀ ਅਗਵਾਈ ਹੇਠ ਵੀਜ਼ਾ ਪੈਲੇਸ ਇਮੀਗ੍ਰੇਸ਼ਨ ਦੇ ਦਫ਼ਤਰ 'ਤੇ ਛਾਪਾ ਮਾਰਿਆ ਅਤੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਨੇ ਦੱਸਿਆ ਕਿ ਮੁਲਜ਼ਮਾਂ ਨੇ ਅੱਗੇ ਖੁਲਾਸਾ ਕੀਤਾ ਹੈ ਕਿ ਉਹ ਵੱਖ-ਵੱਖ ਰਾਜਾਂ ਨਾਲ ਸਬੰਧਤ ਹੋਰ ਏਜੰਟਾਂ ਦੀ ਮਿਲੀਭੁਗਤ ਨਾਲ ਗੈਰ-ਕਾਨੂੰਨੀ ਗਤੀਵਿਧੀਆਂ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਜਿਹੇ ਹੋਰ ਟਰੈਵਲ ਏਜੰਟਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਪਛਾਣ ਕਰਨ / ਕਾਬੂ ਕਰਨ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

ਏ.ਡੀ.ਜੀ.ਪੀ. ਨੇ ਨਾਗਰਿਕਾਂ ਨੂੰ ਅਜਿਹੀਆਂ ਧੋਖਾਧੜੀ ਵਾਲੀਆਂ ਇਮੀਗ੍ਰੇਸ਼ਨ ਗਤੀਵਿਧੀਆਂ ਤੋਂ ਸੁਚੇਤ ਰਹਿਣ ਅਤੇ ਵਿਦੇਸ਼ਾਂ, ਖਾਸ ਕਰਕੇ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਚੰਗੀਆਂ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਨ ਵਾਲੇ ਟਰੈਵਲ ਏਜੰਟਾਂ ਦੇ ਝੂਠੇ ਵਾਅਦਿਆਂ ਦਾ ਸ਼ਿਕਾਰ ਨਾ ਹੋਣ ਲਈ ਕਿਹਾ। ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਸੰਭਾਵੀ ਰੁਜ਼ਗਾਰਦਾਤਾ ਦੇ ਪਿਛੋਕੜ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾਵੇ, ਖਾਸ ਤੌਰ 'ਤੇ ਜਦੋਂ 'ਡਾਟਾ ਐਂਟਰੀ ਆਪਰੇਟਰ' ਨੌਕਰੀ ਦੇ ਨਾਮ 'ਤੇ ਕੰਮ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਦਬਾਅ ਹੇਠ ਕੋਈ ਵੀ ਗੈਰ-ਕਾਨੂੰਨੀ ਸਾਈਬਰ ਗਤੀਵਿਧੀਆਂ ਨਾ ਕਰਨ ਅਤੇ ਭਾਰਤੀ ਦੂਤਾਵਾਸ ਤੱਕ ਪਹੁੰਚ ਕਰਨ । ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਰੁਜ਼ਗਾਰ ਦੇ ਉਦੇਸ਼ਾਂ ਲਈ ਵਿਦੇਸ਼ ਜਾਣ ਦੇ ਚਾਹਵਾਨ ਵਿਅਕਤੀਆਂ ਨੂੰ ਲੋੜੀਂਦੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਸਿੰਗਲ-ਵਿੰਡੋ ਸੁਵਿਧਾ ਕੇਂਦਰ ਵਜੋਂ ਓਵਰਸੀਜ਼ ਵਰਕਰਜ਼ ਰਿਸੋਰਸ ਸੈਂਟਰ (ਓਡਬਲਿਊਆਰਸੀ) ਦੀ ਸਥਾਪਨਾ ਵੀ ਕੀਤੀ ਹੈ। ਓ.ਡਬਲਿਊ .ਆਰ .ਸੀ. ਅੱਜ ਕੱਲ੍ਹ 24*7 ਹੈਲਪਲਾਈਨ (1800113090) ਉਪਲਬਧ ਹੈ ਤਾਂ ਜੋ ਪ੍ਰਵਾਸੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਇੱਕ ਟੋਲ ਫਰੀ ਨੰਬਰ ਰਾਹੀਂ ਲੋੜ ਅਧਾਰਤ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ। ਜੇਕਰ ਪੰਜਾਬ ਰਾਜ ਦਾ ਕੋਈ ਹੋਰ ਵਿਅਕਤੀ ਇਸ ਕਥਿਤ ਘੁਟਾਲੇ ਦਾ ਸ਼ਿਕਾਰ ਹੋਇਆ ਹੈ, ਤਾਂ ਉਹ ਵਿਅਕਤੀ ਸਟੇਟ ਸਾਈਬਰ ਕ੍ਰਾਈਮ ਡਵੀਜ਼ਨ, ਪੰਜਾਬ ਹੈਲਪਲਾਈਨ ਨੰ. 0172-2226258 'ਤੇ ਸੰਪਰਕ ਕਰਕੇ ਵਿਦੇਸ਼ ਮੰਤਰਾਲੇ, ਨਵੀਂ ਦਿੱਲੀ ਰਾਹੀਂ ਹੋਰ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।

# ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਦੀ ਨਿਵੇਕਲੀ ਪਹਿਲ 'ਅਨੀਮੀਆ ਨੂੰ ਜਾਣੋ-ਅਨੀਮੀਆ ਭਜਾਓ' ਪ੍ਰਾਜੈਕਟ ਸ਼ਕਤੀ ਦੀ ਸ਼ੁਰੂਆਤ

## ਰਾਜਪੁਰਾ ਦੀਆਂ ਸਕੂਲੀ ਵਿਦਿਆਰਥਣਾਂ ਨੂੰ ਅਨੀਮੀਆ ਮੁਕਤ ਕਰਕੇ ਪੂਰੇ ਜ਼ਿਲ੍ਹੇ 'ਚ ਲਾਗੂ ਕੀਤਾ ਜਾਵੇਗਾ ਪ੍ਰਾਜੈਕਟ ਸ਼ਕਤੀ-ਡਿਪਟੀ ਕਮਿਸ਼ਨਰ

**ਪਟਿਆਲਾ, 6 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਨਿਵੇਕਲੀ ਪਹਿਲਕਦਮੀ ਕਰਦਿਆਂ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੂੰ ਅਨੀਮੀਆ ਮੁਕਤ ਕਰਨ ਲਈ 'ਪ੍ਰਾਜੈਕਟ ਸ਼ਕਤੀ' ਦੀ ਸ਼ੁਰੂਆਤ ਕੀਤੀ ਹੈ। ਇੱਥੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਵਿਖੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਪ੍ਰਾਜੈਕਟ ਸ਼ਕਤੀ ਦੀ ਸ਼ੁਰੂਆਤ ਕਰਵਾਉਂਦਿਆਂ ਦੱਸਿਆ ਕਿ ਪਾਇਲਟ ਪ੍ਰਾਜੈਕਟ ਵਜੋਂ ਰਾਜਪੁਰਾ ਦੇ 42 ਸਕੂਲਾਂ ਨੂੰ ਇਸ ਪ੍ਰਾਜੈਕਟ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦੀ ਸਫ਼ਲਤਾ ਬਾਅਦ ਪੂਰੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਨੂੰ ਇਸ ਪ੍ਰਾਜੈਕਟ ਵਿੱਚ ਸ਼ਾਮਲ ਕੀਤਾ ਜਾਵੇਗਾ ਤਾਂ ਕਿ ਸਾਡੀਆਂ ਬੱਚੀਆਂ ਨੂੰ ਖ਼ੂਨ ਦੀ ਘਾਟ ਤੋਂ ਮੁਕਤ ਕਰਕੇ ਗੰਭੀਰ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਸਕੂਲੀ ਵਿਦਿਆਰਥੀਆਂ, ਖਾਸ ਕਰਕੇ ਲੜਕੀਆਂ ਦੀ ਸਿਹਤ ਵੱਲ ਪੰਜਾਬ ਸਰਕਾਰ ਵੱਲੋਂ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਾਭਾ ਪਾਵਰ ਲਿਮਟਿਡ ਦੇ ਸਹਿਯੋਗ ਨਾਲ ਸਿਹਤ ਅਤੇ ਸਕੂਲ ਸਿੱਖਿਆ ਵਿਭਾਗ ਵੱਲੋਂ 10 ਤੋਂ 19 ਸਾਲ ਦੀਆਂ ਲੜਕੀਆਂ ਦੇ ਖ਼ੂਨ ਦੀ ਜਾਂਚ ਕਰਕੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਤੇ ਖ਼ੁਰਾਕ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਖ਼ੂਨ ਦੀ ਘਾਟ ਵਾਲੀਆਂ ਬੱਚੀਆਂ ਦਾ ਤਿੰਨ ਮਹੀਨੇ ਬਾਅਦ ਫਿਰ ਟੈਸਟ ਕੀਤਾ ਜਾਵੇਗਾ ਤੇ ਇਨ੍ਹਾਂ ਪਛਾਣ ਕੀਤੀਆਂ ਬੱਚੀਆਂ ਲਈ ਮਿਡ ਡੇ ਮੀਲ 'ਚ ਜੇਕਰ ਕੋਈ ਤਬਦੀਲੀ ਕਰਨ ਸਮੇਤ ਕੋਈ ਵਾਧੂ ਦਵਾਈਆਂ ਜਾਂ ਖ਼ੁਰਾਕ ਦੇਣ ਦੀ ਲੋੜ ਹੈ, ਇਸ 'ਤੇ ਵੀ ਕੰਮ ਕੀਤਾ ਜਾਵੇਗਾ। ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਸਿਹਤ ਵਿਭਾਗ ਵੱਲੋਂ ਕਰਵਾਈ ਗਈ ਜਾਂਚ ਵਿੱਚ ਪਾਇਆ ਗਿਆ ਹੈ ਕਿ 50 ਫੀਸਦੀ ਤੋਂ ਵੱਧ ਵਿਦਿਆਰਥਣਾਂ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ, ਇਸ ਲਈ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਪ੍ਰਾਜੈਕਟ ਸ਼ਕਤੀ ਲਾਂਚ ਕੀਤਾ ਗਿਆ ਹੈ ਤਾਂ ਕਿ ਸਾਡੀਆਂ ਬੱਚੀਆਂ ਨੂੰ ਸਿਹਤਮੰਦ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਜਿੱਥੇ ਵਿਦਿਆਰਥਣਾਂ ਦੀ ਥੈਲਾਸੀਮੀਆ ਦੇ ਨਾਲ-ਨਾਲ ਪੂਰੀ ਸਿਹਤ ਜਾਂਚ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਖ਼ੂਨ ਦੀ ਕਮੀ ਹੋਣ ਵਾਲੀਆਂ ਗੰਭੀਰ ਅਲਾਮਤਾਂ ਬਾਰੇ ਸੁਚੇਤ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਡੀ.ਡੀ.ਐਫ਼. ਨਿਧੀ ਮਲਹੋਤਰਾ, ਜਿਸ ਨੇ ਇਸ ਪ੍ਰਾਜੈਕਟ ਦੀ ਰੂਪ ਰੇਖਾ ਉਲੀਕੀ ਤੇ ਇਸ ਨੂੰ ਸਫ਼ਲ ਬਣਾਉਣ ਲਈ ਸਾਰੇ ਸਬੰਧਤਾਂ ਨਾਲ ਤਾਲਮੇਲ ਕੀਤਾ, ਨੇ ਕਿਹਾ ਕਿ ਖ਼ੂਨ ਦੀ ਗੰਭੀਰ ਘਾਟ ਵਾਲੇ ਬੱਚਿਆਂ ਦਾ ਇਲਾਜ ਸਿਵਲ ਹਸਪਤਾਲ ਤੇ ਰਾਜਿੰਦਰਾ ਹਸਪਤਾਲ ਵਿਖੇ ਕਰਵਾਇਆ ਜਾਵੇਗਾ। ਪ੍ਰਾਜੈਕਟ ਲਾਂਚ ਕਰਨ ਸਮੇਂ ਸਿਵਲ ਸਰਜਨ ਡਾ. ਸੰਜੇ ਗੋਇਲ, ਐਨ.ਪੀ.ਐਲ. ਦੇ ਸੀ.ਐਸ.ਆਰ. ਪ੍ਰਾਜੈਕਟ ਹੈਡ ਜੀ.ਐਸ. ਚੀਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਦਰਸ਼ਨਜੀਤ ਸਿੰਘ, ਡੀ.ਡੀ.ਐਫ਼. ਨਿਧੀ ਮਲਹੋਤਰਾ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗੁਰਪ੍ਰੀਤ ਕੌਰ, ਮੈਡੀਕਲ ਕਾਲਜ ਤੋਂ ਡਾ. ਅਮਨਦੇਵ ਅਤੇ ਡਾ. ਤਾਨਿਆ ਸਮੇਤ ਸਿਹਤ ਵਿਭਾਗ ਤੇ ਸਿੱਖਿਆ ਦੇ ਨੁਮਾਇੰਦੇ ਮੌਜੂਦ ਸਨ।

# ਰੋਟਰੀ ਕਲੱਬ ਅਨੰਦਪੁਰ ਸਾਹਿਬ ਨੇ ਡਾਕਟਰ ਦਿਵਸ ਤੇ ਸੀ ਏ ਦਿਵਸ ਮਨਾਇਆ




**ਸ੍ਰੀ ਅਨੰਦਪੁਰ ਸਾਹਿਬ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੀ ਨਵੀਂ ਟੀਮ ਨੇ ਰੋਟਰੀ ਦੇ ਨਵੇਂ ਸਾਲ 2024-25 ਦੀ ਆਰੰਭਤਾਂ ਸਮਾਜ ਸੇਵੀ ਕਾਰਜਾਂ ਨਾਲ ਸ਼ੁਰੂ ਕਰਦਿਆਂ ਸਾਲ ਦੇ ਪਹਿਲੇ ਦਿਨ ਡਾਕਟਰ ਡੇ ਅਤੇ ਸੀਏ ਡੇ ਮਨਾਉਂਦਿਆਂ ਕੀਤੀ ਕਲੱਬ ਦੇ ਨਵੇਂ ਪ੍ਰਧਾਨ ਗੁਰਪਾਲ ਢਿੱਲੋਂ ਦੀ ਅਗਵਾਈ ਚ ਨਵੀ ਟੀਮ ਵਲੋਂ ਕਲੱਬ ਦੇ ਸੀਨੀਅਰ ਮੈਂਬਰ ਡਾਕਟਰ ਪੀਜੇਐਸ ਕੰਗ, ਡਾਕਟਰ ਰਣਵੀਰ ਸਿੰਘ ਬੈਂਸ ਅਤੇ ਸੀ ਏ ਗੁਰਜਿੰਦਰ ਸਿੰਘ ਵਲੋਂ ਕੇਕ ਕੱਟਿਆ ਗਿਆ ਇਸ ਮੌਕੇ ਡਾਕਟਰ ਪੀਜੀਐਸ ਕੰਗ ਅਤੇ ਡਾਕਟਰ ਰਣਬੀਰ ਸਿੰਘ ਨੇ ਸੰਬੋਧਨ ਕਰਦਿਆਂ ਡਾਕਟਰ ਦਿਵਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਡਾਕਟਰੀ ਦੇ ਪੇਸ਼ੇ ਵਿੱਚ ਕੁਝ ਅਜਿਹੇ ਡਾਕਟਰ ਵੀ ਹੁੰਦੇ ਹਨ ਜੋ ਆਪਣੀ ਪ੍ਰੈਕਟਿਸ ਦੇ ਨਾਲ ਨਾਲ ਸਮਾਜ ਲਈ ਵੀ ਸਮਾਂ ਕੱਢਦੇ ਹਨ ਤੇ ਮਰੀਜ਼ਾਂ ਦਾ ਮੁਫਤ ਇਲਾਜ ਵੀ ਕਰਦੇ ਹਨ ਅਜਿਹੇ ਸਮਾਜ ਭਲਾਈ ਦੇ ਕੰਮ ਕਰਨ ਵਾਲਿਆਂ ਦੀ ਸਮਾਜ ਵਿੱਚ ਬਹੁਤ ਲੋੜ ਹੈ ਉਨ੍ਹਾਂ ਦੱਸਿਆ ਕਿ 01 ਜੁਲਾਈ ਤੋਂ ਰੋਟਰੀ ਦਾ ਨਵਾਂ ਵਰਾ ਸ਼ੁਰੂ ਹੁੰਦਾ ਹੈ। ਜਿਸ ਦੇ ਨਵੇਂ ਪ੍ਰਧਾਨ ਡਾਕਟਰ ਗੁਰਪਾਲ ਢਿਲੋ ਅਤੇ ਉਹਨਾਂ ਦੀ ਟੀਮ ਦਾ ਤਾਜਪੋਸ਼ੀ ਸਮਾਗਮ ਅਗਲੇ ਹਫਤੇ ਕੀਤਾ ਜਾਵੇਗਾ। ਇਸ ਮੌਕੇ ਸੀ ਏ ਗੁਰਜਿੰਦਰ ਸਿੰਘ ਵੱਲੋਂ ਸੀਏ ਦਿਵਸ ਮਨਾਉਣ ਦੀ ਸ਼ੁਰੂਆਤ ਅਤੇ ਕਿਉਂ ਮਨਾਇਆ ਜਾਂਦਾ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

# ਬੈਂਸ ਪਰਿਵਾਰ ਨੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਦਾ ਆਸੀਰਵਾਦ ਲਿਆ



**ਸ੍ਰੀ ਅਨੰਦਪੁਰ ਸਾਹਿਬ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਡੇਰਾ ਬਿਆਸ ਮੁਖੀ ਸਤਿਕਾਰਯੋਗ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਨੇ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਦੀ ਸਰਕਾਰੀ ਰਿਹਾਇਸ਼ ਚੰਡੀਗੜ੍ਹ ਵਿਖੇ ਪਹੁੰਚ ਕੇ ਬੈਂਸ ਪਰਿਵਾਰ ਨੂੰ ਆਸ਼ੀਰਵਾਦ ਦਿੱਤਾ ਤੇ ਮਾਨਵਤਾ ਦੇ ਕਲਿਆਣ ਦਾ ਸੁਨੇਹਾ ਦਿੱਤਾ। ਇਸ ਮੌਕੇ ਬੈਂਸ ਪਰਿਵਾਰ ਦੇ ਮੈਂਬਰ ਸ੍ਰੀਮਤੀ ਜਯੋਤੀ ਯਾਦਵ ਆਈ.ਪੀ.ਐਸ (ਪਤਨੀ),ਸੋਹਣ ਸਿੰਘ ਬੈਂਸ (ਪਿਤਾ), ਬਲਵਿੰਦਰ ਕੌਰ ਬੈਂਸ (ਮਾਤਾ) ਵੀ ਹਾਜ਼ਰ ਸਨ। . ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਹ ਬਹੁਤ ਹੀ ਭਾਗਾ ਵਾਲੇ ਹਨ ਜਿਨ੍ਹਾਂ ਦੇ ਪਰਿਵਾਰ ਨੂੰ ਸਤਿਕਾਰਯੋਗ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਦਾ ਆਸ਼ੀਰਵਾਦ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਬਹੁਤ ਹੀ ਭਾਗਾ ਵਾਲਾ ਦਿਨ ਹੈ ਕਿ ਜਦੋਂ ਮਹਾਪੁਰਸ਼ਾਂ ਦੇ ਚਰਨ ਉਨਾ ਦੇ ਗ੍ਰਹਿ ਵਿਚ ਪਏ ਹਨ। ਬਾਬਾ ਜੀ ਨੇ ਆਪਣਾ ਆਸ਼ੀਰਵਾਦ ਦੇ ਕੇ ਅੱਜ ਸਾਡੇ ਪਰਿਵਾਰ ਦਾ ਮਾਣ ਵਧਾਇਆ ਹੈ ਤੇ ਉਨ੍ਹਾਂ ਦਾ ਪਰਿਵਾਰ ਆਪਣੇ ਆਪ ਨੂੰ ਬਹੁਤ ਹੀ ਖੁਸ਼ਕਿਸਮਤ ਮਹਿਸੂਸ ਕਰ ਰਿਹਾ ਹੈ। ਅਸੀ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਸਮੁੱਚੀ ਲੋਕਾਈ ਵਿੱਚ ਸ਼ਾਤੀ ਤੇ ਸਦਭਾਵਨਾ ਬਣੀ ਰਹੇ।

# ਪਟਿਆਲਾ ਕ੍ਰਾਇਮ ਰਿਪੋਰਟ

## ਥਾਣਾ ਅਨਾਜ ਮੰਡੀ ਨੇ ਕੀਤਾ ਅਣਪਛਾਤੇ ਕਾਰ ਡਰਾਈਵਰ ਵਿਰੁੱਧ ਕੇਸ ਦਰਜ

ਪਟਿਆਲਾ, 6 ਜੁਲਾਈ (ਕੌਮੀ ਪੱਤ੍ਰਿਕਾ ਬਿਊਰੋ) - ਥਾਣਾ ਅਨਾਜ ਮੰਡੀ ਪਟਿਆਲਾ ਦੀ ਪੁਲਿਸ ਨੇ ਸ਼ਿਕਾਇਤ ਕਰਤਾ ਕੇਵਲ ਕ੍ਰਿਸ਼ਨ ਪੁੱਤਰ ਮਨਸ਼ਾ ਰਾਮ ਵਾਸੀ ਪਿੰਡ ਆਦੋਆਨਾ ਜ਼ਿਲ੍ਹਾ ਮੋਹਾਲੀ ਹਾਲ ਪਿੰਡ ਬਾਰਨ ਪਟਿਆਲਾ ਦੀ ਸ਼ਿਕਾਇਤ ਦੇ ਅਧਾਰ ਤੇ ਅਣਪਛਾਤੇ ਕਾਰ ਡਰਾਈਵਰ ਦੇ ਵਿਰੁੱਧ ਧਾਰਾ 281,106 ਬੀ.ਐਨ.ਐਸ.ਅਧੀਨ ਮਾਮਲਾ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਕੇਵਲ ਕ੍ਰਿਸ਼ਨ ਨੇ ਦੱਸਿਆ ਕਿ 2 ਜੁਲਾਈ ਨੂੰ ਜਦੋਂ ਉਸਦੀ ਪਤਨੀ ਗੀਨਾ ਦੇਵੀ ਆਪਣੀ ਸਕੂਟਰੀ 'ਤੇ ਸਵਾਰ ਹੋ ਦੇ ਸਰਹਿੰਦ ਰੋਡ ਪਟਿਆਲਾ ਨੇੜੇ ਮਾਡਰਨ ਟਾਇਰ ਕੋਲ ਜਾ ਰਹੇ ਸੀ ਤਾਂ ਅਣਪਛਾਤੇ ਕਾਰ ਡਰਾਈਵਰ ਨੇ ਕਾਰ ਤੇਜ ਰਫਤਾਰ ਨਾਲ ਲਿਆ ਕੇ ਗੀਨਾ ਦੇਵੀ ਵਿੱਚ ਮਾਰੀ ਜੋ ਦੁਰਘਟਨਾ ਵਿੱਚ ਗੀਨਾ ਦੇਵੀ ਦੀ ਮੌਤ ਹੋ ਗਈ। ਪੁਲਿਸ ਨੇ ਅਣਪਛਾਤੇ ਕਾਰ ਡਰਾਈਵਰ ਵਿਰੁੱਧ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਥਾਣਾ ਲਾਹੌਰੀ ਗੇਟ ਪੁਲਿਸ ਨੇ ਕੀਤਾ ਇੱਕ ਵਿਅਕਤੀ ਵਿਰੁੱਧ ਕੇਸ ਦਰਜ

ਪਟਿਆਲਾ, 6 ਜੁਲਾਈ (ਕੌਮੀ ਪੱਤ੍ਰਿਕਾ ਬਿਊਰੋ) - ਥਾਣਾ ਲਾਹੌਰੀ ਗੇਟ ਪਟਿਆਲਾ ਦੀ ਪੁਲਿਸ ਨੇ ਇੱਕ ਵਿਅਕਤੀ ਵਿਰੁੱਧ ਸ਼ਿਕਾਇਤਕਰਤਾ ਵਿਕਰਾਂਤ ਪੁੱਤਰ ਵਿਜੇ ਕੁਮਾਰ ਵਾਸੀ ਮਕਾਨ ਨੰਬਰ ਐਸ 181 ਚੀਮਾ ਬਾਗ ਕਲੋਨੀ ਸਨੌਰ ਦੀ ਸ਼ਿਕਾਇਤ ਦੇ ਆਧਾਰ 'ਤੇ ਧਾਰਾ 281, 125-ਏ, 324 (4) (5) ਬੀ. ਐਨ. ਐਸ. ਤਹਿਤ ਕੇਸ ਦਰਜ ਕੀਤਾ ਹੈ। ਜਿਹੜੇ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ ਵਿੱਚ ਜਗਸੀਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਹਰੀਪੁਰ ਬਸਤੀ ਜਿਲਾ ਸੰਗਰੂਰ ਸ਼ਾਮਿਲ ਹੈ। ਸ਼ਿਕਾਇਤ ਕਰਤਾ ਵਿਕਰਾਂਤ ਨੇ ਪੁਲਿਸ ਨੂੰ ਦੱਸਿਆ ਕਿ ਦੋ ਜੁਲਾਈ ਨੂੰ ਜਦੋਂ ਉਹ ਆਪਣੀ ਪਤਨੀ ਨੇਹਾ ਰਾਣੀ ਅਤੇ ਭੈਣ ਜੋਤੀ ਨਾਲ ਸਕੂਟਰੀ 'ਤੇ ਸਵਾਰ ਹੋ ਕੇ ਪੁਰਾਣਾ ਬੱਸ ਸਟੈਂਡ ਪਟਿਆਲਾ ਦੇ ਕੋਲ ਜਾ ਰਿਹਾ ਸੀ ਤਾਂ ਅਣਪਛਾਤੇ ਡਰਾਈਵਰ ਨੇ ਆਪਣੀ ਕਾਰ ਤੇਜ ਰਫਤਾਰ ਤੇ ਲਾਪਰਵਾਹੀ ਨਾਲ ਲਿਆ ਕੇ ਉਹਨਾਂ ਦੇ ਵਿੱਚ ਮਾਰੀ, ਜੋ ਦੁਰਘਟਨਾ ਵਿੱਚ ਉਹਨਾਂ ਦੇ ਸੱਟਾਂ ਲੱਗੀਆਂ, ਜਿਸ 'ਤੇ ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਥਾਣਾ ਅਰਬਨ ਅਸਟੇਟ ਪੁਲਿਸ ਨੇ ਕੀਤਾ ਤਿੰਨ ਵਿਅਕਤੀਆਂ ਸਮੇਤ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ

ਪਟਿਆਲਾ, 6 ਜੁਲਾਈ (ਕੌਮੀ ਪੱਤ੍ਰਿਕਾ ਬਿਊਰੋ) - - ਥਾਣਾ ਅਰਬਨ ਅਸਟੇਟ ਪਟਿਆਲਾ ਦੀ ਪੁਲਿਸ ਨੇ ਸ਼ਿਕਾਇਤ ਕਰਤਾ ਵਿਸ਼ਾਲ ਕੁਮਾਰ ਪੁੱਤਰ ਰੋਸ਼ਨ ਲਾਲ ਵਾਸੀ ਵਾਰਡ ਨੰਬਰ 14/21 ਕੁਟੀਆ ਵਾਲੀ ਗਲੀ ਮਾਨਸਾ ਹਾਲ ਸਪੋਰਟਸ ਹੋਸਟਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸ਼ਿਕਾਇਤ ਦੇ ਆਧਾਰ 'ਤੇ ਧਾਰਾ 323, 341, 324, 506, 148, 149 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਜਿਹੜੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ ਵਿੱਚ ਕਰਮਵੀਰ ਸਿੰਘ ਵਾਸੀ ਭਰਪੂਰ ਗਾਰਡਨ, ਬਿੰਦਰ ਵਾਸੀ ਮੈਨ ਥਾਣਾ ਪਸਿਆਣਾ, ਅਜੇ ਵਾਸੀ ਸਵਾਜਪੁਰ ਥਾਣਾ ਪਸਿਆਣਾ ਅਤੇ ਤਿੰਨ ਚਾਰ ਹੋਰ ਅਣਪਛਾਤੇ ਵਿਅਕਤੀ ਸ਼ਾਮਿਲ ਹਨ।

# ਜ਼ੀਰਕਪੁਰ ਟ੍ਰੈਫਿਕ ਪੁਲਿਸ ਨੇ ਇਕ ਦਿਨ 'ਚ 70 ਵਾਹਨ ਚਾਲਕਾਂ ਦੇ ਕੱਟੇ ਚਲਾਨ

**ਜ਼ੀਰਕਪੁਰ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਟ੍ਰੈਫਿਕ ਪੁਲਿਸ ਵੱਲੋਂ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਾਹਨ ਚਾਲਕਾਂ 'ਤੇ ਨੱਥ ਪਾਉਣ ਲਈ ਐੱਸਐੱਸਪੀ ਮੁਹਾਲੀ ਸੰਦੀਪ ਗਰਗ ਦੇ ਹੁਕਮਾਂ ਤੇ ਐੱਸਪੀ ਟ੍ਰੈਫਿਕ, ਡੀਐੱਸਪੀ ਟ੍ਰੈਫਿਕ ਮਹੇਸ਼ ਸੈਣੀ ਦੀ ਨਿਗਰਾਨੀ ਹੇਠ ਟ੍ਰੈਫਿਕ ਇੰਚਾਰਜ਼ ਜ਼ੀਰਕਪੁਰ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਵਾਹਨਾਂ ਦੇ ਚਾਲਾਨ ਕੀਤੇ ਗਏ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਟ੍ਰੈਫਿਕ ਇੰਚਾਰਜ਼ ਜੀਰਕਪੁਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਵਿਚ ਰੈਡ ਲਾਈਟ ਕਰਾਸ ਕਰਨ, ਬਿਨਾਂ ਹੈਲਮੈਟ ਤੋਂ ਬਾਇਕ ਚਲਾਉਣ, ਸੀਟ ਬੈਲਟ ਦੀ ਵਰਤੋਂ ਨਾ ਕਰਨ ਅਤੇ ਗਲਤ ਪਾਰਕਿੰਗ ਵਿਚ ਗੱਡੀ ਖੜ੍ਹੀ ਕਰਨ ਦੇ ਜ਼ਿਆਦਾ ਕੇਸ ਮਿਲਦੇ ਹਨ। ਉਨਾਂ ਦੱਸਿਆ ਕਿ ਟਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਕੇ ਜਿੱਥੇ ਲੋਕ ਆਪਣੀ ਜਾਨ ਖ਼ਤਰੇ ਵਿਚ ਪਾਉਂਦੇ ਹਨ, ਉੱਥੇ ਹੋਰ ਰਾਹਗੀਰਾਂ ਲਈ ਵੀ ਮੁਸੀਬਤ ਬਣਦੇ ਹਨ ਅਤੇ ਕਈ ਵਾਰ ਉਕਤ ਕੁਤਾਹੀਆਂ ਕਾਰਨ ਲੋਕਾਂ ਵਿਚ ਝਗੜਾ ਵੀ ਹੁੰਦਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਜਨਤਾ ਦਾ ਫ਼ਰਜ ਬਣਦਾ ਹੈ ਕਿ ਉਹ ਟ੍ਰੈਫਿਕ ਪੁਲਿਸ ਨੂੰ ਸਹਿਯੋਗ ਦੇਣ ਤਾਂ ਜੋ ਹੋਣ ਵਾਲੀਆਂ ਦੁਰਘਟਨਾਵਾਂ ਨੂੰ ਰੋਕ ਕੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਣ ਸਮੇਂ ਟਰੈਫ਼ਿਕ ਨਿਯਮਾਂ ਦੀ ਪਾਲਣਾ ਕਰਨਾ ਬੇਹੱਦ ਜ਼ਰੂਰੀ ਹੈ।

# ਕੰਗਨਾ ਨੂੰ ਥੱਪੜ ਮਾਰਨ ਵਾਲੀ ਮਹਿਲਾ ਕਾਂਸਟੇਬਲ ਦਾ ਬੰਗਲੂਰੂ ਤਬਾਦਲਾ

**ਨਵੀਂ ਦਿੱਲੀ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿਛਲੇ ਮਹੀਨੇ ਚੰਡੀਗੜ੍ਹ ਹਵਾਈ ਅੱਡੇ 'ਤੇ ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਥੱਪੜ ਮਾਰਨ ਵਾਲੀ ਸੀਆਈਐੱਸਐੱਫ ਕਾਂਸਟੇਬਲ ਕੁਲਵਿੰਦਰ ਕੌਰ ਦਾ ਬੰਗਲੂਰੂ ਯੂਨਿਟ 'ਚ ਤਬਾਦਲਾ ਕਰ ਦਿੱਤਾ ਗਿਆ ਹੈ।ਕੁਲਵਿੰਦਰ ਕੌਰ ਜਾਂਚ ਪੂਰੀ ਹੋਣ ਤੱਕ ਮੁਅੱਤਲ ਚੱਲ ਰਹੀ ਹੈ। ਉਸ ਨੂੰ ਘਟਨਾ ਮਗਰੋਂ 6 ਜੂਨ ਨੂੰ ਕੇਂਦਰੀ ਹਥਿਆਰਬੰਦ ਪੁਲੀਸ ਬਲ 'ਚੋਂ ਮੁਅੱਤਲ ਕਰ ਦਿੱਤਾ ਗਿਆ ਸੀ। ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀਆਈਐੱਸਐੱਫ) ਦੀ ਸ਼ਿਕਾਇਤ 'ਤੇ ਕੁਲਵਿੰਦਰ ਕੌਰ ਖ਼ ?ਲਾਫ਼ ਐੱਫਆਈ ਆਰ ਦਰਜ ਕੀਤੀ ਗਈ ਸੀ। ਸੂਤਰਾਂ ਨੇ ਕਿਹਾ ਕਿ ਅਨੁਸ਼ਾਸਨੀ ਜਾਂਚ ਬਕਾਇਆ ਹੋਣ ਦਰਮਿਆਨ ਕੁਲਵਿੰਦਰ ਕੌਰ ਨੂੰ ਕਰਨਾਟਕ ਦੀ ਰਾਜਧਾਨੀ 'ਚ 10ਵੀਂ ਰਿਜ਼ਰਵ ਬਟਾਲੀਅਨ 'ਚ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਾਂਚ ਚੱਲ ਰਹੀ ਹੋਣ ਕਾਰਨ ਘਟਨਾ ਦੇ ਤੁਰੰਤ ਬਾਅਦ ਹੀ ਉਸ ਦਾ ਤਬਾਦਲਾ ਕਰ ਦਿੱਤਾ ਗਿਆ ਸੀ।

ਸੂਤਰਾਂ ਨੇ ਕਿਹਾ ਕਿ ਮਾਮਲੇ ਦੀ ਜਾਂਚ ਸੀਨੀਅਰ ਕਮਾਂਡੈਂਟ ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਜਾ ਰਹੀ ਹੈ ਅਤੇ ਕਾਂਸਟੇਬਲ, ਹਵਾਈ ਅੱਡੇ 'ਤੇ ਘਟਨਾ ਸਮੇਂ ਮੌਜੂਦ ਉਸ ਦੇ ਸਾਥੀਆਂ, ਸ਼ਿਫ਼ਟ ਇੰਚਾਰਜ ਅਤੇ ਏਅਰਲਾਈਨ ਦੇ ਕੁਝ ਅਧਿਕਾਰੀਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਾਂਚ ਨੂੰ ਹਾਲੇ ਕੁਝ ਸਮਾਂ ਲੱਗੇਗਾ ਜਿਸ ਮਗਰੋਂ ਢੁੱਕਵਾਂ ਫ਼ੈਸਲਾ ਲਿਆ ਜਾਵੇਗਾ। ਕਪੂਰਥਲਾ ਜ਼ਿਲ੍ਹੇ ਦੀ ਕੁਲਵਿੰਦਰ ਕੌਰ 2009 'ਚ ਸੀਆਈਐੱਸਐੱਫ 'ਚ ਭਰਤੀ ਹੋਈ ਸੀ ਅਤੇ ਉਹ 2021 ਤੋਂ ਚੰਡੀਗੜ੍ਹ ਹਵਾਈ ਅੱਡੇ 'ਤੇ ਹਥਿਆਰਬੰਦ ਸੁਰੱਖਿਆ ਬਲ ਦੇ ਏਵੀਏਸ਼ਨ ਸੁਰੱਖਿਆ ਗਰੁੱਪ ਨਾਲ ਜੁੜੀ ਹੋਈ ਸੀ। ਉਸ ਖ਼ ?ਲਾਫ਼ ਹੁਣ ਤੱਕ ਕੋਈ ਵਿਜੀਲੈਂਸ ਜਾਂਚ ਨਹੀਂ ਹੋਈ ਸੀ ਅਤੇ ਨਾ ਹੀ ਉਸ ਨੂੰ ਕੋਈ ਸਜ਼ਾ ਮਿਲੀ ਹੈ। ਉਸ ਦਾ ਪਤੀ ਵੀ ਚੰਡੀਗੜ੍ਹ ਹਵਾਈ ਅੱਡੇ 'ਤੇ ਤਾਇਨਾਤ ਰਿਹਾ ਸੀ। ਕਿਸਾਨ ਅੰਦੋਲਨ ਦੌਰਾਨ ਕੰਗਨਾ ਰਣੌਤ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਤੋਂ ਕੁਲਵਿੰਦਰ ਕੌਰ ਗੁੱਸੇ 'ਚ ਸੀ।

# ਨਗਰ ਨਿਗਮ ਤੋਂ ਨਕਸ਼ਾ ਪਾਸ ਕਰਵਾਉਣ ਦੇ ਨਾਮ 'ਤੇ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਵਿਚੋਲੇ ਖ਼ਿਲਾਫ਼ ਵਿਜੀਲੈਂਸ ਵਲੋਂ ਪਰਚਾ ਦਰਜ

**ਪਟਿਆਲਾ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਵਿੱਚ ਇਕ ਰਿਹਾਇਸ਼ੀ ਮਕਾਨ ਬਣਾਉਣ ਲਈ ਨਗਰ ਨਿਗਮ ਤੋਂ ਜਲਦੀ ਨਕਸ਼ਾ ਪਾਸ ਕਰਵਾਉਣ ਲਈ ਰਿਸ਼ਵਤ ਲੈਣ ਦੇ ਦੋਸ਼ਾਂ ਤਹਿਤ ਵਿਜੀਲੈਂਸ ਬਿਊਰੋ ਨੇ ਜਤਿੰਦਰ ਕੁਮਾਰ ਉਰਫ ਬੱਬਲੂ ਖਿਲਾਫ ਮੁਕੱਦਮਾ ਨੰਬਰ 26/2024 ਦਰਜ ਕੀਤਾ ਹੈ। ਉਕਤ ਮੁਕੱਦਮੇ ਅਨੁਸਾਰ ਸੁਰੇਸ਼ ਕੁਮਾਰ ਬਾਂਸਲ ਨੇ ਸ਼ਿਕਾਇਤ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਜਾਰੀ ਕੀਤੇ ਗਏ ਐਂਟੀ ਕਰੱਪਸ਼ਨ ਐਕਸ਼ਨ ਲਾਈਨ ਤੇ ਕੀਤੀ ਗਈ ਸੀ। ਜਿਸ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਨਗਰ ਨਿਗਮ ਵਿੱਚ ਨਕਸ਼ਾ ਪਾਸ ਕਰਵਾਉਣ ਤੋਂ ਲੈ ਕਿ ਬਿਲਡਿੰਗ ਬਣਾਉਣ ਤੱਕ ਕਈ ਵਿਅਕਤੀਆਂ ਦਾ ਗੈਂਗ ਬਣਿਆ ਹੋਇਆ ਹੈ ਜਿਸ ਵਿੱਚ ਨਿਗਮ ਦੇ ਕੁੱਝ ਮੁਲਾਜ਼ਮ ਵੀ ਸ਼ਾਮਿਲ ਹਨ।ਸ੍ਰੀ ਬਾਂਸਲ ਨੇ ਦੱਸਿਆ ਕਿ ਉਸ ਨੇ ਆਪਣੇ ਘਰ ਦਾ ਨਕਸ਼ਾ ਪਾਸ ਕਰਵਾਉਣ ਲਈ ਜਦੋਂ ਨਿਗਮ ਅਧਿਕਾਰੀਆਂ ਕੋਲ ਗਿਆ ਤਾਂ ਉਨ੍ਹਾਂ ਕਿਹਾ ਕਿ ਨਕਸ਼ਾ ਪਾਸ ਕਰਵਾਉਣ ਵਿੱਚ ਕਈ ਮਹੀਨੇ ਲੱਗਣਗੇ। ਜੇਕਰ ਤੁਸੀਂ ਜਲਦੀ ਕੰਮ ਕਰਵਾਉਣਾ ਹੈ ਤਾਂ ਤੁਸੀਂ ਸਾਡੇ ਖਾਸ ਵਿਅਕਤੀ ਜਤਿੰਦਰ ਕੁਮਾਰ ਉਰਫ ਬੱਬਲੂ ਨੂੰ ਮਿਲੋ।ਮੈਂ ਉਨ੍ਹਾਂ ਦੇ ਕਹਿਣ ਤੇ ਬੱਬਲੂ ਨੂੰ ਮਿਲਣ ਤੇ ਉਸ ਨੇ ਮੇਰੇ ਤੋਂ ਨਕਸ਼ਾ ਪਾਸ ਕਰਵਾਉਣ ਲਈ 50,000/- ਰੁਪਏ ਰਿਸ਼ਵਤ ਨਗਰ ਨਿਗਮ ਤੋਂ ਹਫਤੇ ਵਿੱਚ ਨਕਸ਼ਾ ਪਾਸ ਕਰਵਾਉਣ ਲਈ 5-6 ਕਰਮਚਾਰੀਆਂ ਨੂੰ ਦੇਣ ਲਈ ਲੈ ਲਏ ਅਤੇ ਮੈਂ ਉਸੇ ਦਿਨ 2 ਨਕਸ਼ੇ ਨੰਬਰੀ 206563 ਅਤੇ ਨੰਬਰੀ 206657 ਮਿਤੀ 19/02/2024 ਨੂੰ ਅਪਲਾਈ ਕਰ ਦਿੱਤੇ, ਮੈਂ ਇਸ ਗਲਬਾਤ ਦੀ ਰਿਕਾਰਡਿੰਗ ਵਿਜੀਲੈਂਸ ਨੂੰ ਦੇ ਦਿੱਤੀ ਸੀ। ਬੱਬਲੂ ਨੇ ਨਗਰ ਨਿਗਮ ਦੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਨਕਸ਼ਾ ਨੰਬਰ 206563, ਜੋ ਮੇਰੇ ਲੜਕੇ ਅਰੁਨ ਬਾਂਸਲ ਦੇ ਨਾਮ ਸੀ ਹਫਤੇ ਵਿੱਚ ਹੀ ਪਾਸ ਕਰਵਾ ਦਿੱਤਾ ਅਤੇ ਦੂਸਰਾ ਨਕਸ਼ਾ ਜੋ ਮੇਰੀ ਪਤਨੀ ਆਸ਼ਾ ਰਾਣੀ ਦੇ ਨਾਮ ਤੇ ਸੀ ਦੇ ਪਾਸ ਕਰਵਾਉਣ ਲਈ ਹੋਰ 50,000/- ਰੁਪਏ ਰਿਸ਼ਵਤ ਦੀ ਮੰਗ ਕੀਤੀ, ਜੋ ਮੈਂ ਹੋਰ ਰਿਸ਼ਵਤ ਦੇਣ ਤੋਂ ਇਨਕਾਰ ਕਰ ਦਿੱਤਾ।ਮੇਰੇ ਨਕਸ਼ਾ ਪਾਸ ਹੋਣ ਤੋਂ ਬਾਅਦ ਉਸਾਰੀ ਦੇ ਕੰਮ ਸ਼ੁਰੂ ਕਰਨ ਤੇ ਜਤਿੰਦਰ ਕੁਮਾਰ ਉਰਫ ਬਬਲੂ ਨੇ ਨਗਰ ਨਿਗਮ ਦੇ ਸੰਬੰਧਿਤ ਕਰਮਚਾਰੀਆਂ ਨੂੰ ਦੇਣ ਲਈ 2 ਲੱਖ



ਰੁਪਏ ਰਿਸ਼ਵਤ ਦੀ ਹੋਰ ਮੰਗ ਕੀਤੀ ਅਤੇ ਨਾ ਦੇਣ ਤੇ ਨਗਰ ਨਿਗਮ ਦੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਉਸਾਰੀ ਦਾ ਕੰਮ ਬੰਦ ਕਰਵਾ ਦਿੱਤਾ। ਸੁਰੇਸ਼ ਬਾਂਸਲ ਸ਼ਿਕਾਇਤ ਕਰਤਾ ਨੇ ਇਹ ਵੀ ਦੱਸਿਆ ਕਿ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਪ੍ਰਾਈਵੇਟ ਵਿਅਕਤੀਆਂ ਨਾਲ ਮਿਲ ਕੇ ਇੱਕ ਗਿਰੋਹ ਬਣਾਇਆ ਹੋਇਆ ਹੈ, ਜਿੱਥੇ ਵੀ ਸ਼ਹਿਰ ਵਿੱਚ ਬਿਲਡਿੰਗ ਦੀ ਉਸਾਰੀ ਹੁੰਦੀ ਹੈ ਉਸ ਬਿਲਡਿੰਗ ਦੇ ਮਾਲਿਕ ਦੇ ਕੋਲ ਜਾਂਦੇ ਹਨ ਅਤੇ ਉਸ ਬਿਲਡਿੰਗ ਦੀ ਵੀਡੀਓ ਬਣਾ ਕੇ ਉਸ ਨੂੰ ਵਾਈਰਲ ਕਰਨ ਦੀ ਧਮਕੀ ਦੇ ਕੇ ਨਾਜਾਇਜ਼ ਰਿਸ਼ਵਤ ਦੀ ਮੰਗ ਕਰਦੇ ਹਨ। ਇਸ ਗਿਰੋਹ ਦਾ ਮੈਂ ਵੀ ਸ਼ਿਕਾਰ ਹੋਇਆ ਹਾਂ। ਵਿਜੀਲੈਂਸ ਬਿਊਰੋ ਦੀ ਟੀਮ ਨੇ ਦੱਸਿਆ ਕਿ ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਪੁਲਿਸ ਨੇ ਉਕਤ ਜਤਿੰਦਰ ਕੁਮਾਰ ਉਰਫ ਬੱਬਲੂ ਠੇਕੇਦਾਰ ਖਿਲਾਫ਼ ਜੁਰਮ ਅਧੀਨ ਧਾਰਾ 7, ਏ.ਪੀ.ਸੀ ਐਕਟ 1988 ਐਜ ਅਮੈਂਡਿਡ ਬਾਏ ਪੀ.ਸੀ (ਅਮੈਂਡਮੈਂਟ) ਐਕਟ 2018 ਤਹਿਤ ਕੇਸ ਦਰਜ ਕਰ ਲਿਆ ਹੈ ਅਤੇ ਵਿਜੀਲੈਂਸ ਦੇ ਮੁਤਾਬਕ ਮੁਕੱਦਮੇ ਵਿੱਚ ਤਫਤੀਸ਼ ਦੌਰਾਨ ਜਤਿੰਦਰ ਕੁਮਾਰ ਉਰਫ ਬੱਬਲੂ ਦੀ Voice Sampling ਅਦਾਲਤ ਪਾਸੋਂ ਮਨਜ਼ੂਰੀ ਲੈ ਕੇ ਐਫ.ਐਸ.ਐਲ, ਪੰਜਾਬ ਪਾਸੋਂ ਮਿਲਾਨ ਕਰਵਾਉਣ ਤੇ ਹੋਰ ਵੀ ਸਰਕਾਰੀ ਅਧਿਕਾਰੀ/ਕਰਮਚਾਰੀ ਅਤੇ ਹੋਰ ਪ੍ਰਾਈਵੇਟ ਵਿਅਕਤੀਆਂ ਦਾ ਰੋਲ ਸਾਹਮਣੇ ਆਉਣ ਤੇ ਮੁਕੱਦਮੇ ਦੀ ਤਫਤੀਸ਼ ਦੌਰਾਨ ਵਿਚਾਰਿਆ ਜਾਵੇਗਾ।

# ਪਟਿਆਲਾ ਪੁਲਿਸ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਚਨਬੱਧ: ਡੀ ਐਸ ਪੀ ਗੁਰਪ੍ਰਤਾਪ ਸਿੰਘ ਢਿੱਲੋਂ

**ਪਟਿਆਲਾ, 6 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਪਟਿਆਲਾ ਦਿਹਾਤੀ ਪੁਲਿਸ ਵੱਲੋਂ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ, ਐਸ ਐਸ ਪੀ ਪਟਿਆਲਾ ਵਰੁੱਣ ਸ਼ਰਮਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਪੀ ਸਿਟੀ ਮਹੁੰਮਦ ਸਰਫਰਾਜ਼ ਆਲਮ ਜੀ ਦੀ ਅਗਵਾਈ ਹੇਠ ਸਾਂਝ ਕੇਂਦਰ ਸਦਰ ਪਟਿਆਲਾ ਅਤੇ ਨਸ਼ਿਆਂ ਵਿਰੁੱਧ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਡੀ ਐਸ ਪੀ ਦਿਹਾਤੀ ਗੁਰਪ੍ਰਤਾਪ ਸਿੰਘ ਢਿੱਲੋਂ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦਾ ਉਦਘਾਟਨ ਇੰਸਪੈਕਟਰ ਹਰਪ੍ਰੀਤ ਸਿੰਘ ਐਸ ਐਚ ਓ ਸਦਰ ਅਤੇ ਏਂ ਐਸ ਆਈ ਜੈ ਦੀਪ ਸ਼ਰਮਾ ਚੋਕੀ ਇੰਚਾਰਜ ਬਹਾਦਰਗੜ੍ਹ ਨੇ ਕੀਤਾ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ , ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਏ ਐਸ ਆਈ ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ ਵਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ,ਵਿਸ਼ੇਸ਼ ਤੌਰ ਤੇ ਬਲਿਹਾਰ ਸਿੰਘ ਚੀਮਾ, ਗੁਰਪ੍ਰੀਤ ਸਿੰਘ ਗਿੱਲ, ਹਰਜੀਤ ਸਿੰਘ,ਰਾਜੂ ਮਸੀਹ,ਮਸਤਾਨ ਸਿੰਘ ਪ੍ਰਧਾਨ ਐਸਕਾਰਟ,ਰੋਹਿਤ, ਸਤਨਾਮ ਸਿੰਘ ਦੋਣ ਖੁਰਦ, ਸੁਰਮੁੱਖ ਸਿੰਘ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ , ਮਿਸਰਾ ਸਿੰਘ ਰਾਸ਼ਟਰੀ ਐਥਲੀਟ, ਸਤਗੁਰ ਦਫਤਰੀਵਾਲਾ, ਬੂਟਾ ਸਿੰਘ ਪਾਤੜਾਂ, ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇ ਡੀ ਐਸ ਪੀ ਦਿਹਾਤੀ ਗੁਰਪ੍ਰਤਾਪ ਸਿੰਘ ਢਿੱਲੋਂ ਨੇ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਚਨਬੱਧ ਹੈ ਇਸ ਮੁਹਿੰਮ ਵਿਚ ਪਬਲਿਕ ਨੂੰ ਵੀ ਵੱਧ ਚੜ੍ਹਕੇ ਸਹਿਯੋਗ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ, ਉਹਨਾਂ ਕਿਹਾ ਕਿ ਨਸੇ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ ਛੋਟੇ ਛੋਟੇ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਉਹਨਾਂ ਕਿਹਾ ਕਿ ਨੋਜਵਾਨਾਂ ਨੂੰ ਨਸ਼ਿਆਂ ਨੂੰ ਛੱਡ ਕੇ ਸਮਾਜ ਸੇਵਾ ਦੇ ਖੇਤਰ ਵਿਚ ਅੱਗੇ ਆ ਕੇ ਸੇਵਾ ਕਰਨੀ ਚਾਹੀਦੀ ਹੈ ਅਤੇ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ, ਉਹਨਾਂ ਕਿਹਾ ਕਿ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਲੜਾਈ ਲੜਨੀ ਪਵੇਗੀ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾ ਸਕਾਂਗੇ।

ਇਸ ਮੌਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਵਲੋਂ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਸੋਹ ਵੀ ਚੁਕਾਈ ਗਈ।

# ਅੰਤਰ-ਰਾਸ਼ਟਰੀ ਡਾਕਟਰ ਦਿਵਸ ਮੌਕੇ ਬ੍ਰਹਮ ਕੁਮਾਰੀ ਸੰਸਥਾ ਵੱਲੋਂ ਡਾਕਟਰਾਂ ਨੂੰ ਕੀਤਾ ਸਨਮਾਨਿਤ



**ਪਟਿਆਲਾ, 6 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਊਨਟੀ ਸਿਹਤ ਕੇਂਦਰ ਮਾਡਲ ਟਾਊਨ ਵਿਖੇ ਡਾਕਟਰ ਦਿਵਸ ਮੌਕੇ ਬ੍ਰਹਮ ਕੁਮਾਰੀ ਸੰਸ਼ਥਾਂ ਮਾਡਲ ਟਾਊਨ ਸ਼ਾਖਾ ਪਟਿਆਲਾ ਵੱਲੋਂ ਸੀਨੀਅਰ ਮੈਡੀਕਲ ਅਫਸਰ ਡਾ. ਵੀਨੂੰ ਗੋਇਲ ,ਡਾ. ਗਗਨਜੀਤ ਵਾਲੀਆ, ਡਾ. ਜੈਸਮੀਨ ,ਡਾ. ਕਿਰਨਜੀਤ ਕੌਰ, ਡਾ.ਨੈਨਸੀ, ਡਾ.ਰਾਮੂ ਗੋਇਲ, ਡਾ.ਸਿਮਰਨਜੀਤ ਸਿੰਘ,ਡਾ.ਸੁਨੀਤਾ ਸੰਧੂ ਦਾ ਉਹਨਾਂ ਦੀਆਂ ਅਣਥੱਕ ਸੇਵਾਵਾਂ ਅਤੇ ਮਨੁੱਖੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਦੌਰਾਨ ਬ੍ਰਹਮ ਕੁਮਾਰੀਜ ਸੰਸਥਾਂ ਦੀ ਪ੍ਰਧਾਨ ਬ੍ਰਹਮ ਕੁਮਾਰੀਜ ਰਾਖੀ ਦੀਦੀ ਅਤੇ ਦਿਵਿਆ ਭੈਣ ਅਤੇ ਉਹਨਾਂ ਦੇ ਸਹਿਯੋਗੀ ਬ੍ਰਹਮਾ ਕੁਮਾਰ ਸੰਜੇ ਭਾਈ ਨੇ ਕਿਹਾ ਕਿ ਡਾਕਟਰ ਰੱਬ ਦਾ ਦੂਸਰਾ ਰੂਪ ਹੁੰਦੇ ਹਨ ਜੋ ਦਿਨ ਰਾਤ ਮਨੁੱਖਤਾ ਦੀ ਸੇਵਾ ਵਿੱਚ ਅਪਣੀ ਜਿੰਦਗੀ ਗੁਜਾਰਦੇ ਹਨ।ਇਹਨਾਂ ਦੀ ਸੇਵਾ ਭਾਵਨਾ ਨੂੰ ਨਜਰ ਅੰਦਾਜ ਨਹੀਂ ਕੀਤਾ ਜਾ ਸਕਦਾ ।ਕਿਉਂਕਿ ਅਜੋਕੇ ਤੇਜੀ,ਭਜਦੌੜ ਦੇ ਸਮੇਂ ਵਿੱਚ ਹਰ ਕੋਈ ਕਿਸੇ ਨਾ ਕਿਸੇ ਬਿਮਾਰੀ ਨਾਲ ਘਿਰਿਆ ਹੋਇਆ ਹੈ।ਉਹਨਾਂ ਕਿਹਾ ਕਿ ਕਈ ਵਾਰ ਵਿਅਕਤੀ ਅਪਣੇ ਆਪ ਢੇਰੀ ਢਾਹ ਕੇ ਬਹਿ ਜਾਂਦਾ ਹੈ,ਪਰ ਡਾਕਟਰ ਹੀ ਰੱਬ ਬਣ ਕੇ ਵਿਅਕਤੀ ਨੂੰ ਤਨੋਂ,ਮਨੋਂ ਤੰਦਰੁਸਤ ਕਰਦਾ ਹੈ,ਜਦੋਂ ਕਿ ਡਾਕਟਰ ਬਹੁਤੀ ਵਾਰ ਅਪਣੇ ਪਰਿਵਾਰ ਨੂੰ ਸਮਾਂ ਨਾਂ ਦੇ ਕੇ ਲੋਕਾਂ ਦੀ ਸਿਹਤਯਾਬੀ ਲਈ 24-24 ਘੰਟੇ ਵੀ ਡਿਊਟੀ ਕਰਦੇ ਹਨ।ਬ੍ਰਹਮਾ ਕੁਮਾਰੀ ਦੇ ਮੈਡੀਕਲ ਵਿੰਗ ਵੱਲੋਂ ਦਿਮਾਗ-ਸਰੀਰ-ਦਵਾਈ ਪ੍ਰੋਗਰਾਮ ਲਈ ਸੱਦਾ ਵੀ ਦਿੱਤਾ ਗਿਆ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਵੀਨੂੰ ਗੋਇਲ ਵੱਲੋਂ ਸਮੂਹ ਡਾਕਟਰਾਂ ਨੂੰ ਮੁਬਾਰਕਬਾਦ ਦਿੰਦਿਆ ਅਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨ ਦੀ ਅਪੀਲ ਕੀਤੀ ਗਈ ।ਰਾਖੀ ਦੀਦੀ ਦਾ ਰੱਬੀ ਪਿਆਰ ਦਾ ਸੰਦੇਸ਼ ਸੁਣ ਕੇ ਸਾਰੇ ਡਾਕਟਰਾਂ ਨੇ ਭਵਿੱਖ ਵਿੱਚ ਹੋਰ ਵੀ ਪਿਆਰ ਨਾਲ ਬਿਮਾਰ ਲੋਕਾਂ ਦਾ ਇਲਾਜ ਕਰਨ ਦਾ ਸੰਕਲਪ ਲਿਆ।

# ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਦੀ ਨਿਵੇਕਲੀ ਪਹਿਲ 'ਅਨੀਮੀਆ ਨੂੰ ਜਾਣੋ-ਅਨੀਮੀਆ ਭਜਾਓ' ਪ੍ਰਾਜੈਕਟ ਸ਼ਕਤੀ ਦੀ ਸ਼ੁਰੂਆਤ

## ਰਾਜਪੁਰਾ ਦੀਆਂ ਸਕੂਲੀ ਵਿਦਿਆਰਥਣਾਂ ਨੂੰ ਅਨੀਮੀਆ ਮੁਕਤ ਕਰਕੇ ਪੂਰੇ ਜ਼ਿਲ੍ਹੇ 'ਚ ਲਾਗੂ ਕੀਤਾ ਜਾਵੇਗਾ ਪ੍ਰਾਜੈਕਟ ਸ਼ਕਤੀ-ਡਿਪਟੀ ਕਮਿਸ਼ਨਰ

**ਪਟਿਆਲਾ, 6 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਨਿਵੇਕਲੀ ਪਹਿਲਕਦਮੀ ਕਰਦਿਆਂ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੂੰ ਅਨੀਮੀਆ ਮੁਕਤ ਕਰਨ ਲਈ 'ਪ੍ਰਾਜੈਕਟ ਸ਼ਕਤੀ' ਦੀ ਸ਼ੁਰੂਆਤ ਕੀਤੀ ਹੈ। ਇੱਥੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਵਿਖੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਪ੍ਰਾਜੈਕਟ ਸ਼ਕਤੀ ਦੀ ਸ਼ੁਰੂਆਤ ਕਰਵਾਉਂਦਿਆਂ ਦੱਸਿਆ ਕਿ ਪਾਇਲਟ ਪ੍ਰਾਜੈਕਟ ਵਜੋਂ ਰਾਜਪੁਰਾ ਦੇ 42 ਸਕੂਲਾਂ ਨੂੰ ਇਸ ਪ੍ਰਾਜੈਕਟ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦੀ ਸਫ਼ਲਤਾ ਬਾਅਦ ਪੂਰੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਨੂੰ ਇਸ ਪ੍ਰਾਜੈਕਟ ਵਿੱਚ ਸ਼ਾਮਲ ਕੀਤਾ ਜਾਵੇਗਾ ਤਾਂ ਕਿ ਸਾਡੀਆਂ ਬੱਚੀਆਂ ਨੂੰ ਖ਼ੂਨ ਦੀ ਘਾਟ ਤੋਂ ਮੁਕਤ ਕਰਕੇ ਗੰਭੀਰ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਸਕੂਲੀ ਵਿਦਿਆਰਥੀਆਂ, ਖਾਸ ਕਰਕੇ ਲੜਕੀਆਂ ਦੀ ਸਿਹਤ ਵੱਲ ਪੰਜਾਬ ਸਰਕਾਰ ਵੱਲੋਂ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਾਭਾ ਪਾਵਰ ਲਿਮਟਿਡ ਦੇ ਸਹਿਯੋਗ ਨਾਲ ਸਿਹਤ ਅਤੇ ਸਕੂਲ ਸਿੱਖਿਆ ਵਿਭਾਗ ਵੱਲੋਂ 10 ਤੋਂ 19 ਸਾਲ ਦੀਆਂ ਲੜਕੀਆਂ ਦੇ ਖ਼ੂਨ ਦੀ ਜਾਂਚ ਕਰਕੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਤੇ ਖ਼ੁਰਾਕ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਖ਼ੂਨ ਦੀ ਘਾਟ ਵਾਲੀਆਂ ਬੱਚੀਆਂ ਦਾ ਤਿੰਨ ਮਹੀਨੇ ਬਾਅਦ ਫਿਰ ਟੈਸਟ ਕੀਤਾ ਜਾਵੇਗਾ ਤੇ ਇਨ੍ਹਾਂ ਪਛਾਣ ਕੀਤੀਆਂ ਬੱਚੀਆਂ ਲਈ ਮਿਡ ਡੇ ਮੀਲ 'ਚ ਜੇਕਰ ਕੋਈ ਤਬਦੀਲੀ ਕਰਨ ਸਮੇਤ ਕੋਈ ਵਾਧੂ ਦਵਾਈਆਂ ਜਾਂ ਖ਼ੁਰਾਕ ਦੇਣ ਦੀ ਲੋੜ ਹੈ, ਇਸ 'ਤੇ ਵੀ ਕੰਮ ਕੀਤਾ ਜਾਵੇਗਾ। ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਸਿਹਤ ਵਿਭਾਗ ਵੱਲੋਂ ਕਰਵਾਈ ਗਈ ਜਾਂਚ ਵਿੱਚ ਪਾਇਆ ਗਿਆ ਹੈ ਕਿ 50 ਫੀਸਦੀ ਤੋਂ ਵੱਧ ਵਿਦਿਆਰਥਣਾਂ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ, ਇਸ ਲਈ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਪ੍ਰਾਜੈਕਟ ਸ਼ਕਤੀ ਲਾਂਚ ਕੀਤਾ ਗਿਆ ਹੈ ਤਾਂ ਕਿ ਸਾਡੀਆਂ ਬੱਚੀਆਂ ਨੂੰ ਸਿਹਤਮੰਦ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਜਿੱਥੇ ਵਿਦਿਆਰਥਣਾਂ ਦੀ ਥੈਲਾਸੀਮੀਆ ਦੇ ਨਾਲ-ਨਾਲ ਪੂਰੀ ਸਿਹਤ ਜਾਂਚ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਖ਼ੂਨ ਦੀ ਕਮੀ ਹੋਣ ਵਾਲੀਆਂ ਗੰਭੀਰ ਅਲਾਮਤਾਂ ਬਾਰੇ ਸੁਚੇਤ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਡੀ.ਡੀ.ਐਫ਼. ਨਿਧੀ ਮਲਹੋਤਰਾ, ਜਿਸ ਨੇ ਇਸ ਪ੍ਰਾਜੈਕਟ ਦੀ ਰੂਪ ਰੇਖਾ ਉਲੀਕੀ ਤੇ ਇਸ ਨੂੰ ਸਫ਼ਲ ਬਣਾਉਣ ਲਈ ਸਾਰੇ ਸਬੰਧਤਾਂ ਨਾਲ ਤਾਲਮੇਲ ਕੀਤਾ, ਨੇ ਕਿਹਾ ਕਿ ਖ਼ੂਨ ਦੀ ਗੰਭੀਰ ਘਾਟ ਵਾਲੇ ਬੱਚਿਆਂ ਦਾ ਇਲਾਜ ਸਿਵਲ ਹਸਪਤਾਲ ਤੇ ਰਾਜਿੰਦਰਾ ਹਸਪਤਾਲ ਵਿਖੇ ਕਰਵਾਇਆ ਜਾਵੇਗਾ। ਪ੍ਰਾਜੈਕਟ ਲਾਂਚ ਕਰਨ ਸਮੇਂ ਸਿਵਲ ਸਰਜਨ ਡਾ. ਸੰਜੇ ਗੋਇਲ, ਐਨ.ਪੀ.ਐਲ. ਦੇ ਸੀ.ਐਸ.ਆਰ. ਪ੍ਰਾਜੈਕਟ ਹੈਡ ਜੀ.ਐਸ. ਚੀਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਦਰਸ਼ਨਜੀਤ ਸਿੰਘ, ਡੀ.ਡੀ.ਐਫ਼. ਨਿਧੀ ਮਲਹੋਤਰਾ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗੁਰਪ੍ਰੀਤ ਕੌਰ, ਮੈਡੀਕਲ ਕਾਲਜ ਤੋਂ ਡਾ.ਅਮਨਦੇਵ ਅਤੇ ਡਾ.ਤਾਨਿਆ ਸਮੇਤ ਸਿਹਤ ਵਿਭਾਗ ਤੇ ਸਿੱਖਿਆ ਦੇ ਨੁਮਾਇੰਦੇ ਮੌਜੂਦ ਸਨ।



## ਹਰਾ ਤੇਲਾ

*ਹਰੇ ਤੇਲੇ ਦਾ ਬੱਚਾ (ਨਿੰਫ) ਹਲ ਦੇ ਫਾਨੇ ਦੀ ਸ਼ਕਲ ਦਾ ਹੁੰਦਾ ਹੈ। ਇਸ ਦਾ ਰੰਗ ਹਲਕਾ ਪੀਲਾ ਜਾਂ ਹਰਾ ਹੁੰਦਾ ਹੈ। ਇਸ ਦੇ ਖੰਭ ਨਹੀਂ ਹੁੰਦੇ, ਪ੍ਰੌੜ੍ਹ ਖੰਭ ਨਿਕਲਣ ਵਾਲੀ ਜਗ੍ਹਾ 'ਤੇ ਖੰਭਾਂ ਦੀਆਂ ਨਿਸ਼ਾਨੀਆਂ (ਵਿੰਗ ਪੈਡ) ਨਜ਼ਰ ਆਉਂਦੇ ਹਨ। ਬੱਚੇ ਪੱਤੇ ਦੀ ਹੇਠਲੀ ਸਤਹਿ 'ਤੇ ਅੱਗੇ-ਪਿੱਛੇ, ਖੱਬੇ-ਸੱਜੇ ਬਿਨਾਂ ਮੂੰਹ ਮੋੜੇ ਚੱਲਦੇ-ਫਿਰਦੇ ਵੇਖੇ ਜਾ ਸਕਦੇ ਹਨ। ਬਾਲਗ ਵੀ ਹਲ ਦੇ ਫਾਨੇ ਵਰਗੇ ਹੁੰਦੇ ਹਨ ਅਤੇ ਇਸ ਦੇ ਖੰਭ ਹਰੇ ਰੰਗ ਦੇ ਹੁੰਦੇ ਹਨ। ਇਸ ਦੇ ਅਗਲੇ ਖੰਭਾਂ ਦੇ ਅਖ਼ੀਰ ਵਿਚ ਕਾਲੇ ਧੱਬੇ ਹੁੰਦੇ ਹਨ।*



### ਨੁਕਸਾਨ ਦੇ ਚਿੰਨ੍ਹ

*ਬਾਲਗ ਅਤੇ ਬੱਚੇ ਦੋਵੇਂ ਹੀ ਪੱਤਿਆਂ ਦੇ ਹੇਠੋਂ ਰਸ ਚੂਸਦੇ ਹਨ, ਜਿਸ ਕਰਕੇ ਪੱਤੇ ਕੰਨੀਆਂ ਤੋਂ ਪੀਲੇ ਪੈ ਕੇ ਮੁੜਨੇ ਸ਼ੁਰੂ ਹੋ ਜਾਂਦੇ ਹਨ। ਹੌਲੀ-ਹੌਲੀ ਹਮਲੇ ਵਾਲੇ ਪੱਤੇ ਪੂਰੀ ਤਰ੍ਹਾਂ ਝੁਰੜ-ਮੁਰੜ ਹੋ ਕੇ ਲਾਲ ਰੰਗ ਦੇ ਹੋ ਜਾਂਦੇ ਹਨ ਤੇ ਅੰਤ ਝੜ ਜਾਂਦੇ ਹਨ। ਇਸ ਤਰ੍ਹਾਂ ਦੀ ਹਾਲਤ ਨੂੰ 'ਹਾਪਰ ਬਰਨ' ਆਖਦੇ ਹਨ।*

• ਵਿਜੈ ਕੁਮਾਰ, ਰਵਿੰਦਰ ਸਿੰਘ ਚੰਦੀ

*ਨਰਮੇ ਦੀ ਫ਼ਸਲ ਉੱਪਰ ਹਮਲਾ ਕਰਨ ਵਾਲੇ ਕੀੜਿਆਂ ਵਿੱਚੋਂ ਬੂਟੇ ਦੇ ਵੱਖ-ਵੱਖ ਹਿੱਸਿਆਂ ਦਾ ਰਸ ਚੂਸਣ ਵਾਲੇ ਕੀੜੇ ਸਭ ਤੋਂ ਵੱਧ ਨੁਕਸਾਨ ਕਰਦੇ ਹਨ। ਇਸ ਨਾਲ ਬੂਟੇ ਦੀ ਖ਼ੁਰਾਕ ਬਣਾਉਣ ਦੀ ਸਮਰਥਾ ਜਿੱਥੇ ਘਟ ਜਾਂਦੀ ਹੈ, ਉੱਥੇ ਰੂੰ ਦੇ ਮਿਆਰ ਵਿਚ ਵੀ ਗਿਰਾਵਟ ਆਉਂਦੀ ਹੈ...*

# ਨਰਮੇ ਦੇ ਰਸ ਚੂਸਣ ਵਾਲੇ ਕੀੜਿਆਂ ਦੀ ਪਛਾਣ ਤੇ ਨੁਕਸਾਨ ਦੇ ਚਿੰਨ੍ਹ

ਨਰਮਾ ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਦੀ ਵਡਮੁੱਲੀ ਵਪਾਰਕ ਫ਼ਸਲ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਸ ਦੀ ਪੈਦਾਵਾਰ 'ਚ ਲਗਾਤਾਰ ਗਿਰਾਵਟ ਆ ਰਹੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਇਸ ਗਿਰਾਵਟ ਦਾ ਮੁੱਖ ਕਾਰਨ ਨਰਮੇ ਉੱਪਰ ਹਮਲਾ ਕਰਨ ਵਾਲੇ ਹਾਨੀਕਾਰਕ ਕੀੜੇ ਹਨ। ਨਰਮੇ ਉੱਪਰ ਕਈ ਤਰ੍ਹਾਂ ਦੇ ਕੀੜੇ ਹਮਲਾ ਕਰਦੇ ਹਨ। ਬੀਟੀ ਨਰਮੇ ਦੇ ਆਉਣ ਨਾਲ ਟੀਂਡੇ ਕਾਣੇ ਕਰਨ ਵਾਲੀਆਂ ਸੁੰਡੀਆਂ ਤੇ ਤੰਬਾਕੂ ਸੁੰਡੀ ਨੂੰ ਤਾਂ ਠੱਲ੍ਹ ਪਈ ਹੈ ਪਰ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਬਹੁਤ ਵਧ ਗਿਆ ਹੈ। ਰਸ ਚੂਸਣ ਵਾਲੇ ਇਨ੍ਹਾਂ ਕੀੜਿਆਂ ਦੀ ਰੋਕਥਾਮ ਬਾਰੇ ਸੋਚਦਿਆਂ ਹੀ ਸਾਡਾ ਧਿਆਨ ਸਿਰਫ਼ ਰਸਾਇਣਕ ਰੋਕਥਾਮ ਵੱਲ ਹੀ ਜਾਂਦਾ ਹੈ। ਇਨ੍ਹਾਂ ਕੀੜਿਆਂ ਦੀ ਰੋਕਥਾਮ ਗ਼ੈਰ-ਰਸਾਇਣਕ ਢੰਗਾਂ ਨਾਲ ਵੀ ਕੀਤੀ ਜਾ ਸਕਦੀ ਹੈ। ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਸਾਰੇ ਸੰਭਵ ਤਰੀਕਿਆਂ (ਗ਼ੈਰ-ਰਸਾਇਣਕ ਤੇ ਰਸਾਇਣਕ) ਨੂੰ ਯੋਜਨਾਬੱਧ ਢੰਗ ਨਾਲ ਵਰਤਣਾ ਚਾਹੀਦਾ ਹੈ ਤਾਂ ਜੋ ਆਰਥਿਕ ਨੁਕਸਾਨ ਨਾ ਹੋਵੇ, ਵਾਤਾਵਰਣ ਦਾ ਸੰਤੁਲਨ ਵੀ ਬਣਿਆ ਰਹੇ ਤੇ ਮਿੱਤਰ ਕੀੜੇ ਵੀ ਬਚੇ ਰਹਿਣ।





### ਚਿੱਟੀ ਮੱਖੀ

ਮਾਦਾ ਮੱਖੀ ਪੱਤਿਆਂ ਦੇ ਹੇਠਲੇ ਪਾਸੇ ਆਂਡੇ ਦਿੰਦੀ ਹੈ। ਚਿੱਟੀ ਮੱਖੀ ਦਾ ਬੱਚਾ (ਨਿੰਫ) ਆਂਡੇ ਦੀ ਸ਼ਕਲ ਦਾ ਹੁੰਦਾ ਹੈ। ਇਸ ਦਾ ਰੰਗ ਫਿੱਕਾ ਪੀਲਾ ਤੇ ਸਰੀਰ ਉੱਪਰ ਕੰਡੇ ਹੁੰਦੇ ਹਨ। ਇਸ ਦੀਆਂ ਅੱਖਾਂ ਲਾਲ ਹੁੰਦੀਆਂ ਹਨ। ਪਹਿਲੀ ਅਵਸਥਾ ਵਿਚ ਬੱਚੇ ਥੋੜ੍ਹਾ ਤੁਰ ਸਕਦੇ ਹਨ ਤੇ ਬਾਅਦ ਵਿਚ ਇਹ ਪੱਤੇ ਦੇ ਹੇਠਲੇ ਪਾਸੇ ਚਿਪਕ ਕੇ ਬੈਠ ਜਾਂਦੇ ਹਨ। ਮੱਖੀ ਦਾ ਸਰੀਰ ਚਿੱਟੇ ਰੰਗ ਦੇ ਪਾਊਡਰ ਨਾਲ ਢਕਿਆ ਹੁੰਦਾ ਹੈ। ਇਸ ਦੇ ਖੰਭਾਂ ਵਿਚਲਾ ਨਾੜੀਆਂ ਦਾ ਜਾਲ ਵੀ ਪੂਰੀ ਤਰ੍ਹਾਂ ਪ੍ਰਫੁੱਲਤ ਨਹੀਂ ਹੁੰਦਾ। ਇਹ ਮੱਖੀ ਛੋਟੀ ਉਡਾਣ ਭਰ ਸਕਦੀ ਹੈ ਤੇ ਸਿਰਫ਼ ਇਕ ਤੋਂ ਦੂਸਰੇ ਬੂਟੇ ਤਕ ਹੀ ਜਾ ਸਕਦੀ ਹੈ।

**ਨੁਕਸਾਨ ਦੇ ਚਿੰਨ੍ਹ :** ਬਾਲਗ ਅਤੇ ਬੱਚੇ ਦੋਵੇਂ ਹੀ ਪੱਤੇ ਦੀ ਹੇਠਲੀ ਤਹਿ ਤੋਂ ਰਸ ਚੂਸਦੇ ਹਨ, ਜਿਸ ਨਾਲ ਪੱਤੇ ਦੀ ਉੱਪਰਲੀ ਤਹਿ 'ਤੇ ਪੀਲੇ ਧੱਬੇ ਪੈ ਜਾਂਦੇ ਹਨ ਤੇ ਪੱਤੇ ਪੂਰੇ ਬਣਨ ਤੋਂ ਪਹਿਲਾਂ ਹੀ ਝੜ ਜਾਂਦੇ ਹਨ। ਬੱਚੇ ਬੂਟੇ ਦੇ ਵਿਚਕਾਰਲੇ ਹਿੱਸਿਆਂ 'ਤੇ ਪੱਤਿਆਂ ਦੇ ਉੱਪਰ ਜ਼ਿਆਦਾ ਮਿਲਦੇ ਹਨ। ਬਾਲਗ ਮੱਖੀਆਂ ਬੂਟੇ ਦੀਆਂ ਨਰਮ ਕਰੂੰਬਲਾਂ ਤੇ ਪੱਤਿਆਂ 'ਤੇ ਜ਼ਿਆਦਾ ਹੁੰਦੀਆਂ ਹਨ। ਬਾਲਗ ਅਤੇ ਬੱਚੇ ਦੋਵੇਂ ਹੀ ਪੱਤਿਆਂ ਦੇ ਉੱਪਰਲੇ ਹਿੱਸਿਆਂ 'ਤੇ ਮਲ ਤਿਆਗ ਕਰਦੇ ਹਨ। ਇਸ ਉੱਪਰ ਕਾਲੀ ਉੱਲੀ ਲੱਗ ਜਾਂਦੀ ਹੈ ਤੇ ਬੂਟੇ ਲੋੜੀਂਦਾ ਭੋਜਨ ਤਿਆਰ ਕਰਨ 'ਚ ਅਸਮਰੱਥ ਹੋ ਜਾਂਦੇ ਹਨ। ਨਰਮੇ ਦੇ ਟੀਂਡੇ ਪੂਰੀ ਤਰ੍ਹਾਂ ਨਹੀਂ ਖਿੜਦੇ ਤੇ ਨਰਮਾ ਉੱਲੀ ਕਾਰਨ ਕਾਲਾ ਪੈ ਜਾਂਦਾ ਹੈ। ਇਹ ਮੱਖੀ ਨਰਮੇ 'ਤੇ ਪੱਤਾ ਮਰੋੜ ਬਿਮਾਰੀ (ਲੀਫ ਕਰਲ) ਨਾਂ ਦੇ ਵਿਸ਼ਾਣੂ ਰੋਗ ਨੂੰ ਵੀ ਫ਼ੈਲਾਉਂਦੀ ਹੈ। ਇਸ ਬਿਮਾਰੀ ਨਾਲ ਪੱਤਿਆਂ ਦੀਆਂ ਨਾੜਾਂ ਫੈਲ ਜਾਂਦੀਆਂ ਹਨ ਤੇ ਪੱਤੇ ਉੱਪਰ ਜਾਂ ਹੇਠਾਂ ਵੱਲ ਨੂੰ ਮੁੜ ਜਾਂਦੇ ਹਨ। ਜ਼ਿਆਦਾ ਹਮਲੇ ਨਾਲ ਪੱਤੇ ਦੇ ਹੇਠਲੇ ਪਾਸੇ ਛੋਟੀਆਂ-ਛੋਟੀਆਂ ਪੱਤੀਆਂ ਨਿਕਲ ਆਉਂਦੀਆਂ ਹਨ। ਬਿਮਾਰੀ ਵਾਲੇ ਬੂਟਿਆਂ ਨੂੰ ਫਲ ਘੱਟ ਲਗਦਾ ਹੈ।

### ਚੇਪਾ (ਏਫਿਡ)

ਇਹ ਕੀੜਾ ਆਂਡੇ ਨਹੀਂ ਦਿੰਦਾ। ਮਾਦਾ ਕੀੜਾ ਇਕ ਦਿਨ 'ਚ 8 ਤੋਂ 22 ਬੱਚੇ ਪੈਦਾ ਕਰਦੀ ਹੈ। ਇਸ ਦੇ ਬੱਚੇ ਅਤੇ ਜਵਾਨ ਦੋਵੇਂ ਹੀ ਨਰਮ ਕਰੂੰਬਲਾਂ ਤੇ ਪੱਤਿਆਂ ਵਿੱਚੋਂ ਰਸ ਚੂਸਦੇ ਹਨ।



#### ਨੁਕਸਾਨ

ਜ਼ਿਆਦਾ ਹਮਲੇ ਕਾਰਨ ਪੱਤੇ ਗੂੜ੍ਹੇ ਹਰੇ ਹੋ ਜਾਂਦੇ ਹਨ ਤੇ ਉੱਪਰੋਂ ਚਮਕੀਲੀ ਭਾਅ ਮਾਰਦੇ ਹਨ। ਇਹ ਚਿੱਟੀ ਮੱਖੀ ਦੀ ਤਰ੍ਹਾਂ ਆਪਣਾ ਮਲ ਤਿਆਗ ਪੱਤਿਆਂ ਉੱਪਰ ਛੱਡਦਾ ਹੈ, ਜਿਸ ਉਪਰ ਕਾਲੀ ਉੱਲੀ ਪੈਦਾ ਹੋ ਜਾਂਦੀ ਹੈ। ਹਮਲੇ ਨਾਲ ਪੱਤੇ ਝੁਰੜ-ਮੁਰੜ ਹੋ ਜਾਂਦੇ ਹਨ। ਕਾਲੀ ਉੱਲੀ ਕਾਰਨ ਪੱਤੇ ਭੋਜਨ ਤਿਆਰ ਕਰਨ ਦੇ ਸਮਰੱਥ ਹੋ ਜਾਂਦੇ ਹਨ ਤੇ ਬੂਟਾ ਕਮਜ਼ੋਰ ਹੋ ਜਾਂਦਾ ਹੈ। ਕੀੜੇ ਦਾ ਹਮਲਾ ਜ਼ਿਆਦਾਤਰ ਫ਼ਸਲ ਪੱਕਣ ਦੇ ਨੇੜੇ ਹੁੰਦਾ ਹੈ। ਕਾਲੀ ਉੱਲੀ ਨਾਲ ਕਪਾਹ ਦੀ ਕੁਆਲਟੀ ਖ਼ਰਾਬ ਹੋ ਜਾਂਦੀ ਹੈ।



### ਮੀਲੀ ਬੱਗ

ਇਸ ਕੀੜੇ ਦਾ ਨੁਕਸਾਨ ਖੇਤ ਦੇ ਬਾਹਰਲੇ ਕਿਨਾਰਿਆਂ 'ਤੇ ਉੱਗੇ ਬਦਲਵੇਂ ਪੌਦਿਆਂ, ਜਿਵੇਂ ਕਾਂਗਰਸ ਘਾਹ, ਇੱਟਸਿੱਟ ਆਦਿ ਤੋਂ ਸ਼ੁਰੂ ਹੁੰਦਾ ਹੈ, ਜੋ ਬਾਅਦ ਵਿਚ ਮੁੱਖ ਫ਼ਸਲ ਤਕ ਫੈਲ ਜਾਂਦਾ ਹੈ। ਸੜਕ ਜਾਂ ਨਹਿਰ ਦੇ ਕਿਨਾਰੇ ਲੱਗੀ ਨਰਮੇ ਦੀ ਫ਼ਸਲ 'ਤੇ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ।

ਮਾਦਾ ਮੀਲੀ ਬੱਗ ਆਪਣੇ ਜੀਵਨ ਵਿਚ 2 ਤੋਂ 4 ਆਂਡੇ-ਥੈਲੀਆਂ ਬਣਾਉਂਦੀ ਹੈ ਤੇ ਇਹ ਚਿੱਟੇ ਪਾਊਡਰ ਨਾਲ ਢੱਕੀਆਂ ਹੁੰਦੀਆਂ ਹਨ। ਇਸ ਥੈਲੀ ਵਿਚ ਬੱਚੇ ਤੇ ਆਂਡੇ ਦੋਵੇਂ ਹੀ ਹੁੰਦੇ ਹਨ। ਇਸ ਦਾ ਸਰੀਰ ਕੋਮਲ ਤੇ ਅੰਡਾਕਾਰ ਪਰ ਹੇਠੋਂ ਚਪਟੇ ਆਕਾਰ ਦਾ ਹੁੰਦਾ ਹੈ। ਇਹ ਝੁੰਡ ਵਿਚ ਰਹਿੰਦੇ ਹਨ ਤੇ ਝੁੰਡ ਮੋਮ ਵਰਗੇ ਚਿੱਟੇ ਪਾਊਡਰ ਨਾਲ ਢਕਿਆ ਹੁੰਦਾ ਹੈ।

**ਨੁਕਸਾਨ ਦੀਆਂ ਨਿਸ਼ਾਨੀਆਂ :** ਬਾਲਗ ਅਤੇ ਬੱਚੇ ਦੋਵੇਂ ਹੀ ਪੱਤਿਆਂ, ਟਹਿਣੀਆਂ, ਫੁੱਲ ਡੋਡੀਆਂ ਤੇ ਨਵੇਂ ਬਣੇ ਟੀਂਡਿਆਂ ਦਾ ਰਸ ਚੂਸਦੇ ਹਨ। ਇਨ੍ਹਾਂ ਕੀੜਿਆਂ ਦਾ ਮਲ ਸ਼ਹਿਦ ਦੀਆਂ ਬੂੰਦਾਂ ਵਾਂਗ ਪੱਤਿਆਂ ਦੇ ਉਪਰ ਜੰਮ ਜਾਂਦਾ ਹੈ, ਜਿਸ ਉੱਪਰ ਬਾਅਦ ਵਿਚ ਕਾਲੀ ਉੱਲੀ ਲੱਗ ਜਾਂਦੀ ਹੈ। ਜਿਸ ਕਾਰਨ ਬੂਟੇ ਆਪਣਾ ਭੋਜਨ ਤਿਆਰ ਕਰਨ 'ਚ ਅਸਮਰੱਥ ਹੋ ਜਾਂਦੇ ਹਨ ਤੇ ਪੱਤੇ ਪੂਰੇ ਬਣਨ ਤੋਂ ਪਹਿਲਾਂ ਹੀ ਝੜ ਜਾਂਦੇ ਹਨ। ਜ਼ਿਆਦਾ ਨੁਕਸਾਨ ਦੀ ਹਾਲਤ 'ਚ ਬੂਟੇ ਦਾ ਵਾਧਾ ਰੁਕ ਜਾਂਦਾ ਹੈ ਤੇ ਟੀਂਡੇ ਦੇਰ ਨਾਲ ਖਿੜਦੇ ਹਨ, ਜਿਸ ਨਾਲ ਝਾੜ ਕਾਫ਼ੀ ਘਟ ਜਾਂਦਾ ਹੈ। ਇਸ ਨਾਲ ਬੂਟੇ ਵੀ ਛੋਟੇ ਰਹਿ ਜਾਂਦੇ ਹਨ ਤੇ ਜ਼ਿਆਦਾ ਹਮਲੇ ਦੀ ਸਥਿਤੀ 'ਚ ਮਰ ਵੀ ਜਾਂਦੇ ਹਨ। •

ਮੋਬਾਈਲ 97794-51214

### ਥਰਿਪਸ (ਭੂਰੀ ਜੂੰ)

ਮਾਦਾ ਜੂੰ ਗੁਰਦੇ ਦੇ ਅਕਾਰ ਦੇ ਆਂਡੇ ਦਿੰਦੀ ਹੈ, ਜੋ ਇਕੱਲੇ-ਇਕੱਲੇ ਪੌਦੇ ਦੀ ਹਰੀ ਝਿੱਲੀ ਜਾਂ ਜਾਲੀ ਵਿਚ ਖੁੱਭੇ ਹੋਏ ਹੁੰਦੇ ਹਨ।



#### ਨੁਕਸਾਨ ਦੇ ਲੱਛਣ

ਜਵਾਨ ਭੂਰੀ ਜੂ ਅਤੇ ਬੱਚੇ ਦੋਵੇਂ ਹੀ ਪੱਤੇ ਨੂੰ ਖੁਰਚ ਕੇ ਉਸ ਦਾ ਰਸ ਚੂਸਦੇ ਹਨ। ਲਗਾਤਾਰ ਰਸ ਚੂਸਣ ਨਾਲ ਪੱਤੇ ਦੇ ਹੇਠਲੇ ਪਾਸੇ ਖਾਕੀਪਨ (ਬਰਾਂਜਿੰਗ) ਆ ਜਾਂਦੀ ਹੈ, ਜੋ ਚਮਕਦਾਰ ਨਜ਼ਰ ਆਉਂਦਾ ਹੈ। ਕੀੜੇ ਦਾ ਹਮਲਾ ਛੋਟੀ ਫ਼ਸਲ 'ਤੇ ਹੁੰਦਾ ਹੈ। ਬੂਟਿਆਂ ਦੀਆਂ ਕਰੂੰਬਲਾਂ ਵਿੱਚੋਂ ਰਸ ਚੂਸਣ ਕਰਕੇ ਵਾਧਾ ਰੁਕ ਜਾਂਦਾ ਹੈ। ਬੂਟੇ ਦੀਆਂ ਸ਼ਾਖਾਵਾਂ ਪਾਸਿਆਂ ਵਾਲੀਆਂ ਅੱਖਾਂ ਵਿੱਚੋਂ ਉੱਗ ਆਉਂਦੀਆਂ ਹਨ। ਬੂਟੇ ਆਕਾਰ ਵਿਚ ਝਾੜੀਆਂ ਵਰਗੇ ਨਜ਼ਰ ਆਉਣ ਲਗਦੇ ਹਨ ਤੇ ਪੱਤੇ ਵੀ ਛੋਟੇ ਰਹਿ ਜਾਂਦੇ ਹਨ। ਪੱਤਿਆਂ ਦੀਆਂ ਡੰਡੀਆਂ ਲੰਬੀਆਂ ਹੋ ਜਾਂਦੀਆਂ ਹਨ। ਇਸ ਦਾ ਹਮਲਾ ਉਦੋਂ ਜ਼ਿਆਦਾ ਨੁਕਸਾਨਦੇਹ ਹੁੰਦਾ ਹੈ ਜਦੋਂ ਫ਼ਸਲ ਸਿਰਫ਼ 3 ਜਾਂ 4 ਹਫ਼ਤੇ ਦੀ ਹੁੰਦੀ ਹੈ।



## ਕੀੜਿਆਂ ਦੀ ਰੋਕਥਾਮ ਦੇ ਉਪਾਅ

- ਬੀਟੀ ਨਰਮੇ ਦੀਆਂ ਸਿਰਫ਼ ਸਿਫਾਰਸ਼ ਕਿਸਮਾਂ ਹੀ ਬੀਜੋ। ਗ਼ੈਰ-ਸਿਫਾਰਸ਼ੀ ਕਿਸਮਾਂ ਕੀੜਿਆਂ ਦੇ ਵਾਧੇ ਵਿਚ ਮਦਦ ਕਰਦੀਆਂ ਹਨ।
- ਬੀਟੀ ਨਰਮੇ ਦੇ ਆਲੇ-ਦੁਆਲੇ ਬੀਟੀ ਰਹਿਤ ਨਰਮਾਂ ਰਿਫ਼ਊਜੀਆਂ ਦੇ ਤੌਰ 'ਤੇ ਲਗਾਉਣੀਆਂ ਚਾਹੀਦੀਆਂ ਹਨ।
- ਸਮੇਂ ਸਿਰ ਬਿਜਾਈ, ਲੋੜ ਅਨੁਸਾਰ ਖਾਦ, ਪਾਣੀ, ਫ਼ਾਸਲਾ ਅਤੇ ਕਾਸ਼ਤ ਦੇ ਸਾਫ਼-ਸੁਥਰੇ ਢੰਗ ਹਾਨੀਕਾਰਕ ਕੀੜਿਆਂ ਦੀ ਗਿਣਤੀ ਨੂੰ ਰੋਕਦੇ ਹਨ ਤੇ ਮਿੱਤਰ ਕੀੜਿਆਂ ਦੀ ਗਿਣਤੀ 'ਚ ਵਾਧਾ ਕਰਦੇ ਹਨ।
- ਮਿੱਟੀ ਦੀ ਪਰਖ ਦੇ ਆਧਾਰ 'ਤੇ ਹੀ ਖਾਦਾਂ ਦੀ ਸੰਤੁਲਿਤ ਵਰਤੋਂ ਕਰੋ। ਨਾਈਟਰੋਜਨ ਖਾਦਾਂ ਦੀ ਲੋੜ ਤੋਂ ਵੱਧ ਵਰਤੋਂ ਨਾ ਕਰੋ। ਨਰਮੇ ਦੀ ਫ਼ਸਲ ਨੂੰ ਲੋੜ ਅਨੁਸਾਰ ਪਾਣੀ ਲਗਾਓ। ਲੋੜ ਤੋਂ ਵੱਧ ਪਾਣੀ ਨਾਲ ਫ਼ਸਲ ਦਾ ਕੱਦ ਜ਼ਿਆਦਾ ਵਧ ਜਾਂਦਾ ਹੈ ਜੋ ਕਿ ਕੀੜਿਆਂ ਦੇ ਵਾਧੇ 'ਚ ਸਹਾਈ ਹੁੰਦਾ ਹੈ।
- ਬਾਜਰਾ/ਮੱਕੀ/ਜਵਾਰ ਆਦਿ ਫ਼ਸਲਾਂ 'ਤੇ ਮੀਲੀ ਬੱਗ ਨਹੀ ਪਲਦਾ। ਇਸ ਲਈ ਇਨ੍ਹਾਂ ਫ਼ਸਲਾਂ ਨੂੰ ਨਰਮੇ ਦੇ ਆਲੇ-ਦੁਆਲੇ ਰੱਖਿਅਕ ਫ਼ਸਲ ਦੇ ਤੌਰ 'ਤੇ ਬੀਜੋ।
- ਤੇਲੇ ਤੇ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਅ ਲਈ ਬੀਟੀ ਨਰਮੇ ਵਾਲੇ ਖੇਤਾਂ ਵਿਚ ਅਤੇ ਆਲੇ-ਦੁਆਲੇ ਭਿੰਡੀ, ਮੂੰਗੀ ਤੇ ਅਰਹਰ ਨਾ ਬੀਜੋ।
- ਗੁਆਰਾ ਤੇ ਭਿੰਡੀ ਮੀਲੀ ਬੱਗ ਦੇ ਪਸੰਦੀਦਾ ਪੌਦੇ ਹਨ। ਇਨ੍ਹਾਂ ਨੂੰ ਨਰਮੇ ਦੀ ਫ਼ਸਲ ਵਿਚ ਜਾ ਆਲੇ-ਦੁਆਲੇ ਨਾ ਬੀਜੋ।
- ਮੀਲੀ ਬੱਗ ਦੇ ਪਸਾਰ ਨੂੰ ਰੋਕਣ ਲਈ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ ਤੇ ਵੱਟਾਂ 'ਤੇ ਉੱਗੇ ਨਦੀਨ ਨਸ਼ਟ ਕਰ ਦਿਓ।
- ਮੀਲੀ ਬੱਗ ਤੋਂ ਪ੍ਰਭਾਵਿਤ ਬੂਟਿਆਂ ਨੂੰ ਪੁੱਟਣ ਤੋਂ ਬਾਅਦ ਪਾਣੀ ਦੇ ਖਾਲਿਆਂ ਵਿਚ ਨਾ ਸੁੱਟੋ, ਤਾਂ ਜੋ ਇਹ ਕੀੜਾ ਅੱਗੇ ਨਾ ਫੈਲੇ।
- ਮੀਲੀ ਬੱਗ ਦੀ ਰੋਕਥਾਮ ਕਾਫੀ ਹੱਦ ਤਕ ਹੱਥਾਂ ਨਾਲ ਵੀ ਕੀਤੀ ਜਾ ਸਕਦੀ ਹੈ, ਕਿਉਂਕਿ ਸ਼ੁਰੂਆਤੀ ਦੌਰ 'ਚ ਇਹ ਕੀੜੇ ਇੱਕਠ ਵਿਚ ਮਿਲਦੇ ਹਨ।
- ਮੀਲੀ ਬੱਗ ਵੱਲੋਂ ਨੁਕਸਾਨੀਆਂ ਗਈਆਂ ਛਿਟੀਆਂ ਨੂੰ ਜ਼ਮੀਨ ਉੱਪਰ ਮਾਰ ਕੇ ਮਿਲੀ ਬੱਗ ਨੂੰ ਝਾੜੋ ਤੇ ਇਸ ਨੂੰ ਮਿੱਟੀ ਵਿਚ ਡੂੰਘਾ ਦਬਾਅ ਦਿਓ।
- ਨਰਮੇ-ਕਪਾਹ ਦੀਆਂ ਛਿਟੀਆਂ ਵੀ ਮੀਲੀ ਬੱਗ ਦੇ ਫ਼ੈਲਣ ਦਾ ਮੁੱਖ ਸਾਧਨ ਹਨ, ਇਸ ਲਈ ਨੁਕਸਾਨ ਵਾਲੀਆਂ ਛਿਟੀਆਂ ਨੂੰ ਨਵੀਂ ਥਾਂ ਲਿਜਾਣ ਤੋਂ ਪਰਹੇਜ਼ ਕਰੋ।

*ਪੰਜਾਬ 'ਚ ਪ੍ਰਤੀ ਦਿਨ ਪ੍ਰਤੀ ਜੀਅ ਸਬਜ਼ੀਆਂ ਦੀ ਖਪਤ 200 ਗ੍ਰਾਮ ਪ੍ਰਤੀ ਮਨੁੱਖ ਤੋਂ ਵੀ ਘੱਟ ਹੈ। ਸਬਜ਼ੀਆਂ ਵਿੱਚੋਂ ਬੈਂਗਣ ਉੱਪਰ ਕੀੜਿਆਂ ਦਾ ਹਮਲਾ ਵਧੇਰੇ ਹੁੰਦਾ ਹੈ, ਜਿਸ ਨਾਲ ਉਤਪਾਦਨ ਪ੍ਰਭਾਵਿਤ ਹੁੰਦਾ ਹੈ। ਸਬਜ਼ੀਆਂ ਦੀ ਮੰਗ ਅਨੁਸਾਰ ਪੂਰਤੀ ਲਈ ਕੀੜਿਆਂ ਦੀ ਰੋਕਥਾਮ ਜ਼ਰੂਰੀ ਹੈ...*



# ਬੈਂਗਣ ਦੇ ਕੀੜਿਆਂ ਦੀ ਸੁਚੱਜੀ ਰੋਕਥਾਮ

• ਅਮਨਦੀਪ ਕੌਰ, ਸਮਰਿਤੀ ਸ਼ਰਮਾ

ਪੰਜਾਬ ਵਿਚ 2015-16 ਦੌਰਾਨ ਕਰੀਬ 2.30 ਲੱਖ ਹੈਕਟੇਅਰ ਰਕਬੇ ਉੱਪਰ ਸਬਜ਼ੀਆਂ ਪੈਦਾ ਕੀਤੀਆਂ ਗਈਆਂ ਤੇ ਕੁੱਲ ਪੈਦਾਵਾਰ ਲਗਪਗ 45.48 ਲੱਖ ਟਨ ਸੀ। ਪ੍ਰਤੀ ਦਿਨ ਪ੍ਰਤੀ ਜੀਅ ਸਬਜ਼ੀਆਂ ਦੀ ਖਪਤ ਨੂੰ ਵੇਖੀਏ ਤਾਂ ਇਹ 200 ਗ੍ਰਾਮ ਪ੍ਰਤੀ ਮਨੁੱਖ ਤੋਂ ਵੀ ਘੱਟ ਹੈ। ਇਸ ਮੰਗ ਨੂੰ ਪੂਰਾ ਕਰਨ ਲਈ ਸਬਜ਼ੀਆਂ ਦੀ ਪੈਦਾਵਾਰ ਨੂੰ ਦੁੱਗਣਾ ਕਰਨ ਦੀ ਲੋੜ ਹੈ। ਸਬਜ਼ੀਆਂ ਉੱਪਰ ਕਈ ਪ੍ਰਕਾਰ ਦੇ ਕੀੜੇ ਹਮਲਾ ਕਰਦੇ ਹਨ ਜਿਸ ਨਾਲ ਪੈਦਾਵਾਰ ਦਾ ਕਾਫੀ ਨੁਕਸਾਨ ਹੁੰਦਾ ਹੈ। ਚੰਗੇ ਝਾੜ ਲਈ ਇਨ੍ਹਾਂ ਦੀ ਪਛਾਣ ਤੇ ਰੋਕਥਾਮ ਕਰਨੀ ਬੇਹੱਦ ਜ਼ਰੂਰੀ ਹੈ। ਕੀਟਨਾਸ਼ਕਾਂ ਦੀ ਵਰਤੋਂ ਤੋਂ ਇਲਾਵਾ ਕੀੜਿਆਂ ਦੀ ਰੋਕਥਾਮ ਦੇ ਹੋਰ ਤਰੀਕੇ ਵੀ ਵਰਤੇ ਜਾ ਸਕਦੇ ਹਨ।

### ਮੋਰੀਆਂ ਕਰਨ ਵਾਲੀ ਸੁੰਡੀ

ਫਲਾਂ ਅਤੇ ਲਗਰਾਂ ਵਿਚ ਮੋਰੀ ਕਰਨ ਵਾਲੀ ਸੁੰਡੀ ਦਾ ਪਤੰਗਾ ਚਿੱਟੇ ਰੰਗ ਦਾ ਹੁੰਦਾ ਹੈ ਜਿਸ ਦੇ ਸਰੀਰ ਉਪਰ ਭੂਰੇ ਤੇ ਕਾਲੇ ਧੱਬੇ ਹੁੰਦੇ ਹਨ। ਖੰਭਾਂ ਦੇ ਕਿਨਾਰੇ 'ਤੇ ਵਾਲਾਂ ਦੀ ਝਾਲਰ ਹੁੰਦੀ ਹੈ ਤੇ ਇਨ੍ਹਾਂ ਦੇ ਅਗਲੇ ਖੰਭਾਂ 'ਤੇ ਕਾਲੇ-ਚਿੱਟੇ ਤੇ ਭੂਰੇ ਧੱਬੇ ਹੁੰਦੇ ਹਨ। ਇਹ ਪਤੰਗਾ ਸਲੇਟੀ ਰੰਗ ਦੇ 80-120 ਆਂਡੇ ਦਿੰਦਾ ਹੈ, ਜਿਹੜੇ ਇਕੱਲੇ-ਇਕੱਲੇ ਜਾਂ ਢੂੰਡਾਂ ਵਿਚ ਪੱਤਿਆਂ ਦੇ ਹੇਠਾਂ, ਹਰੇ ਤਣੇ, ਫੁੱਲ ਡੋਡੀਆਂ ਜਾਂ ਫਲ ਉਪਰ ਹੁੰਦੇ ਹਨ। ਆਂਡੇ ਵਿੱਚੋਂ 3-6 ਦਿਨ ਬਾਅਦ ਸੁੰਡੀ ਨਿਕਲਦੀ ਹੈ ਜੋ ਨਰਮ ਕਰੂੰਬਲਾਂ ਵਿਚ ਵੜ ਕੇ ਫੁੱਲਾਂ ਤੇ ਫਲਾਂ ਨੂੰ ਖ਼ਰਾਬ ਕਰਦੀ ਹੈ। ਇਹ ਸੁੰਡੀ ਪਹਿਲਾਂ ਚਿੱਟੇ ਰੰਗ ਦੀ ਹੁੰਦੀ ਹੈ ਪਰ ਬਾਅਦ 'ਚ ਹਲਕੇ ਗੁਲਾਬੀ ਰੰਗ ਦੀ ਹੋ ਜਾਂਦੀ ਹੈ। ਇਸ ਦਾ ਜੀਵਨ ਚੱਕਰ 20-45 ਦਿਨ ਵਿਚ ਪੂਰਾ ਹੁੰਦਾ ਹੈ।

#### ਨੁਕਸਾਨ

ਜਿਨ੍ਹਾਂ ਲਗਰਾਂ ਉੱਪਰ ਸੁੰਡੀ ਹਮਲਾ ਕਰ ਦਿੰਦੀ ਹੈ, ਉਹ ਮੁਰਝਾ ਕੇ ਡਿੱਗ ਪੈਂਦੀਆਂ ਹਨ ਜਾਂ ਝੁਕ ਜਾਂਦੀਆਂ ਹਨ ਤੇ ਸੁੱਕ ਜਾਂਦੀਆਂ ਹਨ ਅਤੇ ਫਲ ਕਾਣੇ ਹੋ ਜਾਂਦੇ ਹਨ।

#### ਰੋਕਥਾਮ

- ਪੰਜਾਬ-ਬਰਸਾਤੀ, ਪੰਜਾਬ ਸਦਾਬਹਾਰ ਤੇ ਬੀਐੱਚ-2 ਕਿਸਮਾਂ ਇਸ ਦੇ ਹਮਲੇ ਨੂੰ ਕੁਝ ਹੱਦ ਤਕ ਸਹਾਰ ਲੈਂਦੀਆਂ ਹਨ।
- ਖੇਤ ਵਿਚ ਉੱਗੇ ਮੁਢੀ ਕਪਾਹ ਦੇ ਬੂਟੇ ਪੁੱਟ ਦੇਵੋ, ਕਿਉਂਕਿ ਇਹ ਸੁੰਡੀ ਇਨ੍ਹਾਂ ਬੂਟਿਆ ਉੱਪਰ ਪਲਦੀ ਹੈ। ਹਮਲੇ ਵਾਲੇ ਫਲ ਤੋੜ ਕੇ ਜ਼ਮੀਨ ਵਿਚ ਡੂੰਘੇ ਨੱਪ ਦਿਓ।
- ਲਗਾਤਾਰ ਕਈ ਸਾਲਾਂ ਤਕ ਇੱਕੋ ਫ਼ਸਲ ਲਗਾਤਾਰ ਨਾ ਬੀਜੋ।
- ਖੇਤ ਨੂੰ ਡੂੰਘਾ ਵਾਹ ਕੇ ਜ਼ਮੀਨ ਵਿਚ ਪਏ ਕੋਏ ਬਾਹਰ ਕੱਢ ਦੇਵੋ।
- ਸਿੰਥੈਟਿਕ ਪਰਿਥਰਾਇਡ ਗਰੁੱਪ ਨਾਲ ਸਬੰਧਤ ਦਵਾਈਆਂ ਜਿਵੇਂ-100 ਮਿਲੀਲਿਟਰ ਫੈਨਵਲਰੇਟ 20 ਈਸੀ (ਸੁਮੀਸੀਡੀਨ), 200 ਮਿਲੀਲਿਟਰ ਸਾਈਪਰਮਥੈਰਿਨ 10 ਈਸੀ (ਰਿਪਕਾਰਡ), 160 ਮਿਲੀਲਿਟਰ ਡੈਲਟਾਮੈਥਰਿਨ 2.8 ਈਸੀ (ਡੈਸਿਸ) ਜਾਂ ਫਾਸਫੈਟਿਕ ਗਰੁੱਪ ਨਾਲ ਸਬੰਧਤ ਦਵਾਈਆਂ ਜਿਵੇਂ 800 ਮਿਲੀਲਿਟਰ ਕੁਇਨਲਫਾਸ 25 ਈਸੀ (ਏਕਾਲਕਸ), 500 ਮਿਲੀਲਿਟਰ ਟ੍ਰਾਈਅੋਜ਼ੋਫਾਸ 40 ਈਸੀ (ਹੋਸਟਾਥਿਆਨ) ਵਿੱਚੋਂ ਕੋਈ ਇਕ ਦਵਾਈ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ 3 ਤੋਂ 4 ਵਾਰ 14 ਦਿਨਾਂ ਦੇ ਵਕਫ਼ੇ 'ਤੇ ਛਿੜਕਾਅ ਕਰੋ। •

ਮੋਬਾਈਲ : 98155-76071

### ਮਕੌੜਾ ਜੂੰ

*ਮਕੌੜਾ ਜੂੰ ਦਾ ਹਮਲਾ ਗਰਮ ਤੇ ਖ਼ੁਸ਼ਕ ਮੌਸਮ (ਅਪ੍ਰੈਲ ਤੋਂ ਜੂਨ) ਵਿਚ ਭਿੰਡੀ ਅਤੇ ਬੈਂਗਣਾਂ ਉੱਪਰ ਜ਼ਿਆਦਾ ਹੁੰਦਾ ਹੈ। ਸ਼ੁਰੂ ਵਿਚ ਪੱਤਿਆਂ 'ਤੇ ਚਿੱਟੇ ਬਰੀਕ ਧੱਬੇ ਪੈ ਜਾਂਦੇ ਹਨ, ਮਗਰੋਂ ਪੱਤਿਆਂ ਤੇ ਜਾਲੇ ਬਣ ਜਾਂਦੇ ਹਨ ਜਿਨ੍ਹਾਂ ਤੇ ਧੂੜ ਜੰਮ ਜਾਂਦੀ ਹੈ ਤੇ ਪੱਤੇ ਝੜ ਜਾਂਦੇ ਹਨ। ਇਸ ਦੇ ਬਾਲਗ ਅਤੇ ਬੱਚੇ ਦੋਵੇਂ ਹੀ ਫ਼ਸਲ ਦਾ ਨੁਕਸਾਨ ਕਰਦੇ ਹਨ। ਬਾਲਗ ਜੂੰ ਲੰਬੀ ਅਤੇ ਭੂਰੇ ਰੰਗ ਦੀ ਹੁੰਦੀ ਹੈ। ਇਸ ਦਾ ਹਮਲਾ ਫੁੱਲਾਂ ਤੇ ਫਲਾਂ ਉੱਪਰ ਵੇਖਿਆ ਜਾ ਸਕਦਾ ਹੈ। ਇਸ ਦੀ ਮਾਦਾ ਗੁਰਦੇ ਦੇ ਆਕਾਰ ਵਰਗੇ 50-60 ਆਂਡੇ ਇਕੱਲੇ-ਇਕੱਲੇ ਪੱਤੇ ਦੇ ਅੰਦਰ ਦਿੰਦੀ ਹੈ। ਇਸ ਦੇ ਬੱਚੇ ਬੂਟਿਆਂ ਦਾ ਰਸ ਚੂਸਦੇ ਹਨ ਤੇ ਇਸ ਦਾ ਕੋਆ ਮਿੱਟੀ ਦੇ ਅੰਦਰ ਪਾਇਆ ਜਾਂਦਾ ਹੈ।*



#### ਰੋਕਥਾਮ

*ਇਸ ਦੀ ਰੋਕਥਾਮ ਲਈ 300 ਮਿਲੀਲਿਟਰ ਉਮਾਈਟ 57 ਈਸੀ ਜਾਂ 300 ਮਿਲੀਲਿਟਰ ਕੈਲਥੇਨ 18.5 ਈਸੀ ਜਾਂ 450 ਮਿਲੀਲਿਟਰ ਫਾਸਮਾਈਟ 50 ਈਸੀ ਜਾਂ 250 ਮਿਲੀਲਿਟਰ ਮੈਟਾਸਿਸਟਾਕਸ 25 ਈਸੀ ਨੂੰ 100-150 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।*

### ਹੱਡਾ ਭੂੰਡੀ

ਇਹ ਭੂੰਡੀ ਅਤੇ ਇਸ ਦੇ ਬੱਚੇ ਦੋਵੇਂ ਹੀ ਬੈਂਗਣ ਦੀ ਫ਼ਸਲ ਦਾ ਨੁਕਸਾਨ ਕਰਦੇ ਹਨ। ਇਹ ਭੂੰਡੀ ਗੂੜ੍ਹੇ ਤਾਂਬੇ ਰੰਗੀ ਹੁੰਦੀ ਹੈ ਤੇ ਇਸ ਦੇ ਖੰਭਾਂ ਉੱਪਰ 12 ਕਾਲੇ ਧੱਬੇ ਹੁੰਦੇ ਹਨ। ਇਸ ਦਾ ਬਾਲਗ ਪੀਲੇ ਰੰਗ ਦਾ ਹੁੰਦਾ ਹੈ ਤੇ ਉਸ ਉੱਪਰ 6 ਕੰਡਿਆਂ ਵਾਲੀਆਂ ਧਾਰੀਆਂ ਹੁੰਦੀਆਂ ਹਨ। ਮਾਦਾ ਭੂੰਡੀ ਮਾਰਚ-ਅਪ੍ਰੈਲ ਵਿਚ ਆਂਡੇ ਦਿੰਦੀ ਹੈ। ਇਹ ਪੂਰੇ ਜੀਵਨ ਚੱਕਰ ਵਿਚ 400 ਆਂਡੇ ਦਿੰਦੀ ਹੈ। ਇਸ ਦੇ ਬੱਚੇ ਪੱਤਿਆਂ ਨੂੰ ਖੁਰਚ-ਖੁਰਚ ਕੇ ਖਾਂਦੇ ਹਨ। ਇਸ ਦਾ ਕੋਆ ਗੂੜ੍ਹੇ ਰੰਗ ਦਾ ਅਤੇ ਪੱਤਿਆ ਦੇ ਹੇਠਲੇ ਪਾਸੇ ਹੁੰਦਾ ਹੈ। ਟੈਟਰਾਸਟੀਕਾਲਸ ਹੱਡਾ ਭੂੰਡੀ ਦਾ ਪਰਜੀਵੀ ਕੀੜਾ ਹੈ।

### ਜੈਸਿਡ

ਜੈਸਿਡ ਦੇ ਹਮਲੇ ਕਾਰਨ ਬੈਂਗਣਾਂ ਦੇ ਪੱਤੇ ਪਹਿਲਾਂ ਪੀਲੇ ਤੇ ਬਾਅਦ ਵਿਚ ਤਾਂਬੇ ਰੰਗੇ ਹੋ ਕੇ ਝੜ ਜਾਂਦੇ ਹਨ। ਨਿੱਕੇ ਅਤੇ ਵੱਡੇ ਹਰੇ ਰੰਗ ਦੇ ਕੀੜੇ ਬਹੁ-ਗਿਣਤੀ ਵਿਚ ਪੱਤਿਆਂ ਦੇ ਹੇਠਾਂ ਨਜ਼ਰ ਆਉਂਦੇ ਹਨ।



#### ਰੋਕਥਾਮ

ਜੈਸਿਡ ਤੇ ਹੱਡਾ ਭੂੰਡੀ ਦਾ ਹਮਲਾ ਹੋਣ 'ਤੇ 250 ਮਿਲੀਲਿਟਰ ਮੈਲਾਥਿਆਨ 50 ਈਸੀ ਪ੍ਰਤੀ ਏਕੜ 10 ਦਿਨ ਦੇ ਵਕਫ਼ੇ ਨਾਲ ਬੂਟਿਆਂ 'ਤੇ ਛਿੜਕੋ।

• ਪੀਐੱਸ ਸ਼ੇਰਾ, ਰਾਬਿੰਦਰ ਕੌਰ

*ਮਿੱਤਰ ਕੀਟ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਦੇ ਆਂਡਿਆਂ ਅੰਦਰ ਆਪਣੇ ਆਂਡੇ ਦੇ ਕੇ ਜੀਵਨ ਚੱਕਰ ਪੂਰਾ ਕਰਦੇ ਹਨ। ਇਸ ਦੇ ਬੱਚੇ ਦੁਸ਼ਮਣ ਕੀੜੇ ਦੇ ਆਂਡੇ ਅੰਦਰ ਪਲ ਕੇ ਉਸ ਨੂੰ ਖ਼ਤਮ ਕਰ ਦਿੰਦੇ ਹਨ...*









# ਮਿੱਤਰ ਕੀਟਾਂ ਰਾਹੀਂ ਫ਼ਸਲੀ ਕੀੜਿਆਂ ਦੀ ਰੋਕਥਾਮ

ਜੈਵਿਕ ਰੋਕਥਾਮ ਤੋਂ ਭਾਵ ਹੈ ਮਿੱਤਰ ਕੀੜਿਆਂ ਰਾਹੀਂ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਕਰਨਾ। ਇਸ ਵਿਧੀ ਨਾਲ ਹਾਨੀਕਾਰਕ ਕੀੜਿਆਂ ਦੀ ਗਿਣਤੀ ਜਾਂ ਉਨ੍ਹਾਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕਦਾ ਹੈ। ਪੰਜਾਬ ਵਿਚ ਕਮਾਦ, ਮੱਕੀ ਤੇ ਜੈਵਿਕ ਝੋਨੇ ਦੇ ਮੁੱਖ ਦੁਸ਼ਮਣ ਕੀੜਿਆਂ (ਗੜੂੰਏਂ) ਨੂੰ ਨਸ਼ਟ ਕਰਨ ਲਈ ਦੋ ਮਿੱਤਰ ਕੀੜਿਆਂ, ਟਰਾਈਕੋਗਰਾਮਾ ਕਿਲੋਨਸ ਤੇ ਟਰਾਈਕੋਗਰਾਮਾ ਜੈਪੋਨਿਕਮ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਮਿੱਤਰ ਕੀੜੇ ਪ੍ਰਯੋਗਸ਼ਾਲਾ ਵਿਚ ਤਿਆਰ ਕੀਤੇ ਗਏ ਟਰਾਈਕੋ-ਕਾਰਡ ਰਾਹੀਂ ਕਿਸਾਨਾਂ ਦੇ ਖੇਤਾਂ 'ਚ ਛੱਡੇ ਜਾ ਸਕਦੇ ਹਨ। ਇਹ ਦੁਸ਼ਮਣ ਕੀੜੇ ਦੇ ਆਂਡੇ ਅੰਦਰ ਆਂਡੇ ਦੇ ਕੇ ਆਪਣਾ ਜੀਵਨ ਚੱਕਰ ਪੂਰਾ ਕਰਦਾ ਹੈ। ਇਸ ਦੇ ਬੱਚੇ ਦੁਸ਼ਮਣ ਕੀੜੇ ਦੇ ਆਂਡੇ ਅੰਦਰ ਪਲਦੇ ਹਨ ਤੇ ਅੰਤ ਉਸ ਨੂੰ ਖਤਮ ਕਰ ਦਿੰਦੇ ਹਨ। ਸਾਉਣੀ ਦੀਆਂ ਮੁੱਖ ਫ਼ਸਲਾਂ ਕਮਾਦ, ਮੱਕੀ ਤੇ ਝੋਨੇ ਦੇ ਹਾਨੀਕਾਰਕ ਕੀੜਿਆਂ ਦੇ ਨੁਕਸਾਨ ਤੇ ਉਨ੍ਹਾਂ ਦੀ ਜੈਵਿਕ ਰੋਕਥਾਮ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ :

### ਕਮਾਦ ਦੇ ਗੜੂੰਏਂ

ਕਮਾਦ ਵਿਚ ਅਗੇਤੀ ਫੋਟ ਦਾ ਗੜੂੰਆਂ, ਆਗ ਦਾ ਗੜੂੰਆ ਤੇ ਤਣੇ ਦਾ ਗੜੂੰਆ ਵੱਧ ਨੁਕਸਾਨ ਕਰਦੇ ਹਨ।

**ਅਗੇਤੀ ਫੋਟ ਦਾ ਗੜੂੰਆਂ :** ਇਹ ਕੀੜਾ ਅਪ੍ਰੈਲ ਤੋਂ ਜੂਨ ਤਕ ਨੁਕਸਾਨ ਕਰਦਾ ਹੈ। ਮੀਂਹ ਸ਼ੁਰੂ ਹੋਣ ਤੋਂ ਪਹਿਲਾਂ ਦਾ ਸਮਾਂ ਇਸ ਕੀੜੇ ਦੇ ਵਧਣ ਫੁੱਲਣ ਲਈ ਲਾਹੇਵੰਦ ਹੁੰਦਾ ਹੈ। ਗੰਨੇ ਦੀ ਮੁੱਢਲੀ ਹਾਲਤ 'ਚ ਇਹ ਕੀੜੇ ਪੱਤੇ ਦੇ ਥੱਲੇ ਸਮੂਹਾਂ ਵਿਚ ਆਂਡੇ ਦਿੰਦੇ ਹਨ। ਸੁੰਡੀ ਜ਼ਮੀਨ ਦੇ ਨੇੜੇ ਮੋਰੀ ਕਰਕੇ ਤਣੇ ਵਿਚ ਦਾਖ਼ਲ ਹੋ ਜਾਂਦੀ ਹੈ ਜਿਸ ਦੇ ਨਤੀਜੇ ਵਜੋਂ ਗੋਭ ਸੁੱਕ ਜਾਂਦੀ ਹੈ। ਸੁੱਕੀ ਹੋਈ ਗੋਭ ਆਸਾਨੀ ਨਾਲ ਟੁੱਟ ਜਾਂਦੀ ਹੈ ਤੇ ਇਸ ਵਿੱਚੋਂ ਬਦਬੂ ਆਉਣ ਲਗਦੀ ਹੈ।

**ਆਗ ਦਾ ਗੜੂੰਆਂ :** ਇਹ ਕੀੜਾ ਮਾਰਚ ਤੋਂ ਅਕਤੂਬਰ ਤਕ ਸਰਗਰਮ ਰਹਿੰਦਾ ਹੈ ਤੇ ਪੂਰੇ ਮੌਸਮ ਦੌਰਾਨ ਚਾਰ ਵੱਖ-ਵੱਖ ਪੀੜ੍ਹੀਆਂ ਦਿੰਦਾ ਹੈ। ਇਸ ਦੀ ਤੀਜੀ ਪੀੜ੍ਹੀ ਸਭ ਤੋਂ ਜ਼ਿਆਦਾ ਨੁਕਸਾਨ ਕਰਦੀ ਹੈ, ਜਿਹੜੀ ਕਿ ਜੁਲਾਈ ਵਿਚ ਸ਼ੁਰੂ ਹੁੰਦੀ ਹੈ। ਇਹ ਕੀੜਾ ਪੱਤਿਆਂ ਦੇ ਹੇਠਲੇ ਪਾਸੇ ਗੁੱਛਿਆਂ ਵਿਚ ਆਂਡੇ ਦਿੰਦਾ ਹੈ, ਜਿਹੜੇ ਕਿ ਭੂਰੇ ਰੰਗ ਦੇ ਵਾਲਾਂ ਨਾਲ ਢਕੇ ਹੁੰਦੇ ਹਨ। ਛੋਟਾ ਗੜੂੰਆਂ ਪੱਤੇ ਦੀ ਰੀੜ੍ਹ ਰਾਹੀਂ ਦਾਖ਼ਲ ਹੋ ਕੇ ਆਗ ਤਕ ਪਹੁੰਚ ਜਾਂਦਾ ਹੈ ਜਿੱਥੇ ਇਹ ਗੋਭ ਨੂੰ ਖਾਂਦਾ ਹੈ। ਪੱਤੇ ਵਿਚ ਮੋਰੀਆਂ ਹੋ ਜਾਂਦੀਆਂ ਹਨ, ਪਤੇ ਦੀ ਰੀੜ੍ਹ ਚਿੱਟੀ ਜਾਂ ਲਾਲ ਪੈ ਜਾਂਦੀ ਹੈ ਤੇ ਗੰਨਾ ਛਾਂਗਾ ਹੋ ਜਾਂਦਾ ਹੈ।

**ਤਣੇ ਦਾ ਗੜੂੰਆ :** ਇਹ ਕਮਾਦ ਦਾ ਸਭ ਤੋਂ ਵੱਧ ਨੁਕਸਾਨ ਕਰਨ ਵਾਲਾ ਕੀੜਾ ਹੈ, ਜਿਹੜਾ ਸਾਰਾ ਸਾਲ ਸਰਗਰਮ ਰਹਿੰਦਾ ਹੈ। ਗੰਨੇ ਦੇ ਮੁੱਢਲੇ ਵਾਧੇ ਦੌਰਾਨ ਇਹ ਅਗੇਤੀ ਫੋਟ ਦੇ ਗੜੂੰਏ ਦੀ ਤਰ੍ਹਾਂ ਹੀ ਗੋਭ ਨਸ਼ਟ ਕਰ ਦਿੰਦਾ ਹੈ ਤੇ ਗੰਨੇ ਵਿਚ ਮੋਰੀਆਂ ਕਰ ਕੇ ਬਹੁਤ ਨੁਕਸਾਨ ਕਰਦਾ ਹੈ। ਇਸ ਦਾ ਹਮਲਾ ਜੁਲਾਈ ਤੋਂ ਸ਼ੁਰੂ ਹੋ ਕੇ ਅਕਤੂਬਰ-ਨਵੰਬਰ 'ਚ ਵਧ ਜਾਂਦਾ ਹੈ। ਇਸ ਕੀੜੇ ਦੇ ਹਮਲੇ ਦੀਆਂ ਬਾਹਰਲੀਆਂ ਕੋਈ ਨਿਸ਼ਾਨੀਆਂ ਨਹੀਂ। ਕੇਵਲ ਗੰਨੇ ਨੂੰ ਛਿਲ ਕੇ ਹੀ ਮੋਰੀਆਂ ਵੇਖੀਆਂ ਜਾ ਸਕਦੀਆਂ ਹਨ। ਇਕ ਗੰਨੇ ਵਿਚ ਇਕ ਤੋਂ ਵਧੇਰੇ ਸੁੰਡੀਆਂ ਵੀ ਹੋ ਸਕਦੀਆਂ ਹਨ।

**ਰੋਕਥਾਮ :** ਅਗੇਤੀ ਫੋਟ ਦੀ ਰੋਕਥਾਮ ਲਈ ਟਰਾਈਕੋਗਰਾਮਾ ਕਿਲੋਨਸ ਤੇ ਆਗ ਦੇ ਗੜੂੰਏਂ ਲਈ ਟਰਾਈਕੋਗਰਾਮਾ ਜੈਪੋਨਿਕਮ 20,000 ਪ੍ਰਤੀ ਏਕੜ ਦੇ ਹਿਸਾਬ ਨਾਲ ਮੱਧ-ਅਪ੍ਰੈਲ ਤੋਂ ਲੈ ਕੇ ਜੂਨ ਦੇ ਅਖ਼ੀਰ ਤਕ ਦਸ ਦਿਨ ਦੇ ਵਕਫ਼ੇ 'ਤੇ ਅੱਠ ਵਾਰੀ ਖੇਤ ਵਿਚ ਛੱਡੋ। ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਟਰਾਈਕੋਗਰਾਮਾ ਕਿਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ ਜੁਲਾਈ ਤੋਂ ਲੈ ਕੇ ਅਕਤੂਬਰ ਤਕ ਦਸ ਦਿਨਾਂ ਦੇ ਵਕਫ਼ੇ 'ਤੇ ਦਸ ਤੋਂ ਬਾਰਾਂ ਵਾਰ ਖੇਤ 'ਚ ਛੱਡੋ। ਖੇਤ 'ਚ ਛੱਡਣ ਲਈ ਇਕ ਟਰਾਈਕੋ-ਕਾਰਡ, ਜਿਸ ਉੱਪਰ 20,000 ਪਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ ਆਂਡੇ ਲੱਗੇ ਹੁੰਦੇ ਹਨ, ਨੂੰ 50.75 ਸੈਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿਚ ਕੱਟੋ। ਹਰ ਹਿੱਸੇ ਉੱਪਰ ਕਰੀਬ 500 ਆਂਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ ਤੇ ਹੇਠਲੇ ਪਾਸੇ ਇਕ ਏਕੜ ਵਿਚ ਬਰਾਬਰ ਦੂਰੀ ਉੱਪਰ 40 ਥਾਵਾਂ 'ਤੇ ਸ਼ਾਮ ਵੇਲੇ ਨੱਥੀ ਕਰੋ।

### ਮੱਕੀ ਦਾ ਗੜੂੰਆਂ

ਇਹ ਮੱਕੀ ਦਾ ਮੁੱਖ ਹਾਨੀਕਾਰਕ ਕੀੜਾ ਹੈ, ਜਿਹੜਾ ਜੂਨ ਤੋਂ ਸਤੰਬਰ ਤਕ ਫ਼ਸਲ ਦਾ ਨੁਕਸਾਨ ਕਰਦਾ ਹੈ। ਇਸ ਕੀੜੇ ਦੀਆਂ ਸੁੰਡੀਆਂ ਪਹਿਲਾਂ ਬੂਟੇ ਦੇ ਪੱਤਿਆਂ ਉੱਪਰ ਝਰੀਟਾਂ ਪਾ ਦਿੰਦੀਆਂ ਹਨ ਤੇ ਗੋਭ ਰਾਹੀਂ ਮੋਰੀਆਂ ਕਰ ਦਿੰਦੀਆਂ ਹਨ। ਗੋਭ ਦਾ ਵਿਚਕਾਰਲਾ ਪੱਤਾ ਛਾਣਨੀ ਹੋ ਜਾਂਦਾ ਹੈ ਤੇ ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ।

**ਰੋਕਥਾਮ :** ਮੱਕੀ ਦੇ ਗੜੂੰਏਂ ਦੀ ਰੋਕਥਾਮ ਲਈ ਟਰਾਈਕੋਗਰਾਮਾ ਕਿਲੋਨਸ 40,000 ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰ ਛੱਡੋ। ਪਹਿਲੀ ਵਾਰੀ 10 ਦਿਨ ਦੀ ਫ਼ਸਲ 'ਤੇ ਅਤੇ ਦੂਜੀ ਵਾਰੀ 17 ਦਿਨ ਦੀ ਫ਼ਸਲ ਉੱਪਰ ਛੱਡੋ। ਇਸ ਲਈ ਦੋ ਟਰਾਈਕੋ-ਕਾਰਡਾਂ ਨੂੰ 51.5 ਸੈਮੀ ਆਕਾਰ ਦੇ 40 ਹਿੱਸਿਆਂ 'ਚ ਬਰਾਬਰ ਕੱਟ ਲਵੋ। ਹਰ ਹਿੱਸੇ ਉਪਰ ਕਰੀਬ 1000 ਪਰਜੀਵੀ ਕਿਰਿਆ ਕੀਤੇ ਹੋਏ ਆਂਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਮੱਕੀ ਦੇ ਬੂਟੇ ਦੀ ਵਿਚਲੀ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਇਕ ਏਕੜ ਖੇਤ ਵਿਚ ਬਰਾਬਰ ਦੂਰੀ 'ਤੇ 40 ਥਾਵਾਂ 'ਤੇ ਨੱਥੀ ਕਰੋ।

### ਝੋਨੇ ਦੇ ਗੜੂੰਏਂ ਤੇ ਪੱਤਾ ਲਪੇਟ ਸੁੰਡੀ

ਗੋਭ ਦੀਆਂ ਸੁੰਡੀਆਂ ਤੇ ਪੱਤਾ ਲਪੇਟ ਸੁੰਡੀ ਝੋਨੇ ਦੀ ਫ਼ਸਲ ਦੇ ਸਭ ਤੋਂ ਹਾਨੀਕਾਰਕ ਕੀੜੇ ਹਨ। ਪੰਜਾਬ ਵਿਚ ਬਾਸਮਤੀ ਤੇ ਝੋਨੇ ਦੀ ਗੋਭ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਸੁੰਡੀਆਂ ਵਿੱਚੋਂ ਪੀਲੇ ਤਣੇ ਦੀ ਸੁੰਡੀ ਸਭ ਤੋਂ ਜ਼ਿਆਦਾ ਨੁਕਸਾਨ ਕਰਦੀ ਹੈ।

**ਝੋਨੇ ਦੇ ਗੜੂਏਂ :** ਇਹ ਜੁਲਾਈ ਤੋਂ ਅਕਤੂਬਰ ਤਕ ਫ਼ਸਲ ਦਾ ਨੁਕਸਾਨ ਕਰਦੇ ਹਨ। ਇਸ ਦੀਆਂ ਸੁੰਡੀਆਂ ਮੁੰਜਰਾਂ ਨਿਕਲਣ ਤੋਂ ਪਹਿਲਾਂ ਤਣੇ ਦੇ ਜੋੜ ਵਿਚ ਵੜ ਜਾਂਦੀਆਂ ਹਨ ਤੇ ਗੋਭ ਨੂੰ ਅੰਦਰੋਂ ਖਾਈ ਜਾਂਦੀਆਂ ਹਨ, ਜਿਸ ਨਾਲ ਗੋਭ ਸੁੱਕ ਜਾਂਦੀ ਹੈ ਤੇ ਇਸ ਸੁੱਕੀ ਗੋਭ ਨੂੰ 'ਡੈਡ ਹਰਟ' ਆਖਦੇ ਹਨ।

**ਪੱਤਾ ਲਪੇਟ ਸੁੰਡੀ :** ਇਸ ਕੀੜੇ ਦਾ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਦੌਰਾਨ ਹੁੰਦਾ ਹੈ। ਛੋਟੀਆਂ ਸੁੰਡੀਆਂ ਪੱਤਿਆਂ ਨੂੰ ਬਿਨਾਂ ਲਪੇਟੇ ਤੇ ਵੱਡੀਆਂ ਸੁੰਡੀਆਂ ਪੱਤਿਆਂ ਨੂੰ ਲਪੇਟ ਕੇ ਹਰਾ ਮਾਦਾ ਖਾਂਦੀਆਂ ਹਨ

**ਰੋਕਥਾਮ :** ਝੋਨੇ ਵਿਚ ਪੱਤਾ ਲਪੇਟ ਸੁੰਡੀ ਤੇ ਪੀਲੇ ਤਣੇ ਦੇ ਗੜੂੰਏਂ ਦੀ ਸੁੰਡੀ ਦੀ ਰੋਕਥਾਮ ਲਈ ਟਰਾਈਕੋਗਰਾਮਾ ਕਿਲੋਨਸ ਤੇ ਟਰਾਈਕੋਗਰਾਮਾ ਜੈਪੋਨਿਕਮ 40,000 ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨਾ ਲਾਉਣ ਤੋਂ 30 ਦਿਨਾਂ ਬਾਅਦ ਸੱਤ ਦਿਨ ਦੇ ਵਕਫ਼ੇ 'ਤੇ ਪੰਜ ਤੋਂ ਛੇ ਵਾਰ ਖੇਤ ਵਿਚ ਛੱਡੋ। ਟਰਾਈਕੋਗਰਾਮਾ ਕਿਲੋਨਸ ਤੇ ਟਰਾਈਕੋਗਰਾਮਾ ਜੈਪੋਨਿਕਮ ਦੇ ਦੋ-ਦੋ ਟਰਾਈਕੋ-ਕਾਰਡਾਂ ਨੂੰ 51.5 ਸੈਮੀ ਆਕਾਰ ਦੇ 40 ਬਰਾਬਰ ਹਿੱਸਿਆਂ 'ਚ ਕੱਟੋ। ਹਰ ਹਿੱਸੇ ਉੱਪਰ ਲਗਪਗ 1000 ਪਰਜੀਵੀ ਕਿਰਿਆ ਕੀਤੇ ਹੋਏ ਆਂਡੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਇਕ ਏਕੜ ਖੇਤ ਵਿਚ ਬਰਾਬਰ ਦੂਰੀ 'ਤੇ 40 ਥਾਵਾਂ ਉੱਪਰ ਪੱਤਿਆਂ ਦੇ ਹੇਠ ਨੱਥੀ ਕਰੋ।

### ਟਰਾਈਕੋ-ਕਾਰਡ ਛੱਡਣ ਲਈ ਸਾਵਧਾਨੀਆਂ

- ਟਰਾਈਕੋ-ਕਾਰਡ ਲਿਫ਼ਾਫ਼ੇ ਵਿਚ ਇਸ ਤਰ੍ਹਾਂ ਪੈਕ ਹੋਣੇ ਚਾਹੀਦੇ ਹਨ ਕਿ ਆਂਡੇ ਲੱਗਿਆ ਪਾਸਾ ਅੰਦਰ ਵੱਲ ਨੂੰ ਹੋਵੇ।
- ਟਰਾਈਕੋ-ਕਾਰਡ ਸ਼ਾਮ ਸਮੇਂ ਖੇਤ ਵਿਚ ਨੱਥੀ ਕਰਨੇ ਚਾਹੀਦੇ ਹਨ।
- ਬਰਸਾਤ ਵਾਲੇ ਦਿਨ ਟਰਾਈਕੋ-ਕਾਰਡ ਨੱਥੀ ਨਾ ਕਰੋ।
- ਜਿਹੜੇ ਖੇਤਾਂ ਵਿਚ ਟਰਾਈਕੋਗਰਾਮਾ ਛੱਡਿਆ ਹੋਵੇ, ਉਨ੍ਹਾਂ ਵਿਚ ਕੀਟਨਾਸ਼ਕਾਂ ਦਾ ਛਿੜਕਾਅ ਨਾ ਕਰੋ।

### ਉਪਲਬਧਤਾ

ਟਰਾਈਕੋ-ਕਾਰਡ ਕੀਟ ਵਿਗਿਆਨ ਵਿਭਾਗ, ਪੀਏਯੂ ਲੁਧਿਆਣਾ, ਅਬੋਹਰ, ਗੁਰਦਾਸਪੁਰ ਤੇ ਬਠਿੰਡਾ ਵਿਖੇ ਪੀਏਯੂ ਦੇ ਖੇਤਰੀ ਖੋਜ ਕੇਂਦਰਾਂ ਦੀਆਂ ਜੈਵਿਕ ਰੋਕਥਾਮ ਪ੍ਰਯੋਗਸ਼ਾਲਾਵਾਂ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਕੋਰਸਾਇਰਾ ਦੇ ਆਂਡਿਆਂ ਤੇ ਟਰਾਈਕੋ-ਕਾਰਡਾਂ ਦੇ ਵੱਡੇ ਪੱਧਰ 'ਤੇ ਉਤਪਾਦਨ ਦੀ ਤਕਨੀਕ ਪੰਜਾਬ ਦੀਆਂ ਵੱਖ-ਵੱਖ ਖੰਡ ਮਿੱਲਾਂ ਨੂੰ ਦਿੱਤੀ ਗਈ ਹੈ। ਇਹ ਕਾਰਡ ਦੁਆਬਾ ਕੋ-ਆਪ੍ਰੇਟਿਵ ਖੰਡ ਮਿੱਲ ਲਿਮਟਿਡ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ), ਮੋਰਿੰਡਾ ਕੋ-ਆਪ੍ਰੇਟਿਵ ਖੰਡ ਮਿਲ ਲਿਮਟਿਡ ਮੋਰਿੰਡਾ (ਰੋਪੜ), ਗੁਰਦਾਸਪੁਰ ਕੋ-ਆਪ੍ਰੇਟਿਵ ਖੰਡ ਮਿਲ ਲਿਮਟਿਡ ਪਨਿਆੜ (ਗੁਰਦਾਸਪੁਰ), ਨਾਹਰ ਖੰਡ ਮਿਲ ਪ੍ਰਾਈਵੇਟ ਲਿਮਟਿਡ ਅਮਲੋਹ (ਫ਼ਤਹਿਗੜ੍ਹ ਸਾਹਿਬ) ਅਤੇ ਰਾਣਾ ਖੰਡ ਮਿਲ ਲਿਮਟਿਡ ਬੁਟਰ ਸੇਵੀਆਂ (ਅੰਮ੍ਰਿਤਸਰ) ਅਤੇ ਫਾਜ਼ਿਲਕਾ ਕੋ-ਆਪ੍ਰੇਟਿਵ ਖੰਡ ਮਿਲ (ਫਾਜ਼ਿਲਕਾ) ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। •

ਮੋਬਾਈਲ 98722-05425

# ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕਣ ਤੋਂ ਪਹਿਲਾਂ ਬਿਕਰਮ ਮਜੀਠੀਆ ਦਾ ਵੱਡਾ ਬਿਆਨ

ਏਜੰਸੀਆਂ

ਅੰਮ੍ਰਿਤਸਰ 6 ਜੁਲਾਈ। ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵਲੋਂ ਐੱਮ. ਪੀ. ਅਹੁਦੇ ਦੀ ਭਲਕੇ ਚੁੱਕੀ ਜਾਣ ਵਾਲੀ ਸਹੁੰ ਨੂੰ ਲੈ ਕੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਮਜੀਠੀਆ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ।



ਮਜੀਠੀਆ ਨੇ ਆਖਿਆ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਲੋਕਾਂ ਨੇ ਐੱਮ. ਪੀ. ਚੋਣਾਂ ਜਿਤਵਾਈਆਂ ਹਨ, ਉਨ੍ਹਾਂ ਨੂੰ ਐੱਮ. ਪੀ. ਬਣਾਇਆ ਹੈ ਅਤੇ ਸਹੁੰ ਚੁੱਕਣਾ ਉਨ੍ਹਾਂ ਦਾ ਸੰਵਿਧਾਨਕ ਹੱਕ ਹੈ। ਕੱਲ੍ਹ ਉਹ ਸੰਵਿਧਾਨ ਦੀ ਸਹੁੰ ਚੁੱਕ ਕੇ ਆਪਣੇ ਐੱਮ. ਪੀ. ਅਹੁਦੇ ਦੀ ਸ਼ੁਰੂਆਤ ਕਰਨਗੇ ਅਤੇ ਸੰਵਿਧਾਨ ਦੀ ਸਹੁੰ ਚੁੱਕ ਕੇ ਸੰਵਿਧਾਨ ਵਿਚ ਆਪਣਾ ਭਰੋਸਾ ਦਿਖਾਉਣਗੇ। ਦੱਸਣਯੋਗ ਹੈ ਕਿ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦਾ ਮੁਖੀ ਅੰਮ੍ਰਿਤਪਾਲ ਸਿੰਘ 6 ਜੁਲਾਈ ਨੂੰ ਬਤੌਰ ਸੰਸਦ ਮੈਂਬਰ ਹਲਫ ਲਵੇਗਾ। ਅੰਮ੍ਰਿਤਪਾਲ ਸਿੰਘ ਨੂੰ ਸ਼ਰਤਾਂ 'ਤੇ ਚਾਰ ਦਿਨਾਂ ਦੀ ਪੈਰੋਲ ਦਿੱਤੀ ਗਈ ਹੈ ਜੋ 6 ਜੁਲਾਈ ਤੋਂ ਸ਼ੁਰੂ ਹੋਵੇਗੀ। ਗ੍ਰਹਿ ਵਿਭਾਗ ਵੱਲੋਂ ਭੇਜੀ ਅਰਜ਼ੀ ਮਗਰੋਂ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ 6 ਜੁਲਾਈ ਨੂੰ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਾਏ ਜਾਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਅੰਮ੍ਰਿਤਪਾਲ ਸਿੰਘ ਨੂੰ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਕੀਤਾ ਗਿਆ ਹੈ। ਅੰਮ੍ਰਿਤਪਾਲ ਨੂੰ 6 ਜੁਲਾਈ ਨੂੰ ਅੰਮ੍ਰਿਤਸਰ ਦਿਹਾਤੀ ਪੁਲਸ ਵੱਲੋਂ ਡਿਬਰੂਗੜ੍ਹ ਜੇਲ੍ਹ ਤੋਂ ਦਿੱਲੀ ਲਿਜਾਇਆ ਜਾਵੇਗਾ, ਜਿੱਥੇ ਉਹ ਸੰਸਦ ਮੈਂਬਰ ਵਜੋਂ ਸਹੁੰ ਚੁੱਕਣਗੇ। ਸਹੁੰ ਚੁੱਕਣ ਤੋਂ ਬਾਅਦ ਸਿੱਧਾ ਡਿਬਰੂਗੜ੍ਹ ਜੇਲ੍ਹ ਵਾਪਸ ਲਿਜਾਇਆ ਜਾਵੇਗਾ। ਅੰਮ੍ਰਿਤਪਾਲ ਸਿੰਘ ਨੂੰ ਸਖਤ ਸਰਤਾਂ ਦੇ ਨਾਲ 6 ਜੁਲਾਈ ਤੋਂ 4 ਦਿਨ ਦੀ ਪੈਰੋਲ ਦਿੱਤੀ ਗਈ ਹੈ। ਇਸ ਦੌਰਾਨ ਅੰਮ੍ਰਿਤਪਾਲ ਸਿੰਘ ਨੂੰ ਕਿਸੇ ਨੂੰ ਵੀ ਮਿਲਣ ਦੀ ਆਗਿਆ ਨਹੀਂ ਹੋਵੇਗੀ, ਹਾਲਾਂਕਿ ਉਹ ਸਿਰਫ ਪਰਿਵਾਰ ਨੂੰ ਮਿਲ ਸਕਣਗੇ ਪਰ ਕਿਸੇ ਤਰ੍ਹਾਂ ਦੀ ਬਿਆਨਬਾਜੀ 'ਤੇ ਰੋਕ ਰਹੇਗੀ। ਇਨ੍ਹਾਂ 4 ਦਿਨਾਂ ਵਿਚ ਅੰਮ੍ਰਿਤਪਾਲ ਨਾ ਤਾਂ ਆਪਣੇ ਪਿੰਡ, ਨਾ ਆਪਣੇ ਹਲਕੇ ਅਤੇ ਨਾ ਹੀ ਪੰਜਾਬ ਜਾ ਸਕੇਗਾ।

# ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸਥਾਪਤ ਕੀਤੀ ਗਈ ਵਿੰਡੋ: ਵਿਸ਼ੇਸ਼ ਸਾਰੰਗਲ

ਸਰਦੂਲ ਸਿੰਘ

ਗੁਰਦਾਸਪੁਰ 6 ਜੁਲਾਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤਹਿਤ ਆਮ ਲੋਕਾਂ ਦੀ ਸਹੂਲਤ ਲਈ ਡਿਪਟੀ ਕਮਿਸ਼ਨਰ ਦਫ਼ਤਰ ਗੁਰਦਾਸਪੁਰ ਵਿਖੇ ਸੀ.ਐੱਮ. ਵਿੰਡੋ (ਮੁੱਖ ਮੰਤਰੀ ਸਹਾਇਤਾ ਕੇਂਦਰ) ਸਥਾਪਤ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਸੀ.ਐੱਮ. ਵਿੰਡੋ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਦੇ ਬਲਾਕ-ਬੀ ਦੇ ਕਮਰਾ ਨੰਬਰ 113 ਵਿਖੇ ਸਥਾਪਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਹਾਇਤਾ ਕੇਂਦਰ ਦਾ ਇੰਚਾਰਜ ਸੀ.ਐੱਮ. ਫੀਲਡ ਅਫ਼ਸਰ ਨੂੰ ਲਗਾਇਆ ਗਿਆ ਅਤੇ ਨਾਲ ਹੀ ਹੋਰ ਦਫ਼ਤਰੀ ਸਟਾਫ਼ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਹਾਇਤਾ ਕੇਂਦਰ ਵਿੱਚ ਪਬਲਿਕ ਦੇ ਬੈਠਣ ਦਾ, ਪੀਣ ਲਈ ਪਾਣੀ ਆਦਿ ਦਾ ਵਧੀਆ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੋ ਵੀ ਵਿਅਕਤੀ ਸੀ.ਐੱਮ. ਵਿੰਡੋ (ਮੁੱਖ ਮੰਤਰੀ ਸਹਾਇਤਾ ਕੇਂਦਰ) ਵਿਖੇ ਆਪਣੀ ਸ਼ਿਕਾਇਤ/ਦਰਖ਼ਾਸਤ ਲੈ ਕੇ ਆਵੇਗਾ ਉਨ੍ਹਾਂ ਦਾ ਮੌਕੇ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਹੜੇ ਮਸਲਿਆਂ ਦਾ ਨਿਪਟਾਰਾ ਰਾਜ ਪੱਧਰ 'ਤੇ ਹੋਣਾ ਹੈ ਉਨ੍ਹਾਂ ਬਾਰੇ ਸ਼ਿਕਾਇਤ ਦੀ ਕਾਪੀ ਅਤੇ ਡਿਪਟੀ ਕਮਿਸ਼ਨਰ ਦੀ ਤਜਵੀਜ਼ ਤਿੰਨ ਦਿਨਾਂ ਦੇ ਅੰਦਰ-ਅੰਦਰ ਮੁੱਖ ਮੰਤਰੀ ਦਫ਼ਤਰ ਅਤੇ ਸਬੰਧਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਨੂੰ ਭੇਜੀ ਜਾਵੇਗੀ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅੱਗੇ ਦੱਸਿਆ ਕਿ ਸ਼ਿਕਾਇਤ/ਦਰਖ਼ਾਸਤ ਦੇਣ ਵਾਲੇ ਵਿਅਕਤੀ



ਨੂੰ ਮੁੱਖ ਮੰਤਰੀ ਦਫ਼ਤਰ ਤੋਂ ਫੋਨ ਕਰਕੇ ਉਸਦੀ ਅਰਜ਼ੀ ਉਪਰ ਹੋ ਰਹੀ ਕਾਰਵਾਈ ਬਾਰੇ ਦੱਸਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੇ ਫੋਲੋ-ਅਪ ਲਈ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਇੱਕ ਸਾਫ਼ਟਵੇਅਰ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀ.ਐੱਮ. ਵਿੰਡੋ (ਮੁੱਖ ਮੰਤਰੀ ਸਹਾਇਤਾ ਕੇਂਦਰ) ਵੱਲੋਂ ਸਾਰੀਆਂ ਸ਼ਿਕਾਇਤਾਂ ਇਸ ਸਾਫ਼ਟਵੇਅਰ ਵਿੱਚ ਦਰਜ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਦੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਵੱਲੋਂ ਹਰ ਹਫ਼ਤੇ ਜ਼ਿਲ੍ਹੇ ਨਾਲ ਸਬੰਧਤ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਸਥਿਤੀ ਦਾ ਰੀਵਿਊ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਥਿਤੀ ਸੀ.ਐੱਮ. ਡੈਸ਼ਬੋਰਡ 'ਤੇ ਵੀ ਉਪਲੱਬਧ ਹੋਵੇਗੀ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਦੇ ਮਸਲੇ/ਦਰਖ਼ਾਸਤ ਮੁੱਖ ਮੰਤਰੀ ਦਫ਼ਤਰ ਨਾਲ ਸਬੰਧਤ ਹਨ ਤਾਂ ਉਨ੍ਹਾਂ ਨੂੰ ਹੁਣ ਚੰਡੀਗੜ੍ਹ ਜਾਣ ਦੀ ਜ਼ਰੂਰਤ ਨਹੀਂ ਹੈ, ਉਹ ਆਪਣੀ ਦਰਖ਼ਾਸਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਦੇ ਬਲਾਕ-ਬੀ ਦੇ ਕਮਰਾ ਨੰਬਰ 113 ਵਿਖੇ ਸਥਾਪਤ ਕੀਤੇ ਗਈ ਸੀ.ਐੱਮ. ਵਿੰਡੋ (ਮੁੱਖ ਮੰਤਰੀ ਸਹਾਇਤਾ ਕੇਂਦਰ) ਵਿਖੇ ਕਿਸੇ ਵੀ ਕੰਮ ਵਾਲੇ ਦਿਨ ਆ ਕੇ ਦੇ ਸਕਦੇ ਹਨ।

## ਪੰਜਾਬ ਦੇ ਜਿਲ੍ਹੇ 'ਚ ਮਾਨਸੂਨ ਦੀ ਦਸਤਕ ਨਾਲ ਹੀ ਫੈਲਣ ਲੱਗੀ ਇਹ ਬੀਮਾਰੀ

ਮੋਹਾਲੀ 6 ਜੁਲਾਈ। ਮਾਨਸੂਨ ਦੀ ਦਸਤਕ ਦੇਣ ਦੇ ਨਾਲ ਹੀ ਜ਼ਿਲ੍ਹੇ 'ਚ ਡੇਂਗੂ ਵੀ ਪੈਰ ਪਸਾਰਣ ਲੱਗਾ ਹੈ। ਮੌਜੂਦਾ ਸਮੇਂ 'ਚ ਜ਼ਿਲ੍ਹੇ 'ਚ ਡੇਂਗੂ ਦੇ 15 ਕੇਸ ਸਾਹਮਣੇ ਆ ਚੁੱਕੇ ਹਨ। ਡੇਂਗੂ ਦੇ ਵੱਧ ਰਹੇ ਮਾਮਲਿਆਂ ਨੂੰ ਦੇਖਦਿਆਂ ਸਿਹਤ ਵਿਭਾਗ ਵੱਲੋਂ ਇਸ 'ਤੇ ਕਾਬੂ ਪਾਉਣ ਲਈ ਪੂਰੀ ਤਿਆਰੀ ਕਰ ਲਈ ਗਈ ਹੈ। ਸਿਹਤ ਵਿਭਾਗ ਅਨੁਸਾਰ ਜੁਲਾਈ ਤੋਂ ਲੈ ਕੇ ਨਵੰਬਰ ਤੱਕ ਡੇਂਗੂ ਦੇ ਮਾਮਲੇ ਵੱਧਦੇ ਹਨ। ਅਜਿਹੇ 'ਚ ਜੇਕਰ ਲੋਕ ਸਾਵਧਾਨੀ ਵਰਤਣ ਤਾਂ ਡੇਂਗੂ ਦੀ ਲਪੇਟ 'ਚ ਆਉਣ ਤੋਂ ਬਚ ਸਕਦੇ ਹਨ। ਸਿਹਤ ਵਿਭਾਗ ਵੱਲੋਂ ਘਰ-ਘਰ ਜਾ ਕੇ ਡੇਂਗੂ ਦੇ ਲਾਰਵੇ ਦੀ ਜਾਂਚ ਅਤੇ ਲੋਕਾਂ ਦੀ ਜਾਂਚ ਰਨ ਲਈ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ। ਇਸ ਤੋਂ ਇਲਾਵਾ ਸਾਰੇ ਸਰਕਾਰੀ ਹਸਪਤਾਲਾਂ 'ਚ ਡੇਂਗੂ ਵਾਰਡ ਵੀ ਤਿਆਰ ਕੀਤੇ ਗਏ ਹਨ। ਜ਼ਿਲ੍ਹਾ ਐਪਿਡੇਮਿਓਲੋਜਿਸਟ ਡਾ. ਸੁਭਾਸ਼ ਕੁਮਾਰ ਨੇ ਜ਼ਿਲ੍ਹਾ ਵਾਸੀਆਂ ਨੂੰ ਡੇਂਗੂ ਦੀ ਰੋਕਥਾਮ 'ਚ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਘਰਾਂ 'ਚ ਅਤੇ ਆਲੇ-ਦੁਆਲੇ ਕਿਤੇ ਵੀ ਸਾਫ਼ ਜਾਂ ਗੰਦਾ ਪਾਣੀ ਇਕੱਠਾ ਨਾ ਹੋਣ ਦੇਣ। ਡੇਂਗੂ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਤੇ ਸਾਫ਼ ਪਾਣੀ 'ਚ ਪਲਦਾ ਹੈ। ਜੇਕਰ ਕਿਸੇ ਨੂੰ ਡੇਂਗੂ ਹੋਣ ਦਾ ਸ਼ੱਕ ਹੋਵੇ ਤਾਂ ਉਸ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਜਾ ਕੇ ਜਾਂਚ ਕਰਵਾਉਣੀ ਚਾਹੀਦੀ ਹੈ। ਸਰਕਾਰੀ ਸਿਹਤ ਸੰਸਥਾਵਾਂ 'ਚ ਡੇਂਗੂ ਦੀ ਜਾਂਚ ਅਤੇ ਇਲਾਜ ਬਿਲਕੁਲ ਮੁਫ਼ਤ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਰੀਰ ਨੂੰ ਪੂਰੀ ਤਰ੍ਹਾਂ ਢੱਕਣ ਵਾਲੇ ਕੱਪੜੇ ਪਹਿਨੋ। ਮੱਛਰਦਾਨੀ ਲਗਾ ਕੇ ਹੀ ਸੌਂਵੋ। ਦਿਨ ਵੇਲੇ ਮੱਛਰ ਭਜਾਉਣ ਵਾਲੇ ਲੋਸ਼ਨ ਜਾਂ ਤੇਲ ਦੀ ਵਰਤੋਂ ਕਰੋ। ਟੁੱਟੇ ਭਾਂਡਿਆਂ, ਪੁਰਾਣੇ ਟਾਇਰਾਂ, ਗਮਲਿਆਂ, ਫਲਵਰ ਪੋਟ ਅਤੇ ਡਰੰਮਾਂ, ਕੂਲਰਾਂ ਵਿਚ ਪਾਣੀ ਇਕੱਠਾ ਨਾ ਹੋਣ ਦਿਓ। ਟੈਂਕੀ ਵਿਚ ਪਾਣੀ ਨੂੰ ਸਮੇਂ-ਸਮੇਂ 'ਤੇ ਸਾਫ਼ ਕਰਦੇ ਰਹੋ। ਜੇਕਰ ਡੇਂਗੂ ਦੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਹਸਪਤਾਲ ਜਾ ਕੇ ਜਾਂਚ ਕਰਵਾਉਣੀ ਚਾਹੀਦੀ ਹੈ। ਸਿਹਤ ਵਿਭਾਗ ਦੇ ਯਤਨਾਂ ਸਦਕਾ ਪਿਛਲੇ ਕੁੱਝ ਸਾਲਾਂ ਤੋਂ ਡੇਂਗੂ ਦੇ ਮਾਮਲਿਆਂ ਅਤੇ ਇਸ ਬੁਖਾਰ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਹਰ ਸਾਲ ਘੱਟ ਵੇਖਣ ਨੂੰ ਮਿਲਿਆ ਹੈ। ਸਾਲ 2021 ਵਿਚ ਡੇਂਗੂ ਦੇ ਕੁੱਲ 3949 ਮਾਮਲੇ ਸਾਹਮਣੇ ਆਏ ਸਨ।

## ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

ਚੰਡੀਗੜ੍ਹ 6 ਜੁਲਾਈ। ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਮਾਲ ਹਲਕਾ ਦੌਲਤਪੁਰ, ਜ਼ਿ੍ਲ੍ਹਾ ਪਠਾਨਕੋਟ ਵਿਖੇ ਤਾਇਨਾਤ ਪਟਵਾਰੀ ਅਕਸਦੀਪ ਸਿੰਘ ਨੂੰ 4,000 ਰੁਪਏ ਰਿਸਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਜਗਜੀਤ ਸਿੰਘ ਵਾਸੀ ਪਿੰਡ ਢੱਕੀ, ਜ਼ਿ੍ਲ੍ਹਾ ਪਠਾਨਕੋਟ ਵੱਲੋਂ ਦਰਜ ਕਰਵਾਈ ਸਿ਼ਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਿ਼ਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ ਲਾਇਆ ਕਿ ਉਸਦੀ ਜੱਦੀ ਜਮੀਨ ਦਾ ਇੰਤਕਾਲ ਕਰਨ ਬਦਲੇ ਉਕਤ ਮੁਲਜਮ ਨੇ ਉਸ ਕੋਲੋਂ 4,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਇਸ ਸਿ਼ਕਾਇਤ ਦੀ ਮੁੱਢਲੀ ਤਫ਼ਤੀਸ਼ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਸਿ਼ਕਾਇਤਕਰਤਾ ਤੋਂ 4,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੁਲਜਮ ਨੂੰ ਭਲਕੇ ਅਦਾਲਤ ਵਿਚ ਪੇਸ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

## ਵਿਜੀਲੈਂਸ ਬਿਊਰੋ ਫਿਰੋਜ਼ਪੁਰ ਰੇਂਜ ਵੱਲੋਂ ਭਗੌੜਾ ਦੋਸ਼ੀ ਗ੍ਰਿਫ਼ਤਾਰ

ਫਿਰੋਜ਼ਪੁਰ 6 ਜੁਲਾਈ। ਰਾਜ ਕੁਮਾਰ ਸਾਮਾ, ਡੀ. ਐੱਸ. ਪੀ. ਵਿਜੀਲੈਂਸ ਬਿਊਰੋ, ਰੇਂਜ ਫਿਰੋਜ਼ਪੁਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁਕੱਦਮਾ ਨੰਬਰ 11 ਮਿਤੀ 21 ਮਈ 2018 ਅ/ਧ 7, 8, ਪੀਸੀ ਐਕਟ 1988 ਐਜ ਅਮੈਂਡਿਡ ਬਾਏ ਪੀਸੀ ਅਮੈਨਡਮੈਂਟ ਐਕਟ 2018 ਥਾਣਾ ਵਬ ਫਿਰੋਜ਼ਪੁਰ ਦੇ ਦੋਸ਼ੀ ਜਗਸੀਰ ਸਿੰਘ ਕਲਾਸ-4 ਵਾਰਡ ਸਰਵੈਂਟ ਸਿਵਲ ਹਸਪਤਾਲ ਫਿਰੋਜ਼ਪੁਰ ਜੋ ਕਿ ਮਾਣਯੋਗ ਅਦਾਲਤ ਕੇਵਲ ਕ੍ਰਿਸ਼ਨ ਐਡੀਸ਼ਨਲ ਸੈਸ਼ਨ ਅੱਜ ਫਿਰੋਜ਼ਪੁਰ ਵੱਲੋਂ ਮਿਤੀ 29 ਜੁਲਾਈ 2023 ਨੂੰ ਭਗੋੜਾ ਕਰਾਰ ਦਿੱਤਾ ਸੀ। ਦੋਸ਼ੀ ਜਗਸੀਰ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਦੀ ਟੀਮ ਕਾਫੀ ਅਰਸੇ ਤੋਂ ਭਾਲ ਕਰ ਰਹੀ ਸੀ, ਜੋ ਕਿ ਅੱਜ 6 ਜੁਲਾਈ 2024 ਨੂੰ ਉਕਤ ਦੋਸ਼ੀ ਜਗਸੀਰ ਸਿੰਘ ਕਲਾਸ-4 ਸਿਵਲ ਹਸਪਤਾਲ ਫਿਰੋਜ਼ਪੁਰ ਨੂੰ ਵਿਜੀਲੈਂਸ ਵੱਲੋਂ ਕਾਬੂ ਕਰਕੇ ਮਾਣਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ। ਵਿਜੀਲੈਂਸ ਬਿਊਰੋ ਰੇਂਜ ਫਿਰੋਜ਼ਪੁਰ ਦੀ ਟੀਮ ਇੰਸਪੈਕਟਰ ਮੋਹਿਤ ਧਵਨ, ਏਐੱਸਆਈ ਸਤਨਾਮ ਸਿੰਘ, ਏਐੱਸਆਈ ਕਿਸ਼ਨ ਚੰਦ, ਏਐੱਸਆਈ ਨਰਿੰਦਰਪਾਲ ਸਿੰਘ, ਮੁੱਖ ਸਿਪਾਹੀ ਗੁਰਬਾਜ ਸਿੰਘ, ਐੱਚਸੀ ਨਵਜੀਤ ਕੁਮਾਰ, ਸੀਨੀਅਰ ਸਿਪਾਹੀ ਜਤਿੰਦਰ ਸਿੰਘ, ਲੇਡੀ ਸਿਪਾਹੀ ਹਰਮਨਦੀਪ ਕੌਰ ਵੱਲੋਂ ਦੋਸ਼ੀ ਨੂੰ ਕਾਬੂ ਕੀਤਾ ਗਿਆ ਹੈ। ਜੋ ਮਾਣਯੋਗ ਅਦਾਲਤ ਵੱਲੋਂ ਉਕਤ ਦੋਸ਼ੀ ਨੂੰ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਖੇ ਭੇਜ ਦਿੱਤਾ ਗਿਆ ਹੈ।

## 6 ਮਹੀਨੇ 'ਚ ਸੇਵਾ ਕੇਂਦਰਾਂ 'ਤੇ 65295 ਸੇਵਾਵਾਂ ਕਰਵਾਈਆਂ ਗਈਆਂ ਮੁਹੱਈਆ

ਫਿਰੋਜ਼ਪੁਰ 6 ਜੁਲਾਈ। ਡੀ. ਸੀ. ਰਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ 'ਚ ਚੱਲ ਰਹੇ 26 ਸ਼ਹਿਰੀ ਅਤੇ ਪੇਂਡੂ ਸੇਵਾ ਕੇਂਦਰਾਂ ਤੇ ਇਸ ਸਾਲ ਜਨਵਰੀ ਤੋਂ ਜੂਨ ਮਹੀਨੇ ਤੱਕ ਕੁੱਲ 70056 ਅਰਜ਼ੀਆਂ ਮਿਲੀਆਂ, ਜਿਨ੍ਹਾਂ 'ਚੋਂ 65295 ਅਰਜ਼ੀਆਂ ਤੇ ਸੇਵਾਵਾਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰੀ ਇਲਾਕੇ ਦੇ 9 ਅਤੇ ਪੇਂਡੂ ਇਲਾਕੇ ਦੇ 17 ਸੇਵਾ ਕੇਂਦਰ ਚੱਲ ਰਹੇ ਹਨ। ਜਨਰਲ ਸੇਵਾਵਾਂ ਤੋਂ ਇਲਾਵਾ ਇਨ੍ਹਾਂ ਕੇਂਦਰਾਂ 'ਤੇ ਪੰਜਾਬ ਸਟੇਟ ਮਹੀਨਾਵਾਰ ਲਾਟਰੀ, ਬਸੰਤ ਪੰਚਮੀ ਲਾਟਰੀ, ਪੈਸਿਆਂ ਦਾ ਲੈਣ-ਦੇਣ, ਮੋਟਰ ਵ੍ਹੀਕਲ ਬੀਮਾ, ਡੇਂਗੂ ਬੀਮਾ, ਫੋਨ/ਡਿਸ਼ ਰੀਚਾਰਜ ਆਦਿ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

# ਰਿਹਾਇਸ਼ੀ ਪਲਾਟਾਂ ਦੀਆਂ ਰਜਿਸਟਰੀਆਂ ਦਾ ਕੰਮ ਮੁੜ ਠੱਪ

ਕਿਸ਼ਨ ਪਾਲ

ਸ਼ੇਰਪੁਰ 6 ਜੁਲਾਈ। ਸੂਬੇ 'ਚ ਕਰੀਬ 3 ਸਾਲ ਤੋਂ ਰਿਹਾਇਸ਼ੀ ਪਲਾਟਾਂ ਦੀਆਂ ਰਜਿਸਟਰੀਆਂ 'ਤੇ ਲੱਗੀ ਐੱਨ. ਓ. ਸੀ. ਦੀ ਸ਼ਰਤ ਸੂਬਾ ਸਰਕਾਰ ਨੇ ਇਸੇ ਵਰ੍ਹੇ ਫਰਵਰੀ ਮਹੀਨੇ 'ਚ ਖਤਮ ਕਰਨ ਦਾ ਐਲਾਨ ਕਰ ਦਿੱਤਾ ਸੀ ਪਰ ਹੁਣ ਤੱਕ ਇਸ ਸਬੰਧੀ ਕੋਈ ਨੋਟੀਫਿਕੇਸ਼ਨ ਨਾ ਹੋਣ ਕਾਰਨ ਲੋਕ ਖੱਜਲ ਹੋ ਰਹੇ ਹਨ। ਐੱਨ. ਜੀ. ਡੀ. ਆਰ. ਐੱਸ. ਪੋਰਟਲ 'ਚ ਨਵੀਂ ਆਪਸ਼ਨ ਕਾਰਨ ਚੋਰ-ਮੋਰੀ ਰਾਹੀਂ ਜਾਂ ਬਿਨਾਂ ਐੱਨ. ਓ. ਸੀ. ਤੋਂ ਪਿੰਡਾਂ ਸ਼ਹਿਰਾਂ ਦੀਆਂ ਰਜਿਸਟਰੀਆਂ ਦਾ ਕੰਮ ਠੱਪ ਹੋ ਗਿਆ ਹੈ। ਪੰਜਾਬ ਸਰਕਾਰ ਨੇ ਨੈਸਨਲ ਜੈਨਰਿਕ ਡਾਕੂਮੈਂਟ ਰਜਿਸਟ੍ਰੇਸਨ ਸਿਸਟਮ (ਐੱਨ. ਜੀ. ਡੀ. ਆਰ. ਐੱਸ.) ਪੋਰਟਲ 'ਚ ਨਵੀਂ ਆਪਸ਼ਨ ਕਾਰਨ ਹੁਣ ਸਿਰਫ ਸਰਕਾਰ ਤੋਂ ਮਨਜ਼ੂਰਸੁਦਾ ਕਾਲੋਨੀ ਵਿਚਲੇ ਰਿਹਾਇਸ਼ੀ ਰਕਬੇ ਦੀ ਰਜਿਸਟਰੀ ਹੋ ਸਕੇਗੀ। ਸਰਕਾਰੀ ਪੱਤਰ ਮੁਤਾਬਕ ਇਸ ਆਪਸ਼ਨ ਤੋਂ ਪਹਿਲਾਂ ਸਾਲ 1995 ਤੋਂ ਖਰੀਦ ਕੀਤੇ ਪਲਾਟ ਦੀ ਰਜਿਸਟਰੀ ਬਿਨਾਂ ਐੱਨ. ਓ. ਸੀ. ਤੋਂ ਕੀਤੀ ਜਾ ਸਕਦੀ ਸੀ ਪਰ ਇਸ ਨਵੀਂ ਆਪਸ਼ਨ ਨੇ ਇਹ ਰਾਹਤ ਵੀ ਬੰਦ ਕਰ ਦਿੱਤੀ ਹੈ। ਮਾਲ ਅਧਿਕਾਰੀਆਂ ਦੀ ਮੰਨੀਏ ਤਾਂ ਇਸ ਆਪਸ਼ਨ ਕਾਰਨ ਹੁਣ ਪਿੰਡਾਂ ਅਤੇ ਸ਼ਹਿਰਾਂ 'ਚ ਕਿਸੇ ਵੀ ਰਿਹਾਇਸ਼ੀ ਪਲਾਟ, ਕੋਠੀ, ਮਕਾਨ, ਦੁਕਾਨ ਦੀ ਰਜਿਸਟਰੀ ਨਹੀਂ ਹੋ ਸਕਦੀ। ਸੂਬੇ 'ਚ ਕਈ ਕਾਲੋਨਾਈਜ਼ਰਾਂ ਨੇ ਕਰੀਬ 30 ਸਾਲ ਪਹਿਲਾਂ ਸਸਤੀ ਖੇਤੀ ਵਾਲੀਆਂ ਜ਼ਮੀਨਾਂ ਖਰੀਦ ਕੇ ਅਣ-ਅਧਿਕਾਰਤ ਕਾਲੋਨੀਆਂ ਉਸਾਰ ਦਿੱਤੀਆਂ ਸਨ। ਇਨ੍ਹਾਂ ਅਣ-ਅਧਿਕਾਰਤ ਕਾਲੋਨੀਆਂ 'ਚ ਸ਼ਹਿਰੀ ਸੰਸਥਾਵਾਂ ਵੱਲੋਂ ਪਾਣੀ, ਸੀਵਰੇਜ, ਸੜਕਾਂ ਦੀ ਸਹੂਲਤ ਵੀ ਦਿੱਤੀ ਜਾ ਰਹੀ ਹੈ। ਤਹਿਸੀਲਾਂ 'ਚ ਪਿੰਡਾਂ ਤੇ ਸ਼ਹਿਰਾਂ 'ਚ 50 ਸਾਲ ਜਾਂ ਹੋਰ ਪੁਰਾਣੀ ਆਬਾਦੀ 'ਚ ਲਾਲ ਲਕੀਰ ਆਦਿ ਰਿਹਾਇਸ਼ੀ ਖੇਤਰ ਦੀਆਂ ਰਜਿਸਟਰੀਆਂ ਵੀ ਮਾਲ ਅਧਿਕਾਰੀਆਂ ਵੱਲੋਂ



ਬੰਦ ਕਰ ਦੇਣ ਨਾਲ ਲੋਕ ਤਹਿਸੀਲਾਂ 'ਚ ਖੱਜਲ ਹੋ ਰਹੇ ਹਨ। ਸਰਕਾਰ ਨੇ ਹੁਣ ਰਿਹਾਇਸ਼ੀ ਖੇਤਰ ਦੀ ਰਜਿਸਟਰੀ ਲਈ ਕਾਲੋਨੀ ਦਾ ਲਾਇਸੈਂਸ ਨੰਬਰ ਅਪਲੋਡ ਕਰਨਾ ਲਾਜਮੀ ਕਰ ਦਿੱਤਾ ਹੈ ਪਰ ਜਿਨ੍ਹਾਂ ਨੇ ਗੈਰ-ਕਾਨੂੰਨੀ ਕਾਲੋਨੀਆਂ ਜਾਂ ਪੁਰਾਣੀਆਂ ਰਿਹਾਇਸੀ ਅਤੇ ਵਪਾਰਕ ਜਾਇਦਾਦਾਂ ਖਰੀਦੀਆਂ ਹਨ ਜਾਂ ਪੁੱਡਾ ਐਕਟ ਸਾਲ 1995 ਤੋਂ ਪਹਿਲਾਂ ਰਿਹਾਇਸੀ ਜਾਂ ਵਪਾਰਕ ਜਾਇਦਾਦਾਂ ਖਰੀਦੀਆਂ ਹਨ ਤਾਂ ਉਨ੍ਹਾਂ 'ਚ ਕਾਲੋਨਾਈਜਰ ਦਾ ਲਾਇਸੈਂਸ ਤੇ ਰਜਿਸਟ੍ਰੇਸਨ ਕਿਵੇਂ ਭਰਿਆ ਜਾਵੇਗਾ, ਜਿਸ ਕਾਰਨ ਅਜਿਹੀਆਂ ਜਾਇਦਾਦਾਂ ਦੇ ਵੇਚਣ 'ਤੇ ਖਰੀਦਦਾਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੱਸਣਾ ਬਣਦਾ ਹੈ ਕਿ ਸਰਕਾਰ ਨੇ ਫਰਵਰੀ 'ਚ ਐੱਨ. ਓ. ਸੀ. ਦੀ ਸ਼ਰਤ ਖਤਮ ਕਰਨ ਦਾ ਐਲਾਨ ਕੀਤਾ ਸੀ। ਹੁਣ ਤੱਕ ਇਸ ਸਬੰਧੀ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ ਅਤੇ ਹੁਣ ਪੋਰਟਲ 'ਚ ਨਵੀਂ ਆਪਸ਼ਨ ਕਾਰਨ ਲੋਕਾਂ 'ਚ ਹਾਹਾਕਾਰ ਮੱਚ ਗਈ ਹੈ। ਹੁਣ ਕਿਸੇ ਵੀ ਰਿਹਾਇਸ਼ੀ ਜਾਇਦਾਦ ਦੀ ਰਜਿਸਟਰੀ ਲਈ ਮਨਜ਼ੂਰਸੁਦਾ ਕਾਲੋਨੀ ਦਾ ਲਾਇਸੈਂਸ ਨੰਬਰ, ਟੀ. ਐੱਸ. ਨੰਬਰ ਆਦਿ ਜਾਣਕਾਰੀ ਦੇਣ ਤੋਂ ਇਲਾਵਾ, ਲਾਇਸੈਂਸ ਜਾਰੀ ਕਰਨ ਦੀ ਮਿਤੀ, ਕਾਲੋਨੀ ਦਾ ਨਾਮ ਅਤੇ ਕਾਲੋਨਾਈਜਰ ਦਾ ਪੈਨ ਨੰਬਰ ਵਰਗੀ ਜਾਣਕਾਰੀ ਦੇਣੀ ਪਵੇਗੀ।

## ਜਹਿਰੀਲੀ ਵਸਤੂ ਨਿਗਲਣ ਨਾਲ ਨੌਜਵਾਨ ਕਿਸਾਨ ਦੀ ਮੌਤ

ਸਮਾਣਾ 6 ਜੁਲਾਈ। ਪਿੰਡ ਬਿਸ਼ਨਪੁਰਾ ਵਿਖੇ 30 ਸਾਲਾ ਨੌਜਵਾਨ ਕਿਸਾਨ ਵੱਲੋਂ ਜ਼ਹਿਰੀਲੀ ਵਸਤੂ ਨਿਗਲ ਲੈਣ ਕਾਰਨ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਸ ਦੇ ਸਬ ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਵਿਕਰਮਜੀਤ ਸਿੰਘ (30) ਵਾਸੀਲ ਪਿੰਡ ਬਿਸ਼ਨਪੁਰਾ ਦੇ ਪਿਤਾ ਬਲਬੀਰ ਸਿੰਘ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਪੁੱਤਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਦੁਪਹਿਰ ਸਮੇਂ ਉਸ ਨੇ ਆਪਣੇ ਖੇਤ ਵਿਚ ਕੋਈ ਜਹਿਰੀਲੀ ਵਸਤੂ ਨਿਗਲ ਲਈ। ਗੰਭੀਰ ਹਾਲਤ ਵਿਚ ਉਸ ਨੂੰ ਇਲਾਜ ਲਈ ਪਟਿਆਲਾ ਲਿਜਾਇਆ ਗਿਆ

## ਵਿਆਹਤਾ ਨਾਲ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਪ੍ਰੇਮੀ ਨੇ ਬਣਾਏ ਸੰਬੰਧ

ਮੁੱਲਾਂਪੁਰ ਦਾਖਾ 6 ਜੁਲਾਈ। ਥਾਣਾ ਦਾਖਾ ਅਧੀਨ ਪੈਂਦੇ ਇਕ ਪਿੰਡ ਦੀ ਵਿਆਹੁਤਾ ਜੋ ਆਪਣੇ ਪਤੀ ਤੋਂ ਵੱਖ ਰਹਿ ਰਹੀ ਸੀ ਦੀ ਗੁਰਸੇਵਕ ਸਿੰਘ ਵਾਸੀ ਪਿੰਡ ਬਿਲਾਸਪੁਰ ਨਾਲ ਦੋਸਤੀ ਹੋ ਗਈ ਅਤੇ ਇਸੇ ਪ੍ਰੇਮ ਸੰਬੰਧਾਂ ਦੀ ਆੜ ਵਿਚ ਉਹ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਸਰੀਰਕ ਸੰਬੰਧ ਬਣਾਉਂਦਾ ਰਿਹਾ ਅਤੇ ਗਰਭਵਤੀ ਹੋਣ ਦੀ ਦਵਾਈ ਵੀ ਦਿਵਾਉਂਦਾ ਰਿਹਾ। ਇਸ ਦੇ ਚੱਲਦੇ ਹੁਣ ਉਸ ਦੇ ਪੇਟ ਵਿਚ ਦਰਦ ਹੋਣਾ ਸ਼ੁਰੂ ਹੋ ਗਿਆ ਤਾਂ ਉਸ ਨੇ ਉਕਤ ਨੂੰ ਵਿਆਹ ਕਰਵਾਉਣ ਲਈ ਕਿਹਾ ਜਿਸ ਤੋਂ ਬਾਅਦ ਉਹ ਵਿਆਹ ਤੋਂ ਮੁਕਰ ਗਿਆ ਅਤੇ 'ਤੇ ਫਰਾਰ ਹੋ ਗਿਆ।

# ਹੜ੍ਹਾਂ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਪੱਬਾ ਭਾਰ, ਖਿੱਚੀ ਇਹ ਤਿਆਰੀ

ਏਜੰਸੀਆਂ

ਨੂਰਪੁਰ ਬੇਦੀ 6 ਜੁਲਾਈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡਾ. ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਰੂਪਨਗਰ ਦੀ ਅਗਵਾਈ ਵਿੱਚ ਪ੍ਰਸ਼ਾਸ਼ਨ ਹੜ੍ਹ ਰੋਕੂ ਪ੍ਰਬੰਧਾਂ ਦੀਆਂ ਅਗਾਓ ਤਿਆਰੀਆਂ ਲਈ ਪੱਬਾ ਭਾਰ ਹੈ। ਦਰਿਆਵਾਂ, ਨਹਿਰਾਂ ਦੇ ਕੰਢਿਆਂ ਨੂੰ ਮਜਬੂਤ ਕਰਨ ਦੇ ਨਾਲ-ਨਾਲ ਜਿਹੜੇ ਪਿੰਡ ਪਿਛਲੇ ਸਮੇ ਦੌਰਾਨ ਹੜ੍ਹ ਦੀ ਮਾਰ ਹੇਠ ਆਏ ਹਨ, ਉਨ੍ਹਾਂ ਨੂੰ ਸੁਰੱਖਿਅਤ ਕਰਨ ਲਈ ਵੱਖ-ਵੱਖ ਵਿਭਾਗ ਪਿਛਲੇ ਕਾਫੀ ਸਮੇਂ ਤੋਂ ਲਗਾਤਾਰ ਵਿਆਪਕ ਪ੍ਰਬੰਧ ਕਰ ਰਹੇ ਹਨ। ਰਾਜਪਾਲ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਮਹਿੰਦਲੀ ਕਲਾਂ, ਬੁਰਜ਼, ਸ਼ਾਹਪੁਰ ਬੇਲਾ, ਰਾਏਪੁਰ, ਸੰਗਤਪੁਰ, ਝੱਜ, ਚੰਦਪੁਰ ਪਿੰਡਾਂ ਦਾ ਦੌਰਾ ਕੀਤਾ ਅਤੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਹੜ੍ਹ ਤੋਂ ਬਚਾਅ ਲਈ ਸੁਚਾਰੂ ਪ੍ਰਬੰਧ ਕਰ ਰਹੇ ਹਾਂ, ਡੰਗੇ ਲਗਾਏ ਜਾ ਰਹੇ ਹਨ, ਰਿਵਰਟਮੈਂਟ ਨਾਲ ਇਲਾਕੇ ਦੇ ਪਿੰਡਾ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਪ੍ਰਬੰਧ ਕੀਤੇ ਹਨ ਅਤੇ ਇਸ ਰਿਵਰਟਮੈਂਟ ਦੀ ਕੁੱਲ ਲੰਬਾਈ 1900 ਫੁੱਟ ਹੈ ਅਤੇ ਇਸ ਦੀਆਂ 3 ਲੇਅਰਾਂ (12,10,8 ਫੁੱਟ) ਦੀਆਂ ਲਗਾਈਆਂ ਗਈਆਂ ਹਨ ਅਤੇ ਉਚਾਈ ਬੇਸ ਤੋਂ 12 ਫੁੱਟ ਹੈ। ਇਸ ਰਿਵਰਟਮੈਂਟ ਨਾਲ ਲੱਗਦੇ ਪਿੰਡ ਹਰੀਵਾਲ, ਬੱਲੋਵਾਲ ਅਤੇ ਕੁਝ ਘਰ ਚੰਦਪੁਰ ਸ੍ਰੀ ਅਨੰਦਪੁਰ ਸਾਹਿਬ ਨੂੰ ਹੜ੍ਹਾਂ ਦੀ ਮਾਰ ਬਚਾ ਰਹੇ ਹਾਂ। ਉਨ੍ਹਾਂ ਨੇ ਦੱਸਿਆ ਕਿ ਪਿੰਡ ਬੁਰਜ ਵਿਖੇ ਰਿਵਰਟਮੈਂਟ ਦੇ ਕੰਮ 100 ਫੀਸਦੀ ਮੁਕੰਮਲ ਹੋ ਚੁੱਕਾ ਹੈ। ਦਰਿਆ ਸਤਲੁਜ ਦੇ ਨਾਲ ਲੱਗਦੇ ਇਸ ਪਿੰਡ ਲਈ 530 ਫੁੱਟ ਦੀ ਰਿਵਰਟਮੈਂਟ ਲਗਾਈ ਗਈ ਹੈ, ਕਿਉਂਕਿ ਪਿਛਲੇ ਸਾਲ ਪਾੜ ਪੈਣ ਕਾਰਣ ਇਹ ਪਿੰਡ ਹੜ੍ਹਾਂ ਦੀ ਮਾਰ ਨਾਲ ਪ੍ਰਭਾਵਿਤ ਹੋਇਆ ਸੀ। ਉਨ੍ਹਾਂ ਨੇ ਦੱਸਿਆ ਕਿ ਇਸ ਰਿਵਰਟਮੈਂਟ ਦੀ ਕੁੱਲ ਲੰਬਾਈ 530 ਫੁੱਟ ਹੈ ਅਤੇ ਇਸ ਦੀਆਂ 3 ਲੇਅਰਾਂ (12,10,8 ਫੁੱਟ) ਦੀਆਂ ਲਗਾਈਆਂ ਗਈਆਂ ਹਨ ਅਤੇ ਉਚਾਈ ਬੇਸ ਤੋਂ 12 ਫੁੱਟ ਹੈ। ਇਸ ਰਿਵਰਟਮੈਂਟ ਨਾਲ ਲੱਗਦੇ ਪਿੰਡਾਂ ਗੋਬਿੰਦਪੁਰ ਬੇਲਾ, ਅਮਰਪੁਰ ਬੇਲਾ ਅਤੇ ਕੁੱਝ ਪਿੰਡ ਖੱਬੇ ਪਾਸੇ ਚੰਦਪੁਰ ਦੇ ਹਨ, ਜਿਨ੍ਹਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਦੇ ਪ੍ਰਬੰਧ ਕੀਤੇ ਹਨ। ਐੱਸ. ਡੀ. ਐੱਮ. ਨੇ ਦੱਸਿਆ ਕਿ ਸ਼ਾਹਪੁਰ ਬੇਲਾ, ਨੂਰਪੁਰ ਬੇਦੀ-ਪਿੰਡ ਬੁਰਜ ਵਿਖੇ ਰਿਵਰਟਮੈਂਟ ਦੇ ਹੋਏ ਕੰਮ ਦਾ ਜਾਇਜਾ ਲੈਣ ਪਹੁੰਚੇ ਹਾਂ ਅਤੇ ਕੰਮ 90 ਫੀਸਦੀ ਮੁਕੰਮਲ ਹੋ ਚੁੱਕਾ ਹੈ। ਇਸ ਪਿੰਡ ਲਈ 400 ਫੁੱਟ ਦੀ ਰਿਵਰਟਮੈਂਟ ਲਗਾਈ ਗਈ ਹੈ, ਕਿਉਂਕਿ ਪਿਛਲੇ ਸਾਲ ਪਾੜ੍ਹ ਪੈਣ ਕਾਰਣ ਇਹ ਪਿੰਡ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਇਸ ਰਿਵਰਟਮੈਂਟ ਦੀ ਕੁੱਲ੍ਹ ਲੰਬਾਈ 400 ਫੁੱਟ ਹੈ ਅਤੇ ਇਸ ਦੀਆਂ 2 ਲੇਅਰਾਂ (10-12) ਦੀਆਂ ਲਗਾਈਆਂ ਗਈਆਂ ਹਨ ਅਤੇ



ਉੱਚਾਈ ਬੇਸ ਤੋਂ 7 ਫੁੱਟ ਹੈ ਉਨ੍ਹਾਂ ਨੇ ਦੱਸਿਆ ਕਿ ਇਸ ਵਾਰ ਹੜ੍ਹਾਂ ਤੋ ਬਚਾਅ ਲਈ ਇਹ ਅਗਾਓ ਪ੍ਰਬੰਧ ਕੀਤੇ ਗਏ ਹਨ। ਐਸ.ਡੀ.ਐਮ ਨੇ ਹੋਰ ਦੱਸਿਆ ਕਿ ਰਾਏਪੁਰ, ਸੰਗਤਪੁਰ, ਝੱਜ- ਪਿੰਡ ਰਾਏਪੁਰ-ਝੱਜ ਵਿਖੇ ਪਿਛਲੇ ਸਮੇ ਦੌਰਾਨ ਆਏ ਹੜ੍ਹ ਕਾਰਨ ਪਿੰਡ ਰਾਏਪੁਰ 2 ਥਾਵਾਂ ਦੇ ਨਾਲ ਲੱਗਦੀ ਉਸਾਰੀਆਂ ਨੂੰ ਖੋਰਾ ਪਾਇਆ ਗਿਆ ਹੈ, ਜਿਸ ਦਾ ਡਿੱਗਣ ਦਾ ਖਦਸ਼ਾ ਸੀ। ਜਿਸ ਨੂੰ ਨਜਿੱਠਣ ਲਈ 450 ਫੁੱਟ ਅਤੇ 250 ਫੁੱਟ ਰਿਵਰਟਮੈਂਟ ਦਾ 100 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਇਸ ਰਿਵਰਟਮੈਂਟ ਦੀਆਂ 2 ਲੇਅਰਾਂ ਬਣਾਈਆਂ ਗਈਆਂ ਹਨ, ਪਹਿਲੀ ਲੇਅਰ 15084 ਅਤੇ ਦੂਜੀ ਲੇਅਰ 15064 ਹੈ। ਇਸ ਤੋਂ ਇਲਾਵਾ ਬਰਸਾਤੀ ਪਾਣੀ ਦੇ ਵਹਾਅ ਨੂੰ ਰੋਕਣ ਲਈ ਮਗਨਰੇਗਾ ਅਧੀਨ ਡਰੇਨ ਦੀ ਸਫਾਈ ਦਾ ਕੰਮ ਕਰਵਾਇਆ ਜਾ ਰਿਹਾ ਹੈ ਜੋ ਕਿ ਬਰਸਾਤ ਸੁਰੂ ਹੋਣ ਤੋਂ ਪਹਿਲਾ-ਪਹਿਲਾ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਪਿੰਡ ਚੰਦਪੁਰ ਸ੍ਰੀ ਅਨੰਦਪੁਰ ਸਹਿਬ ਵਿਖੇ ਸਤਲੁਜ ਦਰਿਆ ਦੇ ਨਾਲ-ਨਾਲ ਰਿਵਰਟਮੈਂਟ ਦਾ ਕੰਮ ਕਰਵਾਇਆ ਜਾ ਰਿਹਾ ਹੈ। ਇਸ ਰਿਵਰਟਮੈਂਟ ਦੀਆਂ ਕੁੱਲ 4 ਲੇਅਰਾ ਬਣਾਈਆਂ ਗਈਆਂ ਹਨ, ਜਿਨ੍ਹਾਂ ਦੀ ਕੁੱਲ ਲੰਬਾਈ, ਚੌੜਾਈ ਅਤੇ ਉੱਚਾਈ 644 ਦੀ ਹੈ। ਇਸ ਰਿਵਰਟਮੈਂਟ ਦੀ ਕੁੱਲ ਲੰਬਾਈ 1100 ਫੁੱਟ ਹੈ। ਉਨ੍ਹਾਂ ਦੱਸਿਆ ਕਿ ਅਗਾਓ ਪ੍ਰਬੰਧ ਕਰਕੇ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਲਈ ਢੁਕਵੇ ਪ੍ਰਬੰਧ ਕੀਤੇ ਗਏ ਹਨ।

# ਨਗਰ ਨਿਗਮ 'ਚ ਸੁਪਰ ਸਕਸ਼ਨ ਮਸ਼ੀਨਾਂ ਦੇ ਨਾਂ 'ਤੇ ਹੋ ਗਿਆ ਕਰੋੜਾਂ ਦਾ ਘਪਲਾ, ਸੀਵਰੇਜ ਸਮੱਸਿਆ ਬਰਕਰਾਰ

ਏਜੰਸੀਆਂ

ਜਲੰਧਰ 6 ਜੁਲਾਈ। ਨਗਰ ਨਿਗਮ ਜਲੰਧਰ ਨੇ ਪਿਛਲੇ 8-10 ਸਾਲਾਂ ਦੌਰਾਨ ਸੁਪਰ ਸਕਸ਼ਨ ਮਸ਼ੀਨਾਂ ਨਾਲ ਸੀਵਰ ਲਾਈਨਾਂ ਦੀ ਸਫਾਈ ਦੇ ਕੰਮ 'ਤੇ ਕਰੋੜਾਂ ਰੁਪਏ ਖਰਚੇ ਪਰ ਇਹ ਸਭ ਇਕ ਘਪਲਾ ਜਿਹਾ ਸਾਬਿਤ ਹੋਇਆ ਕਿਉਂਕਿ ਅੱਜ ਵੀ ਸ਼ਹਿਰ ਵਿਚ ਜਗ੍ਹਾ-ਜਗ੍ਹਾ ਸੀਵਰੇਜ ਦੀ ਸਮੱਸਿਆ ਬਰਕਰਾਰ ਹੈ। ਸਭ ਤੋਂ ਜ਼ਿਆਦਾ ਸਮੱਸਿਆ ਵੈਸਟ ਵਿਧਾਨ ਸਭਾ ਹਲਕੇ ਤੋਂ ਆ ਰਹੀ ਹੈ, ਜਿੱਥੇ ਕਈ ਮੁਹੱਲਿਆਂ ਵਿਚ ਗੰਦਾ ਪਾਣੀ ਅਕਸਰ ਖੜ੍ਹਾ ਰਹਿੰਦਾ ਹੈ। ਇਨ੍ਹੀਂ ਦਿਨੀਂ ਨਿਗਮ ਨੇ ਆਪਣੀ ਸਾਰੀ ਮਸ਼ੀਨਰੀ ਵੈਸਟ ਵਿਧਾਨ ਸਭਾ ਹਲਕੇ ਵਿਚ ਝੋਕੀ ਹੋਈ ਹੈ ਪਰ ਫਿਰ ਵੀ ਨਿਗਮ ਦੀ ਕਾਰਜਪ੍ਰਣਾਲੀ ਤੋਂ ਲੋਕ ਖੁਸ਼ ਨਹੀਂ ਹਨ। ਕੁਝ ਦਿਨ ਪਹਿਲਾਂ ਹੋਈ ਬਰਸਾਤ ਕਾਰਨ ਕਈ ਗਲੀਆਂ ਵਿਚ ਪਾਣੀ ਭਰ ਗਿਆ, ਜਿਸ ਤੋਂ ਸਪੱਸ਼ਟ ਹੈ ਕਿ ਅਜੇ ਵੀ ਸੀਵਰ ਅਤੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਬਰਕਰਾਰ ਹੈ। ਵੈਸਟ ਹਲਕੇ ਦੀ ਹਾਲਤ ਤੋਂ ਸਾਫ ਲੱਗ ਰਿਹਾ ਹੈ ਕਿ ਜਿਹੜੇ ਇਲਾਕਿਆਂ ਵਿਚ ਸੁਪਰ ਸਕਸ਼ਨ ਮਸ਼ੀਨਾਂ ਨਾਲ ਸੀਵਰ ਲਾਈਨਾਂ ਦੀ ਸਫਾਈ ਵੀ ਹੋਈ ਹੈ, ਉਥੇ ਵੀ ਹਾਲਾਤ ਨਹੀਂ ਬਦਲੇ। ਹੁਣ ਤਾਂ ਨਗਰ ਨਿਗਮ ਕੋਲ ਆਪਣੀਆਂ ਵੀ ਸੁਪਰ ਸਕਸ਼ਨ ਮਸ਼ੀਨਾਂ ਹਨ ਪਰ ਉਨ੍ਹਾਂ ਨੂੰ ਚਲਾਉਣ ਵਿਚ ਵੀ ਲਾਪ੍ਰਵਾਹੀ ਵਰਤੀ ਜਾ ਰਹੀ ਹੈ। ਇਸਦਾ ਅਸਰ ਇਹ ਹੋ ਰਿਹਾ ਹੈ ਕਿ ਥੋੜ੍ਹੀ ਜਿਹੀ ਬਰਸਾਤ ਵਿਚ ਸ਼ਹਿਰ ਡੁੱਬਣ ਲੱਗਾ ਹੈ। ਪਤਾ ਲੱਗਾ ਹੈ ਕਿ ਨਿਗਮ ਕਮਿਸ਼ਨਰ ਨੇ ਵੀ ਬੀਤੇਂ ਦਨੀਂ ਇਕ ਮੀਟਿੰਗ ਦੌਰਾਨ ਓ. ਐਂਡ ਐੱਮ. ਸੈੱਲ ਦੀ ਕਾਰਜਪ੍ਰਣਾਲੀ 'ਤੇ ਰੋਸ ਪ੍ਰਗਟ ਕੀਤਾ। ਪਿਛਲੇ ਕਾਫੀ ਸਮੇਂ ਤੋਂ ਜਲੰਧਰ ਨਿਗਮ ਦਾ ਸਿਸਟਮ ਲਗਾਤਾਰ ਗਿਰਾਵਟ ਵੱਲ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਆਇਆਂ ਵੀ 2 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਇਸ ਪਾਰਟੀ ਤੋਂ ਵੀ ਜਲੰਧਰ ਨਿਗਮ ਦੇ ਹਾਲਾਤ ਸੁਧਰ ਨਹੀਂ ਰਹੇ। ਜਲੰਧਰ ਨਿਗਮ ਵਿਚ ਓ. ਐਂਡ ਐੱਮ. ਸੈੱਲ ਦੇ ਜ਼ਿੰਮੇ ਸ਼ਹਿਰ ਦੀ ਸੀਵਰੇਜ ਅਤੇ ਵਾਟਰ ਸਪਲਾਈ ਵਿਵਸਥਾ ਦੀ ਜ਼ਿੰਮੇਵਾਰੀ ਹੈ ਪਰ ਇਸ ਵਿਭਾਗ ਦੇ ਅਧਿਕਾਰੀ ਸਭ ਤੋਂ ਜ਼ਿਆਦਾ ਲਾਪ੍ਰਵਾਹ ਅਤੇ ਨਾਲਾਇਕ ਹਨ। ਇਸ ਵਿਭਾਗ ਨੇ ਅੱਜ ਤਕ ਬੰਦ ਸੀਵਰ ਲਾਈਨਾਂ ਦੀ ਸਫਾਈ ਲਈ ਕੋਈ ਸਪੈਸ਼ਲ ਮੁਹਿੰਮ ਨਹੀਂ ਛੇੜੀ ਅਤੇ ਨਾ ਹੀ ਸੜਕ ਕੰਢੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਰੋਡ-ਗਲੀਆਂ ਦੀ ਸਫਾਈ ਆਦਿ ਹੀ ਕਰਵਾਈ ਹੈ। ਸਿਰਫ ਫੋਟੋ ਖਿੱਚਵਾਉਣ ਲਈ ਕੁਝ




ਜਗ੍ਹਾ ਰੋਡ-ਗਲੀਆਂ ਦੀ ਸਫਾਈ ਹੋਈ ਪਰ ਉਨ੍ਹਾਂ ਦੀ ਗਾਰ ਵੀ ਦੋਬਾਰਾ ਉਨ੍ਹਾਂ ਲਾਈਨਾਂ ਵਿਚ ਚਲੀ ਗਈ ਕਿਉਂਕਿ ਗਾਰ ਨੂੰ ਚੁੱਕਿਆ ਹੀ ਨਹੀਂ ਗਿਆ। ਕਿਉਂਕਿ ਓ. ਐਂਡ ਐੱਮ. ਸੈੱਲ ਦੇ ਵਧੇਰੇ ਅਧਿਕਾਰੀ ਦੂਜੇ ਸ਼ਹਿਰਾਂ ਤੋਂ ਆਉਂਦੇ ਹਨ, ਇਸ ਲਈ ਅਜਿਹੇ ਅਧਿਕਰੀ ਜਲੰਧਰ ਦੀ ਦਸ਼ਾ ਨੂੰ ਲੈ ਕੇ ਬੇਪ੍ਰਵਾਹ ਬਣੇ ਹੋਏ ਹਨ। ਇਸ ਸੈੱਲ ਕੋਲ ਰੈਗੂਲਰ ਐੱਸ. ਈ. ਹੀ ਨਹੀਂ ਹੈ ਅਤੇ ਸਿਵਲ ਇੰਜੀਨੀਅਰ ਕੋਲ ਚਾਰਜ ਹੈ। ਹਾਲ ਹੀ ਵਿਚ ਪ੍ਰੀ-ਮਾਨਸੂਨ ਦੀ ਪਹਿਲੀ ਬਰਸਾਤ ਨੇ ਪੂਰੇ ਸ਼ਹਿਰ ਨੂੰ ਡੁਬੋ ਕੇ ਰੱਖ ਦਿੱਤਾ। ਉਦੋਂ ਸ਼ਹਿਰ ਦੇ ਜੋ ਹਾਲ ਬਦਹਾਲ ਹੋਏ, ਉਸ ਤੋਂ ਇਕ ਗੱਲ ਪੱਕੀ ਲੱਗ ਰਹੀ ਹੈ ਕਿ ਆਉਣ ਵਾਲੇ ਬਰਸਾਤੀ ਸੀਜਨ ਵਿਚ ਜਲੰਧਰ ਦੇ ਹਾਲਾਤ ਇਸ ਤੋਂ ਬੁਰੇ ਹੋਣਗੇ, ਜਿਸ ਦੇ ਲਈ ਸ਼ਹਿਰ ਨਿਵਾਸੀਆਂ ਨੂੰ ਤਿਆਰ ਰਹਿਣਾ ਹੋਵੇਗਾ। ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਸਰਕਾਰੀ ਦਫਤਰਾਂ 'ਤੇ ਸ਼ਿਕੰਜਾ ਕੱਸਣ ਦਾ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ ਪਰ ਜਲੰਧਰ ਨਿਗਮਾਂ ਵਚ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਜ਼ਿਆਦਾ ਦਖਲ ਦੇਖਣ ਨੂੰ ਨਹੀਂ ਮਿਲ ਰਿਹਾ। ਨਗਰ ਨਿਗਮ ਜਲੰਧਰ ਦੇ ਅਧਿਕਾਰੀ ਅੱਜ ਵੀ ਗੰਦੇ ਪਾਣੀ ਅਤੇ ਪਾਣੀ ਦੀ ਘਾਟ ਵਰਗੀਆਂ ਜਰੂਰੀ ਸ਼ਿਕਾਇਤਾਂ ਵੱਲ ਧਿਆਨ ਨਹੀਂ ਦੇ ਰਹੇ। ਵਧੇਰੇ ਨਿਗਮ ਅਧਿਕਾਰੀਆਂ ਨੂੰ ਸ਼ਹਿਰ ਦੀਆਂ ਮੁੱਢਲੀਆਂ ਸਮੱਸਿਆਵਾਂ ਬਾਰੇ ਪਤਾ ਹੀ ਨਹੀਂ ਹੈ, ਜਿਸ ਕਾਰਨ ਲੋਕ ਸੀਵਰੇਜ ਅਤੇ ਗੰਦੇ ਪਾਣੀ ਦੇ ਨਾਲ-ਨਾਲ ਪਾਣੀ ਦੀ ਘਾਟ ਦੀ ਸਮੱਸਿਆ ਵੀ ਝੱਲ ਰਹੇ ਹਨ। ਭਾਵੇਂ ਨਿਗਮ ਕਮਿਸ਼ਨਰ ਗੌਤਮ ਜੈਨ ਨੇ ਸਫਾਈ ਦੇ ਮਾਮਲੇ ਵਿਚ ਨਿਗਮ ਅਧਿਕਾਰੀਆਂ ਦੀ ਡਿਊਟੀ ਫਿਕਸ ਕੀਤੀ ਹੋਈ ਹੈ ਪਰ ਇਸ ਸਮੇਂ ਫਿਰ ਸ਼ਹਿਰ ਵਿਚ ਸਾਫ-ਸਫਾਈ ਦੇ ਹਾਲਾਤ ਵਿਗੜਨੇ ਸ਼ੁਰੂ ਹੋ ਗਏ ਹਨ। ਸਮਾਰਟ ਸਿਟੀ ਦੇ ਲੱਗਭਗ 20-22 ਕਰੋੜ ਰੁਪਏ ਖਰਚ ਕਰਕੇ ਤਤਕਾਲੀ ਵਿਧਾਇਕ ਸੁਸ਼ੀਲ ਰਿੰਕੂ ਨੇ 120 ਫੁੱਟੀ ਰੋਡ 'ਤੇ ਸਟਾਰਮ ਵਾਟਰ ਸੀਵਰ ਪ੍ਰਾਜੈਕਟ ਲੁਆਇਆ ਸੀ, ਜਿਸ ਤੋਂ ਬਾਅਦ ਇਸ ਇਲਾਕੇ ਵਿਚੋਂ ਬਰਸਾਤੀ ਪਾਣੀ ਦੀ ਸਮੱਸਿਆ ਦੂਰ ਹੋਈ ਸੀ। ਹੌਲੀ-ਹੌਲੀ ਨਗਰ ਨਿਗਮ ਨੇ 120 ਫੁੱਟੀ ਰੋਡ ਦੀ ਸਫਾਈ ਨੂੰ ਬਿਲਕੁਲ ਹੀ ਬੰਦ ਕਰ ਦਿੱਤਾ, ਜਿਸ ਕਾਰਨ ਮੇਨ ਸੜਕ ਦੇ ਕੰਢੇ ਮਿੱਟੀ ਜਮ੍ਹਾ ਹੋ ਗਈ ਸੀ। ਸਟਾਰਮ ਵਾਟਰ ਸੀਵਰ ਦੇ ਸਾਰੇ ਨਿਕਾਸੀ ਪੁਆਇੰਟ ਕੂੜੇ ਨਾਲ ਭਰ ਗਏ ਸਨ। ਹੁਣ ਚੋਣਾਂ ਕਾਰਨ ਸਫਾਈ ਤਾਂ ਹੋ ਰਹੀ ਹੈ ਪਰ ਲੋਕਾਂ ਦਾ ਕਹਿਣਾ ਹੈ ਕਿ ਇਹ ਸਫਾਈ ਚੋਣਾਂ ਤੋਂ ਬਾਅਦ ਜਾਰੀ ਨਹੀਂ ਰਹੇਗੀ।